# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 221 Tuesday, November 19, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit. And who is 49 years old or younger. By contributing in an RDSP Plan he/she may be eligible to receive up to$90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER 647-970-7374
www.HardeepSivia.com


# ਐੱਮ.ਪੀ.ਪੀ. ਅਮਰਜੋਤ ਸੰਧੂ ਵੱਲੋਂ ਏਅਰਬ੍ਰੇਕ ਰੀਨਿਊ ਟੈਸਟ ਖਤਮ ਕਰਨ ਲਈ ਬਿਲ ਪੇਸ਼



ਟੋਰਾਂਟੋ, 18 ਨਵੰਬਰ (ਪੋਸਟ ਬਿਊਰੋ)- ਬਰੈਂਪਟਨ ਵੈਸਟ ਤੋਂ ਮੈਂਬਰ ਪਾਰਲੀਮੈਂਟ ਅਮਰਜੋਤ ਸੰਧੂ ਵਲੋਂ ਕੱਲ੍ਹ ਓਂਟਾਰੀਓ ਦੀ ਪਾਰਲੀਮੈਂਟ ਵਿਚ ਇਕ ਬਿਲ ਪੇਸ਼ ਕੀਤਾ ਗਿਆ। ਇਸ ਬਿਲ ਦਾ ਨਾਮ ਬਿਲ 142 ਤੇ ਐਕਟ ਟੂ ਅਮੈਂਡ ਹਾਈਵੇਅ ਟ੍ਰੈਫਿਕ ਐਕਟ ਹੈ। ਇਸ ਬਿਲ ਮੁਤਾਬਿਕ ਟਰੱਕ ਚਾਲਕਾਂ ਦਾ ਜਦੋਂ ਪੰਜ ਸਾਲਾਂ ਬਾਅਦ ਲਾਈਸੰਸ ਰੀਨਿਊ ਹੁੰਦਾ ਹੈ, ਉਸ ਮੌਕੇ ਉਨ੍ਹਾਂ ਨੂੰ ਏਅਰਬ੍ਰੇਕ ਦਾ ਟੈਸਟ ਪਾਸ ਕਰਨ 'ਚ ਛੋਟ ਮਿਲੇਗੀ। ਬਾਕੀ ਰਾਜਾਂ 'ਚ ਅਜਿਹਾ ਨਹੀਂ ਹੈ। ਇਸ ਲਈ ਓਂਟਾਰੀਓ ਵਿਚ ਇਹ ਬੜੇ ਲੰਬੇ ਸਮੇਂ ਤੋਂ ਮੰਗ ਉਠ ਰਹੀ ਸੀ ਕਿ ਟਰੱਕ ਡਰਾਇਵਿੰਗ ਦਾ ਲਾਈਸੰਸ ਰੀਨਿਊ ਕਰਵਾਉਣ ਮੌਕੇ ਏਅਰਬ੍ਰੇਕ ਦੀਆਂ ਜਿਥੇ ਕਈ ਵਾਰ ਕਲਾਸਾਂ ਲਗਾਉਣੀਆਂ ਪੈ ਜਾਂਦੀਆਂ ਸਨ, ਉਥੇ ਹੀ ਏਅਰਬ੍ਰੇਕ ਦੀ ਜਾਣਕਾਰੀ ਬਾਰੇ ਇਕ ਟੈਸਟ ਵੀ ਲਿਖਣਾ ਪੈਂਦਾ ਸੀ। ਇਸ ਨਾਲ ਜਿਥੇ ਬਹੁਤ ਸਾਰੇ ਟਰੱਕ ਡਰਾਇਵਰਾਂ ਨੂੰ ਇਕ ਜਾਂ ਦੋ ਦਿਨ ਟਰੱਕ ਖੜ੍ਹਾ ਕਰਕੇ ਕਲਾਸਾਂ ਵੀ ਲਾਉਣੀਆਂ ਪੈਂਦੀਆਂ ਸਨ ਤੇ ਉਸ ਦੇ ਨਾਲ ਹੀ ਟੈਸਟ ਵੱਖਰੇ ਤੌਰ 'ਤੇ ਲਿਖਣਾ ਪੈਂਦਾ ਸੀ। ਹੁਣ ਇਸ ਬਿਲ ਦ ਪਾਸ ਹੋਣ ਤੋਂ ਬਾਅਦ ਇਸ ਪ੍ਰੀਕਿਰਿਆ ਤੋਂ ਪ੍ਰੋਫੈਸ਼ਨਲ ਡਰਾਇਵਰਾਂ ਨੂੰ ਛੋਟ ਮਿਲ ਜਾਵੇਗੀ। ਅਮਰਜੋਤ ਸੰਧੂ ਨੇ ਸਾਡੇ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਮੰਗ ਬੜੇ ਲੰਬੇ ਸਮੇਂ ਤੋਂ ਉਠੀ ਹੋਈ ਸੀ।

...ਬਾਕੀ ਪੰਨਾ 6 'ਤੇ

# ਸ਼ੀਅਰ ਦੇ ਵਿਚਾਰਾਂ ਤੋਂ ਸਹਿਮਤ ਨਾ ਹੋਣ ਕਾਰਨ ਸੈਨੇਟਰ ਨੇ ਕੰਜ਼ਰਵੇਟਿਵ ਕਾਕਸ ਛੱਡਿਆ



ਓਟਵਾ, 18 ਨਵੰਬਰ (ਪੋਸਟ ਬਿਊਰੋ) : ਸੈਨੇਟਰ ਜੀਨ ਗਾਇ ਡੈਜਨੇ ਨੇ ਇਹ ਆਖਦਿਆਂ ਹੋਇਆਂ ਕੰਜ਼ਰਵੇਟਿਵ ਕਾਕਸ ਛੱਡਣ ਦਾ ਫੈਸਲਾ ਸੁਣਾਇਆ ਕਿ ਗਰਭਪਾਤ ਤੇ ਸਮਲਿੰਗੀ ਵਿਆਹਾਂ ਬਾਰੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦੇ ਵਿਚਾਰਾਂ ਤੋਂ ਉਹ ਸਹਿਮਤ ਨਹੀਂ ਹਨ। ਇਸ ਤੋਂ ਇਲਾਵਾ ਪਾਰਟੀ ਦੀ ਲੀਡਰਸ਼ਿਪ ਦੀ ਕਿਊਬਿਕ ਦੇ ਲੋਕਾਂ ਨਾਲ ਘੱਟ ਨੇੜਤਾ ਨੂੰ ਵੀ ਉਨ੍ਹਾਂ ਆਪਣੇ ਇਸ ਫੈਸਲੇ ਦਾ ਕਾਰਨ ਦੱਸਿਆ।

ਸੋਮਵਾਰ ਸਵੇਰੇ ਜਾਰੀ ਕੀਤੀ ਗਈ ਇੱਕ ਰਲੀਜ਼ ਵਿੱਚ ਕਿਊਬਿਕ ਦੀ ਨੁਮਾਇੰਦਗੀ ਕਰਨ ਵਾਲੇ ਡੈਜਨੇ ਨੇ ਆਖਿਆ ਕਿ ਉਹ ਨਵੇਂ ਕਾਇਮ ਕੀਤੇ ਗਏ ਕੈਨੇਡੀਅਨ ਸੈਨੇਟਰਜ਼ ਗਰੁੱਪ ਵਿੱਚ ਸ਼ਾਮਲ ਹੋਣਗੇ। ਰਲੀਜ਼ ਵਿੱਚ ਆਖਿਆ ਗਿਆ ਕਿ ਐਂਡਰਿਊ ਸ਼ੀਅਰ ਦੇ ਗਰਭਪਾਤ ਤੇ ਸਮਲਿੰਗੀ ਵਿਆਹਾਂ ਬਾਰੇ ਮਾਨਤਾਵਾਂ ਕਾਰਨ ਹੀ ਕਿਊਬਿਕ ਦੀ ਵੋਟ ਟੁੱਟੀ ਜਦਕਿ ਇੱਥੇ ਪਾਰਟੀ ਕੋਲ ਕਮਾਲ ਦੇ ਉਮੀਦਵਾਰ ਸਨ। ਡੈਜਨੇ ਨੇ ਆਖਿਆ ਕਿ ਫੈਡਰਲ ਚੋਣਾਂ ਵਿੱਚ ਮਿਲਿਆ ਸੁਨਹਿਰਾ ਮੌਕਾ ਕੰਜ਼ਰਵੇਟਿਵਾਂ ਨੇ ਗੁਆ ਲਿਆ। ਉਨ੍ਹਾਂ ਆਖਿਆ ਕਿ ਜੇ ਸ਼ੀਅਰ ਕੰਜ਼ਰਵੇਟਿਵ ਆਗੂ ਬਣੇ ਰਹਿਣਗੇ ਤਾਂ ਪਾਰਟੀ ਨੂੰ ਇਹੋ ਜਿਹੇ ਨਤੀਜੇ ਹੀ ਵਾਰੀ ਵਾਰੀ ਵੇਖਣ ਨੂੰ ਮਿਲਣਗੇ।

ਉਨ੍ਹਾਂ ਆਖਿਆ ਕਿ ਆਪਣੇ ਇਨ੍ਹਾਂ ਵਿਚਾਰਾਂ ਸਦਕਾ ਹੀ ਸੈਨੇਟ ਦੇ ਕੰਜ਼ਰਵੇਟਿਵ ਕਾਕਸ ਵਿੱਚ ਉਨ੍ਹਾਂ ਦਾ ਬਣੇ ਰਹਿਣਾ ਸਹੀ ਨਹੀਂ ਹੋਵੇਗਾ। ਉਨ੍ਹਾਂ ਆਖਿਆ ਕਿ ਪਿੱਛੇ ਜਿਹੇ ਜਿਹੜਾ ਨਵਾਂ ਸੈਨੇਟਰ ਗਰੁੱਪ ਬਣਿਆ ਹੈ ਉਹ ਉਨ੍ਹਾਂ ਨੂੰ ਸਹੀ ਲੱਗਦਾ ਹੈ ਤੇ ਇਸ ਵਿੱਚ ਸ਼ਾਮਲ ਹੋ ਕੇ ਉਹ ਬਿਨਾਂ ਕਿਸੇ ਵੱਲ ਝੁਕਾਅ ਰੱਖਿਆਂ ਆਪਣੇ ਵਿਚਾਰ ਪ੍ਰਗਟ ਕਰ ਸਕਿਆ ਕਰਨਗੇ। ਡੈਜਨੇ ਨੇ ਇਹ ਵੀ ਆਖਿਆ ਕਿ ਉਹ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦੀ ਮੈਂਬਰਸ਼ਿਪ ਵੀ ਬਰਕਰਾਰ ਰੱਖਣਗੇ ਕਿਉਂਕਿ ਇਹੀ ਉਹ ਸਿਆਸੀ ਪਾਰਟੀ ਹੈ ਜਿਹੜੀ ਉਨ੍ਹਾਂ ਦੀਆਂ ਆਰਥਿਕ ਤੇ ਕੌਮੀ ਸਕਿਊਰਿਟੀ ਕਦਰਾਂ ਕੀਮਤਾਂ ਨੂੰ ਬਿਆਨਦੀ ਹੈ।

# ਹੜਤਾਲ ਲਈ ਬਾਜ਼ਿੱਦ ਅਧਿਆਪਕਾਂ ਨਾਲ ਵਿਚੋਲਗੀ ਰਾਹੀਂ ਮਸਲਾ ਹੱਲ ਕਰਨ ਦੀ ਲਿਚੇ ਨੇ ਕੀਤੀ ਪੇਸ਼ਕਸ਼



ਟੋਰਾਂਟੋ, 18 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਅਧਿਆਪਕਾਂ ਵੱਲੋਂ ਹੜਤਾਲ ਕਰਨ ਦੇ ਮਿਲ ਰਹੇ ਸੰਕੇਤਾਂ ਦੇ ਚੱਲਦਿਆਂ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਗੱਲਬਾਤ ਵਿੱਚ ਆਈ ਖੜੋਤ ਤੇ ਇਸ ਮਸਲੇ ਦੇ ਹੱਲ ਲਈ ਵਿਚੋਲਗੀ ਦੀ ਪੇਸ਼ਕਸ਼ ਕੀਤੀ ਹੈ।

ਟੀਚਰਜ਼ ਯੂਨੀਅਨਾਂ ਨਾਲ ਗੱਲਬਾਤ ਕਿਸੇ ਤਣ-ਪੱਤਣ ਨਾ ਲੱਗਣ ਕਾਰਨ ਸਿੱਖਿਆ ਮੰਤਰੀ ਵੱਲੋਂ ਇਹ ਪੇਸ਼ਕਸ਼ ਕੀਤੀ ਗਈ ਹੈ। ਇੱਥੇ ਦੱਸਣਾ ਬਣਦਾ ਹੈ ਕਿ ਇਸ ਸਕੂਲ ਯੀਅਰ ਦੇ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਅਧਿਆਪਕ ਬਿਨਾਂ ਕਾਂਟਰੈਕਟ ਤੋਂ ਹਨ।

...ਬਾਕੀ ਪੰਨਾ 6 'ਤੇ

# ਕੈਨੇਡਾ ਵਿੱਚ ਸਰਦ ਮੌਸਮ ਲੰਮਾਂ, ਠੰਢਾ ਯਖ਼ ਤੇ ਬਰਫੀਲਾ ਰਹਿਣ ਦੀ ਸੰਭਾਵਨਾ



ਓਟਵਾ, 18 ਨਵੰਬਰ (ਪੋਸਟ ਬਿਊਰੋ) : ਵੈਦਰ ਨੈੱਟਵਰਕ ਵੱਲੋਂ ਸੋਮਵਾਰ ਨੂੰ ਮੌਸਮ ਸਬੰਧੀ ਜਾਰੀ ਕੀਤੀ ਗਈ ਭਵਿੱਖਬਾਣੀ ਅਨੁਸਾਰ ਇਸ ਵਾਰੀ ਕੈਨੇਡਾ ਦੇ ਬਹੁਤੇ ਹਿੱਸਿਆਂ ਵਿੱਚ ਸਰਦੀਆਂ ਦਾ ਮੌਸਮ ਲੰਮਾਂ, ਠੰਢਾ ਯਖ਼ ਤੇ ਬਰਫੀਲਾ ਰਹਿਣ ਦੀ ਸੰਭਾਵਨਾ ਹੈ। ਦੱਖਣੀ ਓਨਟਾਰੀਓ ਵਿੱਚ ਤਾਂ ਸਿਆਲਾਂ ਦੀ ਰੁੱਤ ਦੀ ਸ਼ੁਰੂਆਤ ਵਿੱਚ ਨਵੰਬਰ ਵਿੱਚ ਹੀ ਬਰਫਬਾਰੀ ਹੋ ਗਈ ਤੇ ਪ੍ਰੇਰੀਜ਼ ਵਿੱਚ ਵੀ ਇਸ ਕਾਰਨ ਬਿਜਲੀ ਸਪਲਾਈ ਠੱਪ ਹੋ ਗਈ। ਚੀਫ ਮੌਸਮਵਿਗਿਆਨੀ ਕ੍ਰਿਸ ਸਕੌਟ ਨੇ ਆਖਿਆ ਕਿ ਸਿਆਲਾਂ ਵਿੱਚ ਇਹੋ ਰੁਝਾਨ ਬਰਕਰਾਰ ਰਹੇਗਾ। ਉਨ੍ਹਾਂ ਆਖਿਆ ਕਿ ਇਸ ਵਾਰੀ ਸਰਦ ਰੁੱਤ ਵਧੇਰੇ ਜਮਾ ਦੇਣ ਵਾਲੀ ਹੋਵੇਗੀ ਤੇ ਅਸੀਂ ਸਰਦੀਆਂ ਦੇ ਮੌਸਮ ਦੀ ਸ਼ੁਰੂਆਤ ਤਾਂ ਵੇਖ ਹੀ ਲਈ ਹੈ।

...ਬਾਕੀ ਪੰਨਾ 6 'ਤੇ


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance, Critical Illness Ins, Travel & Visitor Ins, RESP & TFSA & RRSP, Super Visa Insurance, Mortgage Insurance, Disability Insurance, Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance, Life & Disability, Critical illness, RESP, Visitor & Travel insurance
All Care Insurance Inc. (416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOUR PLAN TODAY......FOR TOMORROW
Supervisa / Visitor Insurance, Life /Mortgage/Funeral Insurance, Disability Insurance, Critical Illness Insurance, RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

JOSHI LAW OFFICE Barrister, Solicitor & Notary Public
info@joshilawoffice.com | joshilawoffice.com
Immigration, Real Estate / Commercial Law, Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

WE DESIGN & BUILD ANGLECON CONSTRUCTION
Fully Insured | Team of licensed trades | Quality work & on-time insured
RESIDENTIAL: Custom homes, Home additions, Full home renovations, Legal basement
COMMERCIAL: New store design & build, Lease hold Improvements, Medical, offices, restaurants, retail & salon
FAST TRACK PERMIT & CONSTRUCTION 437.219.5009 info@anglecon.ca
BRAMPTON ∘ MISSISSAUGA ∘ ETOBICOKE ∘ OAKVILLE

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ? ਗਾਰਨਿਸ਼ਮੈਂਟ? ਬੈਂਕ ਵਲੋਂ ਪੈਸੇ ਦੀ ਮੰਗ? ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets, Completly Furnished, Legal Basement, Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Law Office of Aman Sharma
Real Estate - Commercial Lease, Business Purchase & Sale, Notarizations & Affidavits, Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

SNOW PLOWING & SALTING SERVICES
WE SERVICE ALL KINDS OF PROPERTIES
Truck & Trailer parking yards, Plazas & Industrial buildings, Banquet halls & restaurants, Gas stations & repair shops, Offices & Clinics
We are Professional, Reliable & Experienced
AAA LANDSCAPING 647-784-1213

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.405.0648
info@atozpestcontroltoronto.com | www.atozpestcontroltoronto.com

Super Visa Insurance, Visitor Visa Insurance, Travel Insurance, Student Insurance, New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration, Family Law, Corporate, Real Estate, Business Closing, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E. #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control: Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call: PARESH PATEL 416 938 4598

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
Protect yourself & your family from the Pests
100% Customer Satisfaction
AFFORDABLE & RELIABLE
KSG Pest Control Inc. 647.990.3205 www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW HIRING
U.S. CROSS BORDER SINGLES & TEAMS AND CANADIAN TEAMS
| US Singles $0.64/mile
| US Teams $0.66/mile
| Canadian teams $0.62/mile
LIGHT SPEED Logistics Inc.
OUR FAMILY WELCOMES YOU
| U.S. Singles – Dedicated Truck
| Desirable Lanes to the U.S.
| U.S. Teams – New Dedicated Truck
| Canadian Teams – New Dedicated Truck
| Comprehensive Company Benefits
| Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr™
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਚੜ੍ਹ ਗਈ ਚੀਨ ਨੂੰ ਚਿੱਪ ਤਾਂ ਫੌਜ ਚਾੜ੍ਹੀ,
ਹਾਂਗ-ਕਾਂਗ ਦੇ ਕਹਿੰਦੇ ਆ ਵੱਲ ਮਿੱਤਰ।
ਭੜਥੂ ਪਾਇਆ ਹੈ ਸੁਣੀਂਦਾ ਛੋਹਰੂਆਂ ਨੇ,
ਪਿੱਛੋਂ ਚਾਲਾਂ ਕੋਈ ਰਿਹਾ ਹੈ ਚੱਲ ਮਿੱਤਰ।
ਵਧੀ ਗੱਲ ਤਾਂ ਚੀਨ ਨਹੀਂ ਰੁਕਣ ਵਾਲਾ,
ਰੁਕਣੀ ਫੇਰ ਨਾ ਪਾਈ ਤਰਥੱਲ ਮਿੱਤਰ।
ਵੇਲਾ ਰਹਿੰਦੇ ਤੋਂ ਸੋਚਣ ਇਹ ਧੜੇ ਦੋਵੇਂ,
ਨਿਕਲ ਹੁੰਦਾ ਤਾਂ ਕੱਢ ਲੈਣ ਹੱਲ ਮਿੱਤਰ।
ਬਾਹਰੋਂ ਦਿੰਦੇ ਜੋ ਚੁੱਕਣਾ, ਅਕਲ ਸਿੱਖਣ,
ਦੇਣ ਵੱਸਦਾ ਮੁਲਕ ਉਹ ਰਹਿਣ ਮਿੱਤਰ।
ਨਹੀਂ ਤਾਂ ਪਾਣੀ ਜਦ ਪੁਲਾਂ ਤੋਂ ਟੱਪ ਜਾਵੇ,
ਹੁੰਦਾ ਰੋਕ ਨਾ ਵਹਿੰਦੜਾ ਵਹਿਣ ਮਿੱਤਰ।

**ਤੀਸ ਮਾਰ ਖਾਂ**

# ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਤੇ ਕਾਂਗਰਸ ਵਿਚਾਲੇ ਸਹਿਮਤੀ ਦੇ ਅੜਿੱਕੇ ਜਾਰੀ

ਨਵੀਂ ਦਿੱਲੀ, 18 ਨਵੰਬਰ, (ਪੋਸਟ ਬਿਊਰੋ)- ਸ਼ਿਵ ਸੈਨਾ ਤੇ ਭਾਜਪਾ ਵਿਚਾਲੇ ਸਰਕਾਰ ਬਣਾਉਣ ਲਈ ਪੈਦਾ ਹੋਏ ਕੁਝ ਮੱਤਭੇਦਾਂ ਤੋਂ ਬਾਅਦ ਮਹਾਰਾਸ਼ਟਰ ਵਿੱਚ ਕਾਂਗਰਸ ਅਤੇ ਐੱਨ ਸੀ ਪੀਨਾਲ ਸ਼ਿਵ ਸੈਨਾ ਦੀ ਸਾਂਝੀ ਸਰਕਾਰ ਬਣਾਉਣ ਦੇ ਕੰਮ ਵਿੱਚ ਵੀਅੜਿੱਕਾਕਾਫੀਲੰਮਾ ਹੋ ਗਿਆ ਹੈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਐੱਨ ਸੀ ਪੀਦੇ ਪ੍ਰਧਾਨ ਸ਼ਰਦ ਪਵਾਰ ਦੀ ਮੁਲਾਕਾਤ ਨਾਲ ਨਵੀਂ ਸਰਕਾਰ ਬਣਨ ਬਾਰੇ ਉਲਝਣ ਹੋਰ ਵਧ ਗਈ ਹੈ।

*** ਸਰਕਾਰ ਬਣਾਉਣ ਬਾਰੇ ਸਸਪੈਂਸ ਹੋਰ ਵਧ ਗਿਆ**

ਅੱਜ ਏਥੇ ਨਵੀਂ ਸਰਕਾਰ ਬਣਨ ਦੀਆਂ ਆਸਾਂ ਦੇ ਉਲਟ ਜਾਂਦੇ ਹੋਏ ਸ਼ਰਦ ਪਵਾਰ ਨੇ ਸਾਫ਼ ਕਿਹਾ ਕਿ ਹਾਲੇ ਤੱਕ ਕਾਂਗਰਸ-ਐੱਨ ਸੀ ਪੀ ਦੀ ਸਿਰਫ ਆਪੋ ਵਿਚ ਗੱਲਬਾਤ ਹੋ ਰਹੀ ਹੈ। ਇਸ ਦੌਰਾਨ ਸ਼ਿਵ ਸੈਨਾ ਨਾਲ ਕਾਂਗਰਸ-ਐੱਨ ਸੀ ਪੀ ਦੇ ਆਗੂਆਂ ਦੀ ਨਜ਼ਰ ਵੀ ਸੋਨੀਆ ਗਾਂਧੀ ਤੇ ਸ਼ਰਦ ਪਵਾਰ ਦੀ ਬੈਠਕ ਉੱਤੇ ਸੀ, ਪਰ ਜਦੋਂ ਸੋਨੀਆ ਗਾਂਧੀ ਦੇ ਨਾਲ ਮੁਲਾਕਾਤ ਪਿੱਛੋਂ ਸ਼ਰਦ ਪਵਾਰ ਪੱਤਰਕਾਰਾਂ ਨੂੰ ਮਿਲੇ ਤਾਂ ਉਨ੍ਹਾਂ ਸਾਫ਼ ਕਿਹਾ ਕਿ ਹਾਲੇ ਅਸੀਂ ਆਪਣੀਆਂ ਸਹਿਯੋਗੀ ਧਿਰਾਂ ਨਾਲ ਹੀ ਗੱਲ ਕਰ ਰਹੇ ਹਾਂ, ਸ਼ਿਵ ਸੈਨਾ ਨਾਲ ਬਾਅਦ ਵਿੱਚ ਹੋਵੇਗੀ।

ਦੂਸਰੇ ਪਾਸੇ ਸ਼ਿਵ ਸੈਨਾ ਨਾਲ ਮਿਲ ਕੇ ਸਰਕਾਰ ਬਣਾਉਣ ਬਾਰੇ ਕਾਂਗਰਸ-ਐੱਨ ਸੀ ਪੀ ਵਿੱਚ ਸਹਿਮਤੀ ਦੇ ਮੁੱਦੇ ਉੱਤੇਸ਼ਰਦ ਪਵਾਰ ਦੇ ਜਵਾਬ ਨਾਲ ਊਧਵ ਠਾਕਰੇ ਦੀ ਚਿੰਤਾ ਨੂੰ ਹੋਰ ਵਧੀ ਸੁਣੀ ਗਈ ਹੈ। ਸ਼ਿਵ ਸੈਨਾ ਦੀ ਵਿਚਾਰਧਾਰਾ ਬਾਰੇ ਸੋਨੀਆ ਗਾਂਧੀ ਦੇ ਮੱਤਭੇਦ ਨਵੀਂ ਸਰਕਾਰ ਬਣਨ ਵਿੱਚ ਅੜਿੱਕਾ ਬਣਨ ਦਾ ਸਵਾਲ ਵੀ ਸ਼ਰਦ ਪਵਾਰ ਨੇ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਜਦੋਂ ਕਾਂਗਰਸ ਪ੍ਰਧਾਨ ਨਾਲ ਸਰਕਾਰ ਬਣਾਉਣ ਦੀ ਗੱਲ ਹੀ ਨਹੀਂ ਹੋਈ ਤਾਂ ਇਹ ਸਵਾਲ ਕਿੱਥੇ ਆਉਂਦਾ ਹੈ। ਉਨ੍ਹਾਂ ਕਿਹਾ ਕਿ ਦੋਵਾਂ ਪਾਰਟੀਆਂ ਦੀਸਿਆਸੀ ਹਾਲਾਤ ਉੱਤੇ ਨਜ਼ਰ ਹੈ ਅਤੇ ਕਾਂਗਰਸ-ਐੱਨ ਸੀ ਪੀਦੋਵੇਂ ਧਿਰਾਂ ਮਿਲ ਕੇ ਹੀ ਭਵਿੱਖ ਦਾ ਕੋਈ ਫ਼ੈਸਲਾ ਕਰਨਗੀਆਂ। ਸ਼ਰਦ ਪਵਾਰ ਨੇ ਕਿਹਾ ਕਿ ਕਾਂਗਰਸ-ਐੱਨ ਸੀ ਪੀਦੋਵਾਂ ਦੇ ਆਗੂ ਅਗਲੇ ਕੁਝ ਦਿਨਾਂ ਵਿੱਚਆਪਸ



ਵਿੱਚ ਵਿਚਾਰ-ਵਟਾਂਦਰਾ ਕਰਨਗੇ ਅਤੇ ਦੋਵਾਂ ਪਾਰਟੀਆਂਦੀ ਲੀਡਰਸ਼ਿਪ ਆਪੋ ਆਪਣੇ ਨੇਤਾਵਾਂ ਦੀ ਰਾਏ ਮੁਤਾਬਕ ਅਗਲਾ ਰੁਖ਼ ਤੈਅ ਕਰੇਗੀ।

ਇਸ ਦੌਰਾਨ ਦੱਸਿਆ ਜਾ ਰਿਹਾ ਹੈ ਕਿ ਐੱਨ ਸੀ ਪੀਵੱਲੋਂ ਅਜੀਤ ਪਵਾਰ ਅਤੇ ਜਯੰਤ ਪਾਟਿਲ ਅਗਲੀ ਗੱਲਬਾਤ ਦੀ ਅਗਵਾਈ ਕਰਨਗੇ ਤੇ ਕਾਂਗਰਸਨੇ ਅਹਿਮਦ ਪਟੇਲ, ਮਲਿਕਾਰਜੁਨ ਖੜਗੇ ਅਤੇ ਕੇ ਸੀ ਵੇਣੂਗੋਪਾਲ ਉੱਤੇ ਆਧਾਰਤ ਇਕ ਕਮੇਟੀ ਬਣਾਈ ਹੈ। ਜਾਣਕਾਰ ਸੂਤਰਾਂ ਮੁਤਾਬਕ ਸਾਬਕਾ ਮੁੱਖ ਮੰਤਰੀ ਅਸ਼ੋਕ ਚਵਾਨ ਅਤੇ ਪ੍ਰਿਥਵੀਰਾਜ ਚਵਾਨ ਵੀ ਇਸ ਪ੍ਰਕਿਰਿਆ ਵਿੱਚ ਸ਼ਾਮਲ ਹੋ ਸਕਦੇ ਹਨ। ਕਾਂਗਰਸ ਦੇ ਮੀਡੀਆ ਇੰਚਾਰਜ ਰਣਦੀਪ ਸੁਰਜੇਵਾਲਾ ਨੇ ਟਵੀਟ ਕਰ ਕੇ ਕਿਹਾ ਕਿ ਸ਼ਰਦ ਪਵਾਰ ਨੇ ਸੋਨੀਆ ਗਾਂਧੀ ਨੂੰ ਮਿਲ ਕੇ ਮਹਾਰਾਸ਼ਟਰ ਦੀ ਸਥਿਤੀ ਦੀ ਜਾਣਕਾਰੀ ਦਿੱਤੀ ਤੇ ਦੋਵਾਂ ਨੇ ਤੈਅ ਕੀਤਾ ਹੈ ਕਿ ਦੋਵਾਂ ਪਾਰਟੀਆਂ ਦੇ ਨੇਤਾ ਅਗਲੇ ਇਕ-ਦੋ ਦਿਨਾਂ ਵਿੱਚ ਦਿੱਲੀ ਵਿੱਚਮਿਲਣ ਪਿੱਛੋਂ ਅਗਲੀ ਰਣਨੀਤੀ ਤੈਅ ਕਰਨਗੇ। ਸ਼ਰਦ ਪਵਾਰ ਦੇ ਰੁਖ਼ ਦੀ ਹਮਾਇਤ ਕਰਦੇ ਹੋਏ ਕਾਂਗਰਸ ਦਾ ਇਹ ਸਿੱਧਾ ਬਿਆਨ ਵੀ ਇਹੋ ਸੰਕੇਤ ਦੇਂਦਾ ਹੈ ਕਿ ਮਹਾਰਾਸ਼ਟਰ ਵਿੱਚਸਰਕਾਰ ਬਣਾਉਣ ਲਈ ਸ਼ਿਵ ਸੈਨਾ ਦੀ ਅਗਵਾਈ ਬਾਰੇ ਹਾਲੇ ਕਈ ਅੜਿੱਕੇ ਹਨ।

ਕਾਂਗਰਸ-ਐੱਨ ਸੀ ਪੀ ਦੇ ਸਿਆਸੀ ਪੈਂਤੜੇ ਨੂੰ ਸਮਝਦੇ ਹੋਏ ਦਸੰਬਰ ਦੇ ਪਹਿਲੇ ਹਫ਼ਤੇ ਤਕ ਨਵੀਂ ਸਰਕਾਰ ਬਣ ਜਾਣ ਦੀ ਆਸ ਪ੍ਰਗਟਾਉਣ ਵਾਲੇ ਸ਼ਿਵ ਸੈਨਾ ਨੇਤਾ ਸੰਜੇ ਰਾਉਤ ਸੋਮਵਾਰ ਸ਼ਾਮ ਐੱਨ ਸੀ ਪੀਦੇ ਪ੍ਰਧਾਨ ਸ਼ਰਦ ਪਵਾਰ ਨੂੰ ਮਿਲਣ ਗਏ। ਉਨ੍ਹਾ ਦੇ ਤੇਜ਼ੀ ਨਾਲ ਸ਼ਰਦ ਪਵਾਰ ਨੂੰ ਮਿਲਣ ਜਾਣ ਤੋਂ ਇਹ ਪ੍ਰਭਾਵ ਲਿਆ ਜਾ ਰਿਹਾ ਹੈ ਕਿ ਸ਼ਿਵ ਸੈਨਾ ਨੂੰ ਸਰਕਾਰ ਬਣਾਉਣ ਦੀ ਬਾਕੀਆਂ ਤੋਂ ਵੱਧ ਕਾਹਲੀ ਹੈ ਤੇ ਇਹੋ ਗੱਲ ਸਿਰੇ ਨਹੀਂ ਚੜ੍ਹ ਰਹੀ।

ਵਰਨਣ ਯੋਗ ਹੈ ਕਿ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਪਿੱਛੋਂ ਮੁੱਖ ਮੰਤਰੀ ਦੇ ਅਹੁਦੇ ਉੱਤੇਅੜਿੱਕੇ ਕਾਰਨਸ਼ਿਵ ਸੈਨਾ ਨੇ ਭਾਜਪਾ ਦਾ ਸਾਥ ਛੱਡਿਆ ਸੀ। ਵਿਧਾਨ ਸਭਾ ਚੋਣਾਂ ਵਿੱਚ ਸਭ ਤੋਂਵੱਧ 105 ਸੀਟਾਂਜਿੱਤਣ ਪਿੱਛੋਂ ਬਹੁਮਤ ਨਾ ਜੋੜ ਸਕਣ ਕਾਰਨ ਭਾਜਪਾ ਨੇ ਸਰਕਾਰ ਬਣਾਉਣ ਤੋਂਹੱਥ ਖਿੱਚ ਲਏ ਸਨ। ਇਸ ਦੇ ਬਾਅਦ ਤੋਂ ਕਾਂਗਰਸ ਅਤੇ ਐੱਨ ਸੀ ਪੀ ਨਾਲ ਮਿਲ ਕੇ ਸ਼ਿਵ ਸੈਨਾ ਸਰਕਾਰ ਬਣਾਉਣ ਦੀ ਸੰਭਾਵਨਾ ਲੱਭ ਰਹੀ ਹੈ। ਕਿਸੇ ਪਾਰਟੀ ਦੇ ਬਹੁਮਤ ਨਾ ਜੋੜ ਸਕਣ ਕਾਰਨ 12 ਨਵੰਬਰ ਨੂੰ ਇਸ ਰਾਜ ਵਿੱਚ ਰਾਸ਼ਟਰਪਤੀ ਰਾਜ ਲਾ ਦਿੱਤਾ ਗਿਆ ਸੀ।

GNR ਹਰਬਲ ਤੇਲ
647-853-5800
globalnaturalremedies@yahoo.com
GNR Global Natural Remedies
Herbal Products
ਦਰਦਾਂ ਵਾਸਤੇ Pain-Care Ext. Use Only Joint Support $9.99
ਮਰਦਾਂ ਲਈ He-Oil For Men Only $19.99
Stress-Care Feel Relaxed $9.99
ਔਰਤਾਂ ਲਈ Chest Massage Oil $14.99
GLOBAL NATURAL REMEDIES

## ਮੂਡੀਜ਼ ਨੇ ਭਾਰਤ ਦੀ ਆਰਥਿਕ ਵਿਕਾਸ ਦਰ ਦਾ ਅੰਦਾਜ਼ਾ ਘਟਾ ਕੇ 5.6 ਪ੍ਰਤੀਸ਼ਤ ਕੀਤੀ

ਨਵੀਂ ਦਿੱਲੀ, 18 ਨਵੰਬਰ (ਪੋਸਟ ਬਿਊਰੋ)- ਮੂਡੀਜ਼ ਇਨਵੈਸਟਰਸ ਸਰਵਿਸ ਨੇ ਚਾਲੂ ਵਿੱਤੀ ਸਾਲ ਲਈ ਭਾਰਤ ਦੀ ਆਰਥਿਕ ਵਿਕਾਸ ਦਰ ਦੇ ਅਨੁਮਾਨ ਨੂੰ 5.8 ਪ੍ਰਤੀਸ਼ਤ ਤੋਂ ਘਟਾ ਕੇ 5.6 ਫੀਸਦੀ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਮੂਡੀਜ਼ ਨੇ ਕੱਲ੍ਹ ਕਿਹਾ ਕਿ ਜੀ ਡੀ ਪੀ (ਕੁਲ ਘਰੇਲੂ ਉਤਪਾਦ) ਵਿੱਚ ਨਰਮੀ ਆਸ ਤੋਂ ਉਲਟ ਲੰਬੇ ਸਮੇਂ ਤੱਕ ਖਿੱਚੀ ਗਈ ਹੈ, ਜਿਸ ਕਾਰਨ ਉਸ ਨੂੰ ਆਪਣਾ ਅਨੁਮਾਨ ਘੱਟ ਕਰਨਾ ਪਿਆ ਹੈ। ਕ੍ਰੈਡਿਟ ਰੇਟਿੰਗ ਤੇ ਖੋਜ ਸੇਵਾ ਦੇਣ ਵਾਲੀ ਇਸ ਕੰਪਨੀ ਨੇ ਕਿਹਾ ਕਿ ਅਸੀਂ ਭਾਰਤ ਲਈ ਆਰਥਿਕ ਵਿਕਾਸ ਦਾ ਅਨੁਮਾਨ ਘਟਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਡਾ ਮੰਨਣਾ ਹੈ ਕਿ 2019-20 ਵਿੱਚ ਇਹ 5.6 ਪ੍ਰਤੀਸ਼ਤ ਰਹੇਗੀ, ਜੋ 2018-19 ਵਿੱਚ 7.4 ਪ੍ਰਤੀਸ਼ਤ ਸੀ। ਮੂਡੀਜ਼ ਇਨਵੈਸਟਰਸ ਸਰਵਿਸ ਅਨੁਸਾਰ 2020-21 ਅਤੇ 2021-22 'ਚ ਆਰਥਿਕ ਸਰਗਰਮੀਆਂ 'ਚ ਤੇਜ਼ੀ ਆਵੇਗੀ ਅਤੇ ਇਹ ਕਰਮਵਾਰ 6.6 ਪ੍ਰਤੀਸ਼ਤ ਤੇ 6.7 ਪ੍ਰਤੀਸ਼ਤ ਰਹਿ ਸਕਦੀ ਹੈ, ਪਰ ਵਿਕਾਸ ਦੀ ਚਾਲ ਪਿਛਲੇ ਸਾਲਾਂ ਦੇ ਮੁਕਾਬਲੇ ਘੱਟ ਰਹੇਗੀ। ਉਸ ਨੇ ਕਿਹਾ ਕਿ ਭਾਰਤ ਦੀ ਆਰਥਿਕ ਵਿਕਾਸ ਦਰ 2018 ਦੇ ਅੱਧ ਤੋਂ ਘੱਟ ਹੋ ਰਹੀ ਹੈ। ਅਸਲ ਜੀ ਡੀ ਪੀ ਵਿਕਾਸ ਦਰ 2019 ਦੀ ਦੂਜੀ ਤਿਮਾਹੀ ਵਿੱਚ ਕਰੀਬ 8 ਪ੍ਰਤੀਸ਼ਤ ਤੋਂ ਘੱਟ ਕੇ 5 ਪ੍ਰਤੀਸ਼ਤ ਉੱਤੇ ਆ ਗਈ ਅਤੇ ਬੇਰੁਜ਼ਗਾਰੀ ਵੱਧ ਰਹੀ ਹੈ। ਮੂਡੀਜ਼ ਅਨੁਸਾਰ ਨਿਵੇਸ਼ ਸਰਗਰਮੀਆਂ ਪਹਿਲਾਂ ਤੋਂ ਘੱਟ ਹਨ, ਪਰ ਖਪਤ ਲਈ ਮੰਗ ਦੇ ਕਾਰਨ ਅਰਥ ਵਿਵਸਥਾ 'ਚ ਤੇਜ਼ੀ ਬਣੀ ਹੋਈ ਹੈ।

## ਰਾਮ ਲੱਲਾ ਮੰਦਰ ਦਾ ਪੁਜਾਰੀ ਨਾਰਾਜ਼: ਮੈਂ ਸੰਘ ਦਾ ਮੁਖੌਟਾ ਬਣ ਕੇ ਕੰਮ ਨਹੀਂ ਕਰਾਂਗਾ: ਸਤੇਂਦਰ ਦਾਸ

ਅਯੁੱਧਿਆ, 18 ਨਵੰਬਰ (ਪੋਸਟ ਬਿਊਰੋ)- ਅਯੁੱਧਿਆ ਵਿੱਚ ਛੇ ਦਸੰਬਰ 1992 ਨੂੰ ਝਗੜੇ ਵਾਲਾ ਢਾਂਚਾ ਢਾਹੇ ਜਾਣ ਤੋਂ ਬਾਅਦ ਪਿਛਲੇ 27 ਸਾਲਾਂ ਤੋਂ ਰਾਮ ਲੱਲਾ ਦੀ ਆਰਤੀ ਉਤਾਰਨ, ਭੋਗ ਲਾਉਣ ਅਤੇ ਪੂਜਾ ਅਰਚਨਾ ਕਰਨ ਵਾਲੇ ਮੁੱਖ ਪੁਜਾਰੀ ਅਚਾਰੀਆ ਸਤੇਂਦਰ ਦਾਸ 82 ਸਾਲ ਦੇ ਹੋ ਗਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪੂਜਾ ਸਫਲ ਹੋਈ ਹੈ ਅਤੇ ਰਾਮ ਲੱਲਾ ਦਾ ਮੰਦਰ ਬਣਾਉਣ ਲਈ ਸੁਪਰੀਮ ਕੋਰਟ ਨੇ ਮੋਹਰ ਲਾ ਦਿੱਤੀ ਹੈ। ਛੇਤੀ ਮੰਦਰ ਉਸਾਰੀ ਹੋਣ ਲੱਗੇਗੀ, ਪਰ ਅਚਾਰੀਆ ਨੂੰ ਇਹ ਭਰੋਸਾ ਨਹੀਂ ਕਿ ਅੱਗੇ ਵੀ ਉਹ ਨਵੇਂ ਮੰਦਰ ਦੇ ਪੁਜਾਰੀ ਬਣੇ ਰਹਿਣਗੇ।

ਇਸ ਮੰਦਰ ਦੀ ਪੂਜਾ ਵਿਵਸਥਾ ਵਿੱਚ ਖਾਮੀਆਂ ਵੱਲ ਇਸ਼ਾਰਾ ਕਰਦੇ ਹੋਏ ਸਤੇਂਦਰ ਦਾਸ ਨੇ ਕਿਹਾ ਕਿ ਮੈਂ ਕਈ ਦਰਜਨਾਂ ਵਾਰ ਵਿਵਸਥਾ 'ਚ ਸੁਧਾਰ ਦੀ ਮੰਗ ਕੀਤੀ ਹੈ। ਮੁਲਾਜ਼ਮਾਂ-ਪੁਜਾਰੀਆਂ ਦਾ ਮਿਹਨਤਾਨਾ ਵਧਾਉਣ ਦੀ ਮੰਗ ਕਰ ਚੁੱਕਾ ਹਾਂ। ਭਾਵੇਂ ਪਿਛਲੇ ਵਰ੍ਹਿਆਂ ਵਿੱਚ ਵਾਧਾ ਕੀਤਾ ਗਿਆ ਹੈ, ਇਸ ਸਾਲ ਆਨਰੇਰੀ ਤਨਖਾਹ ਦੀ ਰਕਮ ਵਧਾ ਕੇ 13 ਹਜ਼ਾਰ ਕਰ ਦਿੱਤੀ ਗਈ ਹੈ। ਮੇਰੇ ਨਾਲ ਦੇ ਚਾਰ ਸਹਾਇਕ ਪੁਜਾਰੀਆਂ ਤੇ ਚਾਰ ਮੁਲਾਜ਼ਮਾਂ ਦੀਆਂ ਤਨਖਾਹਾਂ ਵੀ ਵਧਾਈਆਂ ਗਈਆਂ ਸਨ। ਇਸ ਮੌਕੇ ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਆਪਣੇ ਰਿਸ਼ਤਿਆਂ ਬਾਰੇ ਉਨ੍ਹਾਂ ਨੇ ਦੱਸਿਆ ਕਿ ਮੇਰਾ ਰਿਸ਼ਤਾ ਉਨ੍ਹਾਂ ਲੋਕਾਂ ਨਾਲ ਸੁਰੀਲਾ ਨਹੀਂ ਰਿਹਾ। ਇਸ ਦੀ ਵਜ੍ਹਾ ਇਹ ਸੀ ਕਿ ਮੈਂ ਉਹੋ ਕਰਦਾ ਤੇ ਕਹਿੰਦਾ ਹਾਂ, ਜਿਸ ਵਿੱਚ ਸੱਚਾਈ ਰਹੇ। ਇਹ ਗੱਲ ਇਨ੍ਹਾਂ ਲੋਕਾਂ ਨੂੰ ਪਸੰਦ ਨਹੀਂ ਆਉਂਦੀ। ਸੰਘ ਵਾਲੇ ਚਾਹੁੰਦੇ ਸਨ ਕਿ ਮੈਂ ਉਨ੍ਹਾਂ ਦਾ ਮੁਖੌਟਾ ਬਣ ਕੇ ਕੰਮ ਕਰਾਂ, ਪਰ ਮੈਂ ਕਦੇ ਸਮਝੌਤਾ ਨਹੀਂ ਕੀਤਾ। ਮੇਰੇ ਵਿਰੋਧੀ ਬਹੁਤ ਹਨ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਲੋਕਾਂ ਨੇ ਤਾਂ ਮੈਨੂੰ ਹਟਵਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਰਿਸੀਵਰ ਅਤੇ ਕਮਿਸ਼ਨਰ ਨੇ ਲਾਚਾਰੀ ਵਿਖਾਈ।

ਸਤੇਂਦਰ ਦਾਸ ਕਹਿੰਦੇ ਹਨ ਕਿ ਅੱਗੋਂ ਬਾਰੇ ਉਹ ਕੁਝ ਕਹਿ ਨਹੀਂ ਸਕਦੇ, ਨਵੇਂ ਟਰੱਸਟ ਦੇ ਪ੍ਰਬੰਧਕਾਂ 'ਤੇ ਨਿਰਭਰ ਕਰੇਗਾ। ਜੇ ਟਰੱਸਟ 'ਚ ਮੈਨੂੰ ਥਾਂ ਮਿਲੇਗੀ ਅਤੇ ਪੂਜਾ ਜਾਰੀ ਰੱਖਣ ਲਈ ਕਿਹਾ ਜਾਵੇਗਾ ਤਾਂ ਮੈਂ ਹਾਜ਼ਰ ਰਹਾਂਗਾ। ਉਂਝ ਵੀ 82 ਸਾਲ ਦੀ ਉਮਰ ਹੋ ਚੁੱਕੀ ਹੈ। ਰਾਮ ਲੱਲਾ ਦੇ ਦਰਸ਼ਨ ਅਤੇ ਉਨ੍ਹਾਂ ਦੀ ਅਰਾਧਨਾ ਪੁਜਾਰੀ ਨਾ ਕਹਿ ਕੇ ਵੀ ਹੋ ਜਾਵੇਗੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਘਟੀਆ ਦਵਾਈ ਬਣਾਉਣ ਵਾਲੀਆਂ ਕੰਪਨੀਆਂ ਦੇ ਲਾਇਸੈਂਸ ਰੱਦ ਹੋਣਗੇ

ਸ਼ਿਮਲਾ, 18 ਨਵੰਬਰ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਵਿੱਚ ਬਣੀਆਂ ਦਵਾਈਆਂ ਦੇ ਸੈਂਪਲ ਫੇਲ੍ਹ ਹੋਣ ਦਾ ਚੱਕਰ ਲਗਾਤਾਰ ਜਾਰੀ ਹੈ। ਇਸ ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਬਣੀਆਂ ਇੱਕ ਦਰਜਨ ਦਵਾਈਆਂ ਦੇ ਸੈਂਪਲ ਫੇਲ੍ਹ ਹੋਣ ਦੀ ਤਾਜ਼ਾ ਖ਼ਬਰ ਦੇ ਨਾਲ ਦੋ ਸਾਲਾਂ ਵਿੱਚ ਕਰੀਬ 490 ਦਵਾਈਆਂ ਦੇ ਸੈਂਪਲ ਫੇਲ੍ਹ ਹੋ ਚੁੱਕੇ ਹਨ।

ਇਸ ਤਰ੍ਹਾਂ ਦਵਾਈਆਂ ਦੇ ਸੈਂਪਲ ਫੇਲ੍ਹ ਹੋਣ ਨਾਲ ਜਿੱਥੇ ਏਸ਼ੀਆ ਦੇ ਫਾਰਮਾ ਹੱਬ ਦੇ ਤੌਰ ਉੱਤੇ ਉਭਰੇ ਹਿਮਾਚਲ ਪ੍ਰਦੇਸ਼ ਦੇ ਬੱਦੀ ਸ਼ਹਿਰ ਸਮੇਤ ਹਿਮਾ-ਚਲ ਦੇ ਫਾਰਮਾ ਉਦਯੋਗ ਦੇ ਨਾਂਅ ਉਤੇ ਧੱਬਾ ਲੱਗ ਰਿਹਾ ਹੈ, ਉਥੇ ਰਾਜ ਸਰਕਾਰ ਵੀ ਹਰਕਤ ਵਿੱਚ ਆ ਗਈ ਹੈ ਅਤੇ ਦਵਾਈਆਂ ਦੇ ਸੈਂਪਲ ਫੇਲ੍ਹ ਹੋਣ ਬਾਰੇ ਮੁਕੰਮਲ ਰਿਪੋਰਟ ਮੰਗੀ ਹੈ। ਨਾਲ ਫਾਰਮਾ ਦੇ ਨਾਂਅ ਉੱਤੇ ਇਸ ਰਾਜੇ ਦੀ ਸ਼ਾਖ ਨੂੰ ਵੱਟਾ ਲਾਉਣ ਵਾਲੀਆਂ ਕੰਪਨੀਆਂ ਦੇ ਲਾਇਸੈਂਸ ਰੱਦ ਕਰਨ ਦਾ ਫੈਸਲਾ ਲਿਆ ਹੈ। ਸਿਹਤ ਮੰਤਰੀ ਵਿਪਨ ਸਿੰਘ ਪਰਮਾਰ ਨੇ ਲਾਇਸੈਂਸ ਰੱਦ ਕਰਨ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਦਵਾ ਕੰਟਰੋਲਰ, ਸਹਾਇਕ

*** ਹਿਮਾਚਲ ਦੀਆਂ 490 ਦਵਾਈਆਂ ਦੇ ਸੈਂਪਲ ਫੇਲ੍ਹ**

ਦਵਾ ਕੰਟਰੋਲਰਾਂ ਤੇ ਡਰੱਗ ਇੰਸਪੈਕਟਰਾਂ ਤੋਂ ਫਾਰਮਾ ਕੰਪਨੀਆਂ ਬਾਰੇ ਰਿਪੋਰਟ ਮੰਗੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਬਾਹਰੀ ਰਾਜਾਂ ਵਿੱਚ ਬਣੀਆਂ ਕੁਝ ਦਵਾਈਆਂ ਦੇ ਇਸ ਰਾਜ ਵਿੱਚ ਲਏ ਗਏ ਸੈਂਪਲ ਵੀ ਫੇਲ੍ਹ ਹੋਏ ਹਨ, ਜਿਨ੍ਹਾਂ ਬਾਰੇ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਇਸ ਲਈ ਇਸ ਰਾਜ ਦੇ ਇਲਾਵਾ ਬਾਹਰੀ ਸੂਬਿਆਂ ਵਿੱਚ ਬਣੀਆਂ ਉਨ੍ਹਾਂ ਦਵਾਈਆਂ ਦੀ ਸੂਚੀ ਵੀ ਬਣਾਈ ਜਾ ਰਹੀ ਹੈ, ਜਿਨ੍ਹਾਂ ਦੇ ਸੈਂਪਲ ਫੇਲ੍ਹ ਹੋਏ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਬੀਤੇ ਦਸ ਮਹੀਨਿਆਂ ਵਿੱਚ ਸੂਬੇ ਵਿੱਚ ਬਣੀਆਂ 90 ਦਵਾਈਆਂ ਦੇ ਸੈਂਪਲ ਫੇਲ੍ਹ ਹੋਏ ਹਨ। ਇਸ ਤੋਂ ਪਹਿਲਾਂ 2017-18 ਵਿੱਚ ਸਿਹਤ ਸੁਰੱਖਿਆ ਰੈਗੂਲੇਟਰੀਆਂ ਨੇ ਇਸ ਸੂਬੇ ਵਿੱਚ ਬਣੀਆਂ ਦਵਾਈਆਂ ਦੇ ਕਰੀਬ 1900 ਸੈਂਪਲ ਇਕੱਠੇ ਕੀਤੇ ਸਨ ਤੇ ਇਨ੍ਹਾਂ ਵਿੱਚੋਂ 1200 ਸੈਂਪਲ ਦੀ ਜਾਂਚ ਕਰਵਾਈ ਗਈ ਤੇ 400 ਫੇਲ੍ਹ ਹੋਏ ਸਨ। ਇਸ ਤੋਂ ਸਪੱਸ਼ਟ ਹੈ ਕਿ ਸੂਬੇ ਵਿੱਚ ਤਿਆਰ ਦਵਾਈਆਂ ਸਟੈਂਡਰਡ ਉੱਤੇ ਖਰੀਆਂ ਨਹੀਂ ਉਤਰੀਆਂ।

ਦਵਾਈਆਂ ਦੇ ਸੈਂਪਲ ਫੇਲ੍ਹ ਹੋਣ ਨਾਲ ਸੂਬੇ ਵਿੱਚ ਬਣਦੀਆਂ ਦਵਾਈਆਂ ਬਾਰ ਗਲਤ ਸੰਦੇਸ਼ ਦੇਸ਼ ਤੇ ਬਾਹਰੀ ਦੇਸ਼ਾਂ ਵਿੱਚ ਜਾ ਰਿਹਾ ਹੈ। ਇਸ ਕਾਰਨ ਸਰਕਾਰ ਨੇ ਸਮੇਂ ਸਿਰ ਕਦਮ ਚੁੱਕਣ ਦਾ ਫੈਸਲਾ ਲਿਆ ਹੈ।

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
○1:1 Training
Air Brake Classes Sat-Sun 8am to 4pm
Forklift Training
Reach Truck
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com


SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

# ਨੇਪਾਲ ਨੇ ਵੀ ਭਾਰਤ ਨੂੰ ਅੱਖਾਂ ਵਿਖਾਉਣੀਆਂ ਸ਼ੁਰੂ ਕੀਤੀਆਂ

## * ਇਕ ਇੰਚ ਜ਼ਮੀਨ ਉੱਤੇ ਵੀ ਭਾਰਤ ਨੂੰ ਛੋਟ ਨਾ ਦੇਣ ਦਾ ਬਿਆਨ



ਕਾਠਮੰਡੂ, 18 ਨਵੰਬਰ, (ਪੋਸਟ ਬਿਊਰੋ)- ਭਾਰਤ ਅਤੇ ਨੇਪਾਲ ਵਿਚਾਲੇ ਕਾਲਾਪਾਣੀ ਇਲਾਕੇ ਦੇ ਮੁੱਦੇ ਉੱਤੇ ਕੌੜ ਪੈਦਾ ਹੋਣ ਦੇ ਨਵੇਂ ਸੰਕੇਤ ਮਿਲੇ ਹਨ। ਨੇਪਾਲ ਦੇ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਦੇਸ਼ ਭਗਤ ਸਰਕਾਰ ਹੈ, ਉਹ ਕਿਸੇ ਨੂੰ ਨੇਪਾਲ ਦੀ ਇਕ ਇੰਚ ਜ਼ਮੀਨ ਉੱਤੇ ਕਬਜ਼ਾ ਕਰਨ ਦੀ ਛੋਟਨਹੀਂ ਦੇਵੇਗੀ। ਓਲੀ ਨੇ ਕਿਹਾ ਕਿ ਉਹ ਭਾਰਤ ਨੂੰ ਕਹਿਣਗੇ ਕਿ ਉਹ ਕਾਲਾਪਾਣੀ ਤੋਂ ਆਪਣੇ ਫੋਰਸ ਹਟਾ ਲਵੇ।

ਰਾਜ ਕਰਦੀ ਨੇਪਾਲੀ ਕਮਿਊਨਿਸਟ ਪਾਰਟੀ ਦੇ ਸਹਿਯੋਗੀ ਰਾਸ਼ਟਰੀ ਯੁਵਾ ਸੰਗਠਨ ਦੇ ਪ੍ਰੋਗਰਾਮ ਵਿੱਚਬੋਲ ਰਹੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੇ ਕਿਹਾ ਕਿ ਭਾਰਤ ਸਰਕਾਰ ਕਹਿੰਦੀ ਹੈ ਕਿ ਉਸ ਦਾ ਨਕਸ਼ਾ ਸਹੀ ਅਤੇ ਪਹਿਲੀਆਂ ਸਥਿਤੀਆਂ ਉੱਤੇ ਆਧਾਰਤ ਹੈ, ਉਸ ਨੇ ਕਿਸੇ ਗੁਆਂਢੀ ਦੀ ਜ਼ਮੀਨ ਉੱਤੇ ਕਬਜ਼ਾ ਨਹੀਂ ਕੀਤਾ, ਪਰ 31 ਅਕਤੂਬਰ ਨੂੰ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਨਵੇਂ ਕੇਂਦਰੀ ਸ਼ਾਸਿਤ ਸੂਬੇ ਬਣਾਉਣ ਪਿੱਛੋਂ ਭਾਰਤ ਸਰਕਾਰ ਨੇ ਆਪਣੇ ਦੇਸ਼ ਦਾ ਜਿਹੜਾ ਨਵਾਂ ਨਕਸ਼ਾ ਜਾਰੀ ਕੀਤਾ ਹੈ, ਉਸ ਨਾਲ ਵਿਵਾਦ ਦੀ ਸਥਿਤੀ ਬਣੀ ਹੈ। ਇਸ ਨਵੇਂ ਨਕਸ਼ੇ ਵਿੱਚ ਪਾਕਿਸਤਾਨੀ ਕਬਜ਼ੇ ਹੇਠ ਆਏ ਹੋਏ ਕਸ਼ਮੀਰੀ ਇਲਾਕੇ ਨੂੰ ਨਵੇਂ ਬਣਾਏਗਏ ਕੇਂਦਰੀ ਸ਼ਾਸਿਤ ਰਾਜ ਜੰਮੂ-ਕਸ਼ਮੀਰ ਦਾ ਹਿੱਸਾ ਦੱਸਿਆ ਗਿਆ ਹੈ ਅਤੇ ਗਿਲਗਿਤ-ਬਾਲਟਿਸਤਾਨ ਨੂੰ ਲੱਦਾਖ ਦਾ ਹਿੱਸਾ ਦਸਿਆ ਗਿਆ ਹੈ।

ਮੀਡੀਆ ਰਿਪੋਰਟਾਂ ਦੇ ਮੁਤਾਬਕ ਨੇਪਾਲ ਸਰਕਾਰ ਨੇ ਛੇ ਨਵੰਬਰ ਨੂੰ ਕਾਲਾ ਪਾਣੀ ਨੂੰ ਭਾਰਤੀ ਨਕਸ਼ੇ ਵਿੱਚ ਸ਼ਾਮਲ ਕੀਤੇ ਜਾਣ ਉੱਤੇ ਇਤਰਾਜ਼ ਕੀਤਾ ਸੀ। ਪ੍ਰਧਾਨ ਮੰਤਰੀ ਓਲੀ ਨੇ ਕਿਹਾ ਸੀ ਕਿ ਨੇਪਾਲ ਸਰਕਾਰ ਕਾਲਾ ਪਾਣੀ ਤੋਂ ਭਾਰਤੀ ਸੁਰੱਖਿਆ ਫੋਰਸਾਂ ਨੂੰ ਹਟਾਉਣ ਲਈ ਜ਼ਰੂਰੀ ਕਦਮ ਚੁੱਕੇਗੀ, ਨੇਪਾਲ ਸਰਕਾਰ ਕਿਸੇ ਨੂੰ ਵੀ ਆਪਣੀ ਜਮੀਨ ਉੱਤੇ ਕਬਜ਼ਾ ਨਹੀਂ ਕਰਨ ਦੇਵੇਗੀ, ਇਸ ਲਈ ਭਾਰਤ ਸਰਕਾਰ ਨੂੰ ਆਪਣੀ ਸੁਰੱਖਿਆ ਫੋਰਸ ਕਾਲਾ ਪਾਣੀ ਤੋਂਹਟਾ ਲੈਣੀ ਚਾਹੀਦੀ ਹੈ। ਉਨ੍ਹਾ ਨੇ ਭਰੋਸਾ ਪ੍ਰਗਟ ਕੀਤਾ ਕਿ ਉਨ੍ਹਾਂ ਦੀ ਸਰਕਾਰ ਕਾਲਾ ਪਾਣੀ ਮਸਲੇ ਨੂੰ ਗੱਲਬਾਤ ਨਾਲ ਨਬੇੜ ਲਵੇਗੀ।

ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਸ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨਦੇ ਸਮਰੱਥ ਹੈ ਤੇ ਆਪਣੀ ਜ਼ਮੀਨ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਾਉਣ ਵਿੱਚ ਨੇਪਾਲੀ ਸੁਰੱਖਿਆ ਫੋਰਸਾਂ ਵੀ ਸਮਰੱਥ ਹਨ। ਪ੍ਰਧਾਨ ਮੰਤਰੀ ਓਲੀ ਦਾ ਇਹ ਬਿਆਨ ਉਦੋਂ ਆਇਆ,ਜਦੋਂਓਥੋਂ ਦੀ ਮੁੱਖ ਵਿਰੋਧੀ ਧਿਰ ਨੇਪਾਲੀ ਕਾਂਗਰਸ ਦੀ ਵਿਦਿਆਰਥੀ ਸ਼ਾਖਾ ਨੇ ਕਾਠਮੰਡੂ ਵਿੱਚ ਪ੍ਰਦਰਸ਼ਨ ਕਰ ਕੇ ਕਾਲਾਪਾਣੀ ਤੋਂ ਭਾਰਤੀ ਫੋਰਸ ਦੀ ਵਾਪਸੀ ਦੀ ਮੰਗ ਉਠਾਈ ਸੀ। ਨੇਪਾਲ ਦੀਆਂ ਸਾਰੀਆਂ ਪ੍ਰਮੁਖ ਸਿਆਸੀ ਪਾਰਟੀਆਂ ਨੇ ਭਾਰਤ ਸਰਕਾਰਵੱਲੋਂ ਜਾਰੀ ਕੀਤੇ ਨਵੇਂ ਨਕਸ਼ੇ ਉੱਤੇ ਇਤਰਾਜ਼ ਕੀਤਾ ਹੈ। ਨੇਪਾਲ ਦੇ ਵਿਦੇਸ਼ ਮੰਤਰਾਲੇ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਨੇਪਾਲ ਸਰਕਾਰ ਇਸ ਬਾਰੇ ਸਪਸ਼ਟ ਹੈ ਕਿ ਕਾਲਾ ਪਾਣੀ ਦਾ ਇਲਾਕਾ ਉਸ ਦਾ ਆਪਣਾ ਹੈ।

ਉਂਜ ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਓਲੀ ਨੇ ਇਸ ਮਸਲੇ ਉੱਤੇ ਪ੍ਰਮੁਖ ਪਾਰਟੀਆਂ ਦੇ ਨੇਤਾਵਾਂ ਦੀ ਬੈਠਕ ਸੱਦੀ ਸੀ, ਜਿਸ ਵਿੱਚ ਸਾਰਿਆਂ ਨੇ ਗੱਲਬਾਤ ਨਾਲ ਮਸਲਾ ਹੱਲ ਕਰਨ ਦੀ ਸਲਾਹ ਦਿੱਤੀ ਸੀ। ਕਾਲਾਪਾਣੀ ਇਲਾਕਾ ਉੱਤਰਾਖੰਡ ਦੇ ਧਾਰਚੂਲਾ ਇਲਾਕੇ ਨਾਲ ਲੱਗਦੀ ਨੇਪਾਲ ਦੀ ਸਰਹੱਦ ਨਾਲ ਜਾ ਲੱਗਦਾ ਹੈ। ਚੀਨ ਦੇ ਨੇੜੇ ਹੋਣ ਕਾਰਨ ਏਥੋਂ ਦਾ ਤਿਕੋਣਾ ਇਲਾਕਾ ਬਹੁਤ ਸੰਵੇਦਨਸ਼ੀਲ ਮੰਨਿਆ ਜਾਂਦਾ ਹੈ ਤੇ ਚੀਨ ਨਾਲ ਸਰਹੱਦੀ ਵਿਵਾਦ ਕਾਰਨ ਭਾਰਤੀ ਸੁਰੱਖਿਆ ਫੋਰਸਾਂ ਏਥੇ ਹਮੇਸ਼ਾ ਚੌਕਸ ਰਹਿੰਦੀਆਂਹਨ। ਪਿਛਲੇ ਮਹੀਨਿਆਂ ਵਿੱਚ ਨੇਪਾਲ ਅਤੇ ਚੀਨ ਦੇ ਸਬੰਧਾਂ ਵਿੱਚ ਵਧੀ ਜਾਂਦੀ ਮਜ਼ਬੂਤੀ ਇਸ ਇਲਾਕੇ ਦੀ ਸੰਵੇਦਨਸ਼ੀਲਤਾ ਨੂੰ ਹੋਰ ਵੀ ਵਧਾਉਣ ਲੱਗ ਪਈ ਹੈ।

# ਚੰਗਾਲੀਵਾਲਾ ਕਾਂਡ: ਮ੍ਰਿਤਕ ਜਗਮੇਲ ਦੇ ਪਰਿਵਾਰ ਤੇ ਸਰਕਾਰ ਵਿਚਾਲੇ 20 ਲੱਖ ਵਿੱਚ ਸਮਝੌਤਾ



ਚੰਡੀਗੜ੍ਹ, 18 ਨਵੰਬਰ, (ਪੋਸਟ ਬਿਊਰੋ)- ਪਿੰਡ ਸੰਗਰੂਰ ਦੇ ਪਿੰਡ ਚੰਗਾਲੀਵਾਲਾ ਵਿੱਚ ਦਲਿਤ ਨੌਜਵਾਨ ਦੀ ਬੇਰਹਿਮੀ ਨਾਲ ਕੀਤੀ ਗਈ ਹੱਤਿਆ ਦੇ ਮਾਮਲੇ ਵਿੱਚ ਸਾਰੇ ਪੰਜਾਬ ਵਿੱਚ ਪੈਦਾ ਹੋਈ ਹਲਚਲ ਅੱਜ ਇੱਕ ਸਮਝੌਤੇ ਨਾਲ ਖਤਮ ਹੋ ਗਈ ਹੈ। ਮ੍ਰਿਤਕ ਜਗਮੇਲ ਦੇ ਪਰਿਵਾਰ ਤੇ ਪੰਜਾਬ ਸਰਕਾਰਦਾ ਲਿਖਤੀ ਸਮਝੌਤਾ ਹੋ ਗਿਆ ਹੈ।

ਸਮਝੌਤਾ ਸਿਰੇ ਚੜ੍ਹਨ ਤੋਂ ਪਿੱਛੋਂ ਕੀਤੀ ਗਈ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਚਰਨਜੀਤ ਸਿੰਘ ਚੰਨੀ ਤੇ ਵਿਜੇਇੰਦਰ ਸਿੰਗਲਾ ਨੇ ਦੱਸਿਆ ਕਿ ਸਮਝੌਤੇ ਅਨੁਸਾਰ ਪੰਜਾਬ ਸਰਕਾਰ ਨੇ ਐਲਾਨ ਕੀਤਾ ਹੈ ਕਿ ਪੀੜਤ ਪਰਿਵਾਰ ਨੂੰ ਸਰਕਾਰ 20 ਲੱਖ ਰੁਪਏ ਮੁਆਵਜ਼ਾ ਦੇਵੇਗੀ ਅਤੇ ਮ੍ਰਿਤਕ ਦੀ ਪਤਨੀ ਨੂੰ ਸਰਕਾਰੀ ਨੌਕਰੀ ਦੇਣ ਦਾ ਵੀ ਐਲਾਨ ਕੀਤਾ ਗਿਆ ਹੈ। ਉਸ ਨੂੰ 5ਵੀਂ ਜਮਾਤ ਪਾਸ ਹੋਣ ਕਾਰਨਮੁੱਖ ਮੰਤਰੀ ਵੱਲੋਂ ਵਿੱਦਿਅਕ ਯੋਗਤਾ ਦੀ ਛੋਟ ਦੇ ਕੇ ਉਸ ਦੇ ਘਰ ਨੇੜੇ ਗਰੁੱਪ-ਡੀ ਦੀ ਸਰਕਾਰੀ ਨੌਕਰੀ ਦਿੱਤੀ ਜਾਵੇਗੀ। ਸਮਝੌਤੇ ਵਿੱਚ ਪੀੜਤ ਪਰਿਵਾਰ ਨੂੰ ਮਿਲਣ ਵਾਲੇ ਮੁਆਵਜ਼ੇ ਵਿੱਚੋਂ 6 ਲੱਖ ਰੁਪਏ ਪੋਸਟ ਮਾਰਟਮ ਵਾਲੇ ਦਿਨ ਤੇ ਬਾਕੀ 14 ਲੱਖ ਜਗਮੇਲ ਸਿੰਘ ਦੇ ਭੋਗ ਉੱਤੇ ਦਿੱਤੇ ਜਾਣਗੇ।ਇਸ ਦੇ ਨਾਲ ਉਸ ਦੇ ਬੱਚਿਆਂ ਦੀ ਗਰੈਜੂਏਸ਼ਨ ਤੱਕ ਪੜ੍ਹਾਈ ਦਾ ਖਰਚਾ ਸਰਕਾਰ ਵੱਲੋਂਦੇਣ ਦਾ ਐਲਾਨ ਕੀਤਾ ਗਿਆ ਹੈ। ਕੇਸ ਦੇ ਸੰਬੰਧ ਵਿਚ ਇਹ ਕਿਹਾ ਗਿਆ ਹੈ ਕਿ ਦੋਸ਼ੀਆਂ ਨੂੰ 3 ਮਹੀਨਿਆਂ ਦੇ ਅੰਦਰ ਬਣਦੀ ਸ਼ਜਾ ਦਿਵਾਉਣ ਦੀ ਕਾਨੂੰਨੀ ਕੋਸ਼ਿਸ਼ ਕੀਤੀ ਜਾਵੇਗੀ। ਸਮਝੌਤੇ ਪਿੱਛੋਂ ਪਰਿਵਾਰ ਨੇ ਮ੍ਰਿਤਕ ਜਗਮੇਲ ਸਿੰਘ ਉਰਫ ਜੱਗੂ ਦੇ ਪੋਸਟਮਾਰਟਮ ਲਈ ਸਹਿਮਤੀ ਦੇ ਦਿੱਤੀ ਹੈ ਅਤੇ ਸੰਘਰਸ਼ ਕਮੇਟੀ ਨੇ ਧਰਨਾ ਖਤਮ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਪ੍ਰਦਰਸ਼ਨ ਕਰਦੇ ਲੋਕਾਂ ਨੇ ਪਿੰਡ ਵਿਚ ਬੀਬੀ ਰਜਿੰਦਰ ਕੌਰ ਭੱਠਲ ਦੇ ਘਰ ਦਾ ਘਿਰਾਉ ਵੀ ਕੀਤਾ ਸੀ, ਜਿਸ ਦੌਰਾਨ ਉਨ੍ਹਾਂ ਦੀ ਪੁਲਸ ਨਾਲ ਧੱਕਾ-ਮੁੱਕੀ ਹੋਈ ਸੀ। ਪਰਿਵਾਰ ਵਾਲੇ ਪਹਿਲਾਂ 50 ਲੱਖ ਰੁਪਏ ਮੁਆਵਜ਼ੇ ਅਤੇ ਸਰਕਾਰੀ ਨੌਕਰੀ ਦੀ ਮੰਗ ਕਰਦੇ ਸਨ। ਕਿਸਾਨ ਅਤੇ ਸਮਾਜਿਕ ਜਥੇਬੰਦੀਆਂ ਕੱਲ੍ਹ ਰਾਤ ਵੀ ਧਰਨੇ ਉੱਤੇ ਬੈਠੀਆਂ ਰਹੀਆਂ ਸਨ। ਆਖਰ ਵਿੱਚ ਤਿੰਨ ਦਿਨਾਂ ਬਾਅਦ ਇਹ ਧਰਨਾ ਇੱਕ ਸਮਝੌਤਾ ਹੋਣ ਨਾਲ ਖ਼ਤਮ ਹੋ ਗਿਆ।

# ਪਾਕਿਸਤਾਨ ਵਿੱਚ ਇੱਕ ਸਾਫਟਵੇਅਰ ਇੰਜੀਨੀਅਰ ਸਣੇ 2 ਭਾਰਤੀ ਗ੍ਰਿਫਤਾਰ



ਲਾਹੌਰ, 18 ਨਵੰਬਰ, (ਪੋਸਟ ਬਿਊਰੋ)- ਪਾਕਿਸਤਾਨੀ ਅਧਿਕਾਰੀਆਂ ਨੇ ਅਪਣੇ ਦੇਸ਼ ਵਿੱਚ ਗੈਰ-ਕਾਨੂੰਨੀ ਦਾਖਲ ਹੋਣ ਦੇ ਦੋਸ਼ ਹੇਠ ਅੱਜ ਸੋਮਵਾਰ ਨੂੰ ਭਾਰਤ ਦੇ ਦੋ ਨਾਗਰਿਕਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਓਥੋਂ ਦੇ ਪ੍ਰਮੁੱਖ ਮੀਡੀਆ ਚੈਨਲ 'ਜਿਉ ਨਿਊਜ' ਦੀ ਖਬਰ ਮੁਤਾਬਕ ਭਾਰਤੀ ਨਾਗਰਿਕਾਂ ਦੀ ਪਛਾਣ ਮੱਧ ਪ੍ਰਦੇਸ਼ ਦੇ ਵਾਸੀ ਪ੍ਰਸ਼ਾਂਤ ਤੇ ਤੇਲੰਗਾਨਾ ਦੇ ਰਹਿਣ ਵਾਲੇ ਦਾਰੀਲਾਲ ਦੇ ਰੂਪ ਵਿੱਚ ਹੋਈ ਹੈ। ਖਬਰ ਵਿੱਚ ਪੁਲਸ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਦੋਵਾਂ ਨੂੰ ਪੰਜਾਬ ਸੂਬੇ ਦੇ ਬਹਾਵਲਪੁਰ ਵਿੱਚ ਹਿਰਾਸਤ ਵਿੱਚ ਲੈ ਕੇ ਮਾਮਲਾ ਦਰਜਾ ਕਰ ਲਿਆ ਗਿਆ ਹੈ।

ਇਸ ਸੰਬੰਧ ਵਿੱਚ ਪਾਕਿਸਤਾਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਫੜੇ ਗਏ ਦੋ ਭਾਰਤੀ ਨਾਗਰਿਕਾਂ ਕੋਲ ਜ਼ਰੂਰੀ ਦਸਤਾਵੇਜ ਨਹੀਂ ਸਨ। ਉਨ੍ਹਾਂ ਮੁਤਾਬਕ ਫੜੇ ਗਏ ਦੋਵੇਂ ਜਣਿਆਂ ਵਿੱਚੋਂ ਇਕ ਸਾਫਟਵੇਅਰ ਇੰਜੀਨੀਅਰ ਦੱਸਿਆ ਗਿਆ ਹੈ, ਜਿਸ ਨਾਲ ਪਾਕਿਸਤਾਨੀ ਅਧਿਕਾਰੀਆਂ ਨੇ ਇਸ ਗੱਲ ਬਾਰੇ ਚਿੰਤਾ ਪ੍ਰਗਟ ਕੀਤੀ ਹੈ ਕਿ ਉਸ ਨੂੰ ਅੱਤਵਾਦੀ ਹਮਲਿਆਂ ਲਈ ਤਾਂ ਪਾਕਿਸਤਾਨ ਦੇ ਵੱਲਨਹੀਂ ਭੇਜਿਆ ਗਿਆ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਅਗਸਤ ਵਿੱਚ ਪਾਕਿਸਤਾਨ ਦੀ ਪੰਜਾਬ ਪੁਲਸ ਨੇ ਡੇਰਾ ਗਾਜ਼ੀ ਖਾਨ ਸ਼ਹਿਰਤੋਂ ਇਕ ਭਾਰਤੀ ਨੂੰ ਗ੍ਰਿਫਤਾਰ ਕਰ ਉਸ ਨੂੰ ਖੁਫੀਆ ਏਜੰਸੀ ਨੂੰ ਸੌਂਪ ਦਿੱਤਾ ਸੀ। ਉਸ ਦੀ ਪਛਾਣ ਰਾਜੂ ਲਕਸ਼ਮਣ ਵਜੋਂ ਹੋਈ ਸੀ ਤੇ ਉਸ ਨੂੰ ਬਲੋਚਿਸਤਾਨ ਸੂਬੇ ਵਿੱਚ ਦਾਖਲ ਹੁੰਦੇ ਫੜਿਆ ਦੱਸਿਆ ਗਿਆ ਸੀ। ਪਾਕਿ-ਸਤਾਨ ਸਰਕਾਰ ਦੇ ਇੱਕ ਦਾਅਵੇ ਮੁਤਾਬਕਭਾਰਤੀ ਨਾਗਰਿਕ ਕੁਲਭੂਸ਼ਣ ਜਾਧਵ ਨੂੰ ਵੀ ਇਸੇ ਰਾਜ ਵਿੱਚਫੜਿਆ ਗਿਆ ਸੀ ਤੇ ਪਾਕਿ-ਸਤਾਨ ਦੀ ਇਕ ਫੌਜੀ ਅਦਾਲਤ ਨੇ ਜਾਸੂਸੀ ਤੇ ਅੱਤਵਾਦ ਦੇ ਦੋਸ਼ ਵਿੱਚ ਅਪ੍ਰੈਲ 2017 ਵਿੱਚ ਕੁਲਭੂਸ਼ਣ ਜਾਧਵ (49) ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ, ਜਿਸ ਪਿੱਛੋਂ ਭਾਰਤ ਨੇ ਉਸ ਦੀ ਫਾਂਸੀ ਦੀ ਸਜ਼ਾ ਅਤੇ ਅੱਗੇ ਦੀ ਪ੍ਰਕਿਰਿਆ ਉੱਤੇ ਰੋਕ ਲਾਉਣ ਦੀ ਅਪੀਲ ਕਰਦੇ ਹੋਏ ਅੰਤਰਰਾਸ਼ਟਰੀ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ।

# ਟੌਆਇਸ ਫਾਰ ਟੋਟਸ ਕੈਂਪੇਨ ਦਾ ਅਗਾਜ਼




ਬਰੈਂਪਟਨ (ਸੁਰਜੀਤ ਸਿੰਘ ਫਲੋਰਾ) ਇਹ ਸਭ 1993 ਵਿਚ ਸ਼ੁਰੂ ਹੋਇਆ ਸੀ ਜਦੋਂ ਪੀਲ ਰੀਜਨਲ ਪੁਲਿਸ ਨੇ ਟੌਆਏਸ ਫਾਰ ਟੋਟਸ ਮੁਹਿੰਮ ਚਲਾਉਣ ਲਈ ਕੈਨੇਡੀਅਨ ਟਾਇਰ ਅਤੇ ਸੈਲੀਵਰੇਸ਼ਨ ਆਰਮੀ ਨਾਲ ਸਾਂਝੇਦਾਰੀ ਲਈ ਹੱਥ ਮਿਲਾਇਆ ਸੀ। ਅਧਿਕਾਰੀਆਂ ਨੇ ਸ਼ੁਰੂ ਵਿਚ ਕਮਿਊਨਟੀ ਦੇ ਦੱਬੇ-ਕੁਚਲੇ , ਅਪਾਹਜ, ਗਰੀਬ ਗੁਰਬੇ ਬੱਚਿਆਂ ਲਈ ਨਵੇਂ ਖਿਡੌਣੇ ਖਰੀਦਣ ਲਈ ਦਾਨ ਇਕੱਠੇ ਕੀਤੇ। ਜਿਹਨਾਂ ਨੂੰ ਅਸੀਂ ਹਰ ਸਾਲ ਪਰਿਵਾਰਾਂ ਨੂੰ ਉਮੀਦ ਅਤੇ ਉਤਸ਼ਾਹ ਦਾ ਸੰਦੇਸ਼ ਦੇ ਕੇ ਵੱਧ ਤੋਂ ਵੱਧ ਬੱਚਿਆਂ ਤਕ ਪਹੁੰਚਣ ਦੀ ਕੋਸ਼ਿਸ਼ ਕਰਦੇ ਹਾਂ। 2018 ਵਿੱਚ ਮੁਹਿੰਮ ਵਿੱਚ ਤਕਰੀਬਨ 9,000 ਪਰਿਵਾਰਾਂ ਦੀ ਸਹਾਇਤਾ ਕੀਤੀ ਗਈ। ਕਾਂਸਟੇਬਲ ਐਮਿਲੀ ਰੋਜਰਸ ਟੌਟਸ ਮੁਹਿੰਮ ਲਈ 2019 ਟੌਇਸ ਦੀ ਚੇਅਰਪਰਸਨ ਹੈ, ਅਤੇ ਉਹ ਕਹਿੰਦੀ ਹੈ, "ਇਹ ਬਹੁਤ ਹੀ ਵਧੀਆ ਮੌਕਾ ਹੈ ਕਿ ਬਹੁਤ ਸਾਰੇ ਬੱਚਿਆਂ ਅਤੇ ਲੋੜਵੰਦ ਪਰਿਵਾਰਾਂ ਨੂੰ ਕ੍ਰਿਸਮਿਸ ਦਾ ਤੋਹਫਾ ਦੇ ਸਕੀਏ, ਟੌਟਸ ਲਈ ਖਿਡੌਣੇ ਨਵੇਂ, ਗਿਫਟ ਕਾਰਡ, ਨਕਦ ਅਤੇ ਕੈਨੇਡੀਅਨ ਟਾਇਰ ਦੇ ਪੈਸੇ ਇਕੱਠੇ ਕਰਨ ਦੇ 27 ਵੇਂ ਸੀਜ਼ਨ ਵਿਚ ਅਸੀਂ ਹਾਂ। ਛੁੱਟੀਆਂ ਦੌਰਾਨ ਸਹਾਇਤਾ ਦੀ ਜ਼ਰੂਰਤ ਵਾਲੇ ਪਰਿਵਾਰਾਂ ਨੂੰ ਖਿਡੌਣੇ ਪ੍ਰਦਾਨ ਕਰਨ ਲਈ ਸਾਡੀ ਸਾਲਵੇਸ਼ਨ ਆਰਮੀ ਅਤੇ ਕੈਨੇਡੀਅਨ ਟਾਇਰ ਨਾਲ ਸਾਂਝੇਦਾਰੀ ਹੈ. ਅਸੀਂ ਹਮੇਸ਼ਾਂ ਵੱਡੇ ਬੱਚਿਆਂ (10-14-ਸਾਲ ਦੀ ਰੇਂਜ) 'ਤੇ ਜ਼ੋਰ ਦਿੰਦੇ ਹਾਂ ਕਿਉਂਕਿ ਅਸੀਂ ਅਕਸਰ ਇਸ ਉਮਰ ਦੇ ਬੱਚਿਆਂ ਲਈ ਕੁਝ ਕਰਨ ਤੋਂ ਅਸਮਰਥ ਹੁੰਦੇ ਹਾਂ। ਇਹ ਮੁਹਿੰਮ 13 ਨਵੰਬਰ ਤੋਂ ਦਸੰਬਰ 15 ਤੱਕ ਚੱਲ ਰਹੀ ਹੈ ਪੀਲ ਖੇਤਰ ਵਿਚਲੀ ਉਦਾਰਤਾ ਅਵਿਸ਼ਵਾਸ਼ਯੋਗ ਹੈ ਅਤੇ ਮੈਂ ਇਸ ਸਾਲ ਉਸਦੀ ਇਕ ਹੋਰ ਸਫਲ ਮੁਹਿੰਮ ਦਾ ਇੰਤਜ਼ਾਰ ਕਰ ਰਹੀ ਹਾਂ ।

# ਪੁਲਸ ਅਤੇ ਬਦਮਾਸ਼ਾਂ ਵਿੱਚ ਫਾਇਰਿੰਗ ਪਿੱਛੋਂ ਅਸਲੇ ਸਮੇਤ ਚਾਰ ਕਾਬੂ


ਬਰਨਾਲਾ, 18 ਨਵੰਬਰ (ਪੋਸਟ ਬਿਊਰੋ)- ਲੁੱਟ ਖੋਹ ਦੀ ਯੋਜਨਾ ਬਣਾਉਂਦੇ ਹੋਏ ਚਾਰ ਬਦਮਾਸ਼ਾਂ ਨੂੰ ਸੀ ਆਈ ਏ ਸਟਾਫ ਬਰਨਾਲਾ ਦੀ ਪੁਲਸ ਨੇ ਫੜਿਆ ਹੈ। ਇਨ੍ਹਾਂ ਨੂੰ ਫੜਨ ਸਮੇਂ ਪੁਲਸ ਤੇ ਬਦਮਾਸ਼ਾਂ ਵਿੱਚ ਫਾਇਰਿੰਗ ਵੀ ਹੋਈ।

ਪਤਾ ਲੱਗਾ ਹੈ ਕਿ ਇਨ੍ਹਾਂ ਵਿੱਚੋਂ ਦੋ ਬਦਮਾਸ਼ਾਂ 'ਤੇ ਕਤਲ ਦਾ ਕੇਸ ਦਰਜ ਹਨ। ਇੱਕ ਬਦਮਾਸ਼ ਹਾਲੇ ਤੱਕ ਕਿਸੇ ਵੀ ਕੇਸ ਵਿੱਚ ਪੁਲਸ ਦੇ ਹੱਥੇ ਨਹੀਂ ਚੜ੍ਹਿਆ ਸੀ ਅਤੇ ਉਹ ਕਈ ਸਾਲਾਂ ਤੋਂ ਭਗੌੜਾ ਚਲਿਆ ਆ ਰਿਹਾ ਸੀ। ਇਸ ਬਾਰੇ ਪ੍ਰੈੱਸ ਕਾਨਫਰੰਸ ਵਿੱਚ ਐੱਸ ਐੱਸ ਪੀ ਹਰਜੀਤ ਸਿੰਘ ਨੇ ਦੱਸਿਆ ਕਿ ਸੀ ਆਈ ਏ ਸਟਾਫ ਦੇ ਇੰਚਾਰਜ ਬਲਜੀਤ ਸਿੰਘ ਨੇ ਪਿੰਡ ਪੱਖੋਂ ਕਲਾਂ ਵਿੱਚ ਨਾਕਾ ਲਾਇਆ ਹੋਇਆ ਸੀ, ਜਿੱਥੇ ਮੁਖਬਰ ਨੇ ਸੂਹ ਦਿੱਤੀ ਕਿ ਲਵਜੀਤ ਸਿੰਘ ਲਵੀ ਵਾਸੀ ਖੱਖ, ਤਰਨ ਤਾਰਨ, ਅਮਰਵੀਰ ਸਿੰਘ ਮਿੰਟਾ ਵਾਸੀ ਬਰਨਾਲਾ, ਪਰਵਿੰਦਰ ਸਿੰਘ ਗੱਗੂ ਵਾਸੀ ਸੱਦੋਹੇੜੀ, ਮਨੀਸ਼ ਪ੍ਰਭਾਕਰ ਵਾਸੀ ਬਰਨਾਲਾ, ਜੌਹਨੀ ਵਾਸੀ ਹੁਸ਼ਿਆਰਪੁਰ ਨੇ ਗੈਂਗ ਬਣਾ ਰੱਖਿਆ ਹੈ ਅਤੇ ਇਹ ਸਾਰੇ ਬਦਮਾਸ਼ ਇੱਕ ਕਾਰ ਵਿੱਚ ਸਵਾਰ ਹੋ ਕੇ ਲੁੱਟ ਖੋਹ ਦੀ ਤਾਕ ਵਿੱਚ ਹਨ। ਜਦੋਂ ਕਾਰ ਨੂੰ ਸੀ ਆਈ ਏ ਸਟਾਫ ਦੇ ਇੰਚਾਰਜ ਬਲਜੀਤ ਸਿੰਘ ਨੇ ਰੁਕਣ ਦਾ ਇਸ਼ਾਰਾ ਕੀਤਾ ਤਾਂ ਇਸ ਵਿਚਲੇ ਲੋਕਾਂ ਨੇ ਕਾਰ ਹੌਲੀ ਕੀਤੀ, ਪਰ ਰੁਕਣ ਦੀ ਥਾ ਪੁਲਸ ਪਾਰਟੀ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਪੁਲਸ ਨੇ ਆਪਣੀ ਗੱਡੀ ਟੇਢੀ ਕਰਕੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਉਸ ਤੇ ਉਨ੍ਹਾਂ ਨੇ ਪੁਲਸ 'ਤੇ ਫਿਰ ਤੋਂ ਫਾਇਰ ਕੀਤੇ। ਪੁਲਸ ਵੱਲੋਂ ਜਵਾਬੀ ਫਾਇਰਿੰਗ ਕਰਨ ਅਤੇ ਉਨ੍ਹਾਂ ਨੇ ਕਾਰ ਰੋਕ ਲਈ ਅਤੇ ਗੱਡੀ 'ਚ ਤਿੰਨ ਵਿਅਕਤੀ ਨਿਕਲ ਆਏ ਅਤੇ ਦੋ ਜਣਿਆਂ ਨੇ ਫਿਰ ਕਾਰ ਭਜਾ ਲਈ। ਗੱਡੀ 'ਚੋਂ ਉਤਰੇ ਲਵਜੀਤ ਸਿੰਘ ਲਵੀ ਨੂੰ ਕਾਬੂ ਕਰ ਕੇ ਉਸ ਕੋਲੋਂ 32 ਬੋਰ ਪਿਸਤੌਲ ਅਤੇ ਕਾਰ ਕਾਰਤੂਸ ਬਰਾਮਦ ਕੀਤੇ ਗਏ ਹਨ।









# ਬਰੈਂਪਟਨ ਸਿਟੀ ਵੱਲੋਂ 550ਵਾਂ ਪ੍ਰਕਾਸ਼ ਪੁਰਬ ਮਨਾਇਆ ਗਿਆ









ਸੁਰਜੀਤ ਸਿੰਘ ਫਲੋਰਾ–

ਬਰੈਂਪਟਨ ਸਿਟੀ ਤੋਂ ਕੌਂਸਲ ਦੇ ਮੈਂਬਰ ਅਤੇ ਮੇਅਰ ਪੈਟਰਿਕ ਬਰਾਊਨ ਦੇ ਨਾਲ ਨਾਲ , ਸਿੱਖ, ਹਿੰਦੂ, ਮੁਸਲਿਮ, ਅਹਿਮਦੀਆ ਭਾਈਚਾਰੇ ਦੇ ਮੈਂਬਰਾਂ ਨੇ ਮਿਲਕੇ ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਦਾ 550 ਵਾਂ ਗੁਰਪੁਰਬ 17 ਨਵੰਬਰ ਨੂੰ ਸਿਟੀ ਹਾਲ ਵਿਖੇ ਮਨਾਇਆ। ਜਿਥੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਸ਼ਬਦ ਗਾਇਨ , ਚਾਹ ਪਾਣੀ ਦੇ ਲੰਗਰ ਦਾ ਸਿਟੀ ਵਲੋਂ ਪੂਰਾ ਪੂਰਾ ਪ੍ਰਬੰਦ ਕੀਤਾ ਹੋਇਆ ਸੀ।

ਤਕਰੀਬਨ 500 ਤੋਂ ਵੱਧ ਹਰ ਧਰਮ ਦੇ ਲੋਕਾਂ ਵਲੋਂ ਪਹੁੰਚ ਕੇ ਗੁਰੂ ਨਾਨਕ ਸਾਹਿਬ ਨੂੰ ਸਾਰੇ ਆਲਮ ਦਾ ਗੁਰੂ ਹੋਣ ਦਾ ਸਕੇਤ ਦਿੱਤਾ। ਉਹਨਾਂ ਕਿਹਾ ਕਿ ਗੁਰੂ ਸਾਹਿਬ ਸਭ ਦੇ ਸਾਂਝੇ ਸਨ। ਉਹਨਾਂ ਵਲੋਂ ਜੋ ਸੰਦੇਸ਼ ਸਭ ਨੂੰ ਦਿੱਤਾ ਗਿਆ ਉਹ ਇਕ ਹੀ ਸੀ , ਪਿਆਰ ਮੁਹੱਬਤ ਅਤੇ ਏਕਤਾ ਦਾ, ਜੋ ਸਾਨੂੰ ਸਭ ਨੂੰ ਮਨ ਕੇ ਉਸੇ ਮਾਰਗ ਤੇ ਚੱਲਣਾ ਚਾਹਿੰਦਾ ਹੈ।

ਪ੍ਰੋਗਰਾਮ ਦਾ ਅਗਾਜ਼ ਖਾਲਸਾ ਕਮਿਊਨਟੀ ਸਕੂਲ ਦੇ ਬੱਚਿਆ ਵਲੋਂ ਹਰਮੋਨੀਅਮ ਦੇ ਨਾਲ ਓ ਕੈਨੇਡਾ ਅਤੇ ਫਿਰ ਗੁਰਬਾਣੀ ਸ਼ਬਦ ਨਾਲ ਕੀਤਾ ਗਿਆ। ਇਹਨਾਂ ਬੱਚਿਆਂ ਨੂੰ ਬਾਅਦ ਵਿਚ ਮੇਅਰ ਬਰਾਊਨ ਵਲੋਂ ਪਲੇਕ ਨਾਲ ਸਨਮਾਨ ਵੀ ਕੀਤਾ ਗਿਆ।

ਇਸ ਉਪਰੰਤ ਮੇਅਰ ਬਰਾਊਨ ਵਲੋਂ ਗੁਰੂ ਨਾਨਕ ਦੇਵ ਜੀ ਦੇ 550 ਵੇਂ ਗੁਰਪੁਰਬ ਦੀ ਸਿੱਖ ਕੌਮ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ, ਮੈਂ ਬਰੈਂਪਟਨ ਦੇ ਸਾਰੇ ਗੁਰਦੁਆਰਿਆਂ ਦਾ ਦੌਰਾ ਕੀਤਾ ਹੈ ਗੁਰੂ ਨਾਨਕ ਸਾਹਿਬ ਵਾਰੇ ਹੁਤ ਜਾਣਕਾਰੀ ਪ੍ਰਾਪਤ ਕੀਤੀ ਹੈ। ਇਸ ਦੇ ਨਾਲ ਹੀ ਸਿੱਖ ਭਾਈਚਾਰੇ ਨਾਲ ਗੱਲਬਾਤ ਕਰਨ ਤੇ ਗੁਰੁ ਸਾਹਿਬ ਦੀ ਭਗਤੀ ਤੋਂ ਪ੍ਰੇਰਣਾ ਪ੍ਰਾਪਤ ਕਰਨ ਦਾ ਸਨਮਾਨ ਮਿਲਿਆ ਹੈ ਜਿਸ ਨੂੰ ਮੈਂ ਪਹਿਲਾਂ ਵੇਖਿਆ ਹੈ.

ਗੁਰੂ ਨਾਨਕ ਦੇਵ ਜੀ ਦਾ ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਸ਼ਕਨ ਦੁਆਰਾ ਸਧਾਰਣ ਜੀਵਨ ਜਿਉਣ ਬਾਰੇ ਸੰਦੇਸ਼ ਸਚਿਆਈ ਨਾਲ ਜੀਉਣਾ, ਅਤੇ ਖੁੱਲ੍ਹੇ ਦਿਲ ਨਾਲ ਜੀਉਣ ਦਾ ਸੁਭਾਅ ਸਰਬ ਵਿਆਪਕ ਹੈ ਅਤੇ ਧਾਰਮਿਕ ਲੀਹਾਂ ਤੋਂ ਪਾਰ ਹੈ।

ਉਸਦਾ ਬਰਾਬਰੀ ਦਾ ਸੰਦੇਸ਼ ਸਾਨੂੰ ਯਾਦ ਦਿਵਾਉਂਦਾ ਹੈ ਕਿ ਭਾਵੇਂ ਉਹ ਆਦਮੀ ਹੈ ਜਾਂ ਅਮੀਰ, ਇੱਕ ਰਾਜਾ ਜਾਂ ਆਮ, ਅਮੀਰ ਜਾਂ ਗਰੀਬ, ਅਸੀਂ ਸਾਰੇ ਇਸ ਦੁਨੀਆਂ ਵਿੱਚ ਕੁਝ ਵੀ ਨਹੀਂ ਲੈ ਕੇ ਆਉਂਦੇ ਹਾਂ ਅਤੇ ਅਸੀਂ ਕੁਝ ਵੀ ਨਹੀਂ ਛੱਡਦੇ ਅਤੇ ਮਨੁੱਖ ਦੇ ਰੂਪ ਵਿੱਚ, ਅਸੀਂ ਸਾਰੇ ਬਰਾਬਰ ਹਾਂ।

ਜਾਤੀ, ਰੰਗ ਜਾਂ ਜਾਤੀ ਦੀ ਪਰਵਾਹ ਕੀਤੇ ਬਿਨਾਂ ਇੱਕ ਦੂਸਰੇ ਨੂੰ ਹਮਦਰਦੀ ਵਾਲਾ ਅਤੇ ਇੱਕ ਦੂਸਰੇ ਨੂੰ ਸਵੀਕਾਰ ਕਰਨ ਦਾ ਉਹਨਾਂ ਦਾ ਸੰਦੇਸ਼ ਸਾਨੂੰ ਦਿਆਲੂ ਬਣਨ ਦੀ ਯਾਦ ਦਿਵਾਉਂਦਾ ਹੈ ਅਤੇ ਇੱਕ ਦੂਜੇ ਦਾ ਸਤਿਕਾਰ ਕਰਨਾ ਅਤੇ ਸਭ ਤੋਂ ਮਹੱਤਵਪੂਰਣ ਹੋਣ ਦਾ ਸੰਕੇਤ ਦਿੰਦਾ ਹੈ। ਮੇਅਰ ਨੇ ਅੱਗੇ ਬੋਲਦੇ ਹੋਏ ਕਿਹਾ ਕਿ ਪਿਛਲੇ ਹਫ਼ਤੇ, ਕਰਤਾਰਪੁਰ ਲਾਂਘੇ ਦੀ ਯਾਦਗਾਰ ਦਾ ਉਦਘਾਟਨ ਇਕ ਉਦਾਹਰਣ ਸੀ ਕਿ ਕਿਵੇਂ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਸਰਵ ਵਿਆਪੀ ਹੈ ਅਤੇ ਧਰਮ ਤੋਂ ਪਰੇ ਹੈ। ਪਤਵੰਤਿਆਂ, ਭਾਈਚਾਰਿਆਂ ਅਤੇ ਵਸਨੀਕਾਂ ਨੇ ਉਸ ਦੀਆਂ ਸਿੱਖਿਆਵਾਂ ਦਾ ਇਕੋ ਜਿਹਾ ਹਵਾਲਾ ਦਿੱਤਾ ਕਿਉਂਕਿ ਉਨ੍ਹਾਂ ਲਾਂਘੇ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਸਨ।ਉਹ ਇਨਕਲਾਬੀ ਵਿਚਾਰ ਰੱਖਦੇ ਸਨ ਅਤੇ ਆਪਣੇ ਸਮੇਂ ਤੋਂ ਪਹਿਲਾਂ ਭਵਿਖ ਵਾਰੇ ਵੀ ਬਾਣੀ ਵਿਚ ਲਿਖ ਕੇ ਗਏ ਹਨ।ਉਹਨਾਂ ਇੰਨਵਾਰਮੈਨਟ ਵਾਤਾਵਰਣ ਦੀ ਉਦਾਹਰਨ ਦਿੰਦੇ ਹੋਏ ਕਿਹਾ ਕਿ ਗੁਰੁ ਸਾਹਿਬ ਸਦੀਆਂ ਪਹਿਲਾਂ ਇਸ ਵਾਰੇ ਵਚਨ ਕਰ ਗਏ ਸਨ ਜੋ ਸਾਇੰਸ ਅੱਜ ਤੱਕ ਉਹਨਾਂ ਦੀਆਂ ਸਿੱਖਆਵਾਂ ਨੂੰ ਪੜ੍ਹ ਕੇ ਸਮਝ ਕੇ ਉਸ ਤੇ ਚੱਲ ਕੇ ਉਹਨਾਂ ਨੂੰ ਲੱਭ ਕੇ ਉਹਨਾਂ ਦੇ ਬਚਨਾ ਨੂੰ ਸੱਚ ਸਾਬਿਤ ਕਰ ਰਹੀ ਹੈ।

ਉਹਨਾਂ ਅੱਗੇ ਬੋਲਦੇ ਹੋਏ ਇਹ ਵੀ ਕਿਹਾ ਕਿ ਅਸੀਂ ਵਾਤਾਵਰਨ ਨੂੰ ਹਰਾ ਭਰਾ ਰੱਖਣ ਲਈ ਅਸੀਂ 550 ਰੁੱਖ ਲਗਾਏ। ਮੇਅਰ ਬਰਾਊਨ ਨੇ ਅੱਗੇ ਬੋਲਦੇ ਹੋਏ ਇਹ ਵੀ ਕਿਹਾ ਕਿ ਗੁਰੂ ਨਾਨਕ ਦੇਵ ਜੀ ਆਪਣੇ ਸਮੇਂ ਤੋਂ ਪਹਿਲਾਂ ਸਭ ਕੁਝ ਲਿਖ ਗਏ ਸਨ ਜਿਵੇਂ ਕਿ , ਹਰ ਰੋਜ਼ ਅਰਦਾਸ ਕਰਦਿਆਂ ਇਹ ਯਾਦ ਦਿਵਾਇਆ ਕਿ ਹਵਾ ਸਾਡੇ ਗੁਰੂ, ਪਾਣੀ ਸਾਡੇ ਪਿਤਾ ਨੂੰ, ਅਤੇ ਮਹਾਨ ਧਰਤੀ ਸਾਡੀ ਮਾਂ ਹੈ.

"ਪਾਵਨ ਗੁਰੂ ਪਾਨੀ ਪਿਤਾ, ਮਾਤਾ ਧਰਮ ਮਹਤ"

ਜਿਵੇਂ ਕਿ ਮੈਂ ਕਿਹਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਸਰਵ ਵਿਆਪਕ ਹਨ ਅਤੇ ਧਾਰਮਿਕ ਲੀਹਾਂ ਤੋਂ ਪਾਰ ਹਨ। ਉਹ ਸਾਨੂੰ ਇੱਕ ਦੂਸਰੇ ਅਤੇ ਸਾਡੇ ਆਸ ਪਾਸ ਦੇ ਸੰਸਾਰ ਲਈ ਪਿਆਰ, ਦਿਆਲਗੀ ਅਤੇ ਸਤਿਕਾਰ ਨਾਲ ਭਰੀ ਸਧਾਰਣ ਜ਼ਿੰਦਗੀ ਜਿਉਣ ਲਈ ਪ੍ਰੇਰਤ ਕਰਦੀ ਹੈ। ਸਭ ਨੂੰ ਬਰੈਂਪਟਨ ਸਿਟੀ ਵਲੋਂ ਅਤੇ ਮੇਰੇ ਵਲੋਂ 550 ਵੇ ਗੁਰਪੁਰਬ ਦੀਆਂ ਬਹੁਤ ਬਹੁਤ ਮੁਬਾਰਕਾ।

ਗੁਰਦੁਆਰਾ ਜੋਤ ਪ੍ਰਕਾਸ਼ ਹੈਂਡ ਗ੍ਰੰਥੀ ਬਾਹੀ ਜਸਵੰਤ ਸਿੰਘ ਦਮਦਮਾ ਸਾਹਿਬ ਦੇ ਸਾਬਕਾ ਮੁੱਖ ਜਥੇਦਾਰ ਤਲਵੰਡੀ ਸਾਬੋ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਗੁਰੂ ਜੀ ਨੇ ਧਰਮਾਂ ਅਤੇ ਧਾਰਮਿਕ ਭਾਈਚਾਰਿਆਂ ਦਰਮਿਆਨ ਅੰਤਰ-ਵਿਸ਼ਵਾਸੀ ਸਦਭਾਵਨਾ ਅਤੇ ਸਥਿਰ ਗੱਲਬਾਤ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਹਨਾਂ ਨੇ ਵੱਖ-ਵੱਖ ਧਾਰਮਿਕ ਸਮੂਹਾਂ ਵਿਚਾਲੇ ਸੰਵਾਦ ਦੀ ਸੰਸਕ੍ਰਿਤੀ ਨੂੰ ਉਤਸ਼ਾਹਤ ਕਰਨ ਲਈ ਦੁਨੀਆ ਦੀ ਯਾਤਰਾ ਕੀਤੀ, ਉਹਨਾਂ ਦਾ ਸੰਦੇਸ਼ ਇਹ ਹੈ ਕਿ ਸਾਰੇ ਧਰਮ ਯੋਗਤਾ ਰੱਖਦੇ ਹਨ ਅਤੇ ਇਕਸੁਰਤਾਪੂਰਵਕ ਜੀਵਣ ਨੂੰ ਯਕੀਨੀ ਬਣਾਉਣ ਲਈ ਇਕ ਦੂਜੇ ਤੋਂ ਸਿੱਖਣਾ ਜ਼ਰੂਰੀ ਹੈ। "ਜੇ ਤੁਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਹੇ ਅਨੁਸਾਰ ਚਲਦੇ ਹੋ ਤਾਂ ਉਨ੍ਹਾਂ ਨੇ ਵਾਤਾਵਰਣ ਨੂੰ ਸੁਰੱਖਿਅਤ ਰੱਖਣ 'ਤੇ ਬਹੁਤ ਜ਼ੋਰ ਦਿੱਤਾ ਹੈ। ਅਸੀਂ ਭਾਈਚਾਰੇ ਦੇ ਲੋਕਾਂ ਨੂੰ ਕਹਿੰਦੇ ਹਾਂ, ਰੁੱਖ ਨਾ ਕੱਟੋ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ,' ਹਵਾ ਸਾਡਾ ਗੁਰੂ ਹੈ, ਪਾਣੀ ਸਾਡਾ ਪਿਤਾ ਹੈ, ਧਰਤੀ ਸਾਡੀ ਮਾਂ ਹੈ. ਉਹ ਸਾਨੂੰ ਜ਼ਿੰਦਗੀ ਦਿੰਦੇ ਹਨ, ਅਸੀਂ ਉਨ੍ਹਾਂ ਦੀ ਗੋਦ ਵਿਚ ਦਿਨ ਰਾਤ ਸੌਂਦੇ ਹਾਂ, ਇਸ ਲਈ ਸਾਨੂੰ ਉਨ੍ਹਾਂ ਨੂੰ ਖਰਾਬ ਨਹੀਂ ਕਰਨਾ ਚਾਹੀਦਾ. "

ਬਾਅਦ ਵਿਚ ਮੇਅਰ ਬਰਾ ਬਰਾਉਨ ਵਲੋਂ ਜਸਵੰਤ ਸਿੰਘ ਹੋਰਾਂ ਨੂੰ ਸਿੱਖ ਕੌਮ ਲਈ ਮਹਾਨ ਸੇਵਾਵਾਂ ਲਈ ਪਲੇਕ ਨਾਲ ਸਨਮਾਨਤ ਕੀਤਾ ਗਿਆ।

ਇਸ ਤੋਂ ਬਾਅਦ ਪੀਲ ਪੁਲਿਸ ਡਿਪਟੀ ਚੀਫ ਇੰਜੀਰਡ ਬਰਕਲੇ ਨੇ ਸਿੱਖ ਭਾਈਚਾਰੇ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਇੰਸਪੈਕਟਰ ਰਾਜ ਬੈਰਿੰਗ ਵਾਰੇ ਅਤੇ ਉਹਨਾਂ ਦੀਆਂ ਬਹ-ਮੁਲੀਆਂ ਸੇਵਾਵਾਂ ਵਾਰੇ ਬੋਲਦੇ ਹੋਏ ਕਿਹਾ ਕਿ ਉਹ ਮਹਾਨ ਅਤੇ ਮਿਹਨਤੀ ਪੁਲਿਸ ਆਫਿਸਰ ਹਨ ਜੋ ਸਨਮਾਨ ਦੇ ਹੱਕਦਾਰ ਹਨ। ਉਹਨਾਂ ਨੂੰ ਵੀ ਪਲੇਕ ਨਾਲ ਸਨਮਾਨ ਕੀਤਾ ਗਿਆ।

ਜਦੋਂਕਿ ਕੌਂਸਲਰ ਇੰਡੀਆ ਕੈਨੇਡਾ ਤੋਂ ਸ੍ਰੀਮਤੀ. ਭਾਰਤੀ ਦੂਤਘਰ ਕਨੇਡਾ ਦੇ ਅਪੂਰਵਾ ਸ਼੍ਰੀਵਾਸਤਵ ਨੇ ਵੀ ਇਸ ਮੌਕੇ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀਆਂ ਆਪਸੀ ਪਿਆਰ, ਸੱਚਾਈ, ਭਾਈਚਾਰੇ ਅਤੇ ਧਾਰਮਿਕਤਾ ਦੀਆਂ ਸਿੱਖਿਆਵਾਂ ਸਦੀਵੀ ਅਤੇ ਸਾਰਥਕ ਹਨ ਜੋ ਸੰਪਰਦਾਇਕ, ਫਿਰਕੂ ਅਤੇ ਖੇਤਰੀ ਫੁੱਟ ਨੂੰ ਖਤਮ ਕਰਦੀਆਂ ਹਨ।

ਪਾਕਿਸਤਾਨ ਦੇ ਡਿਪਟੀ ਕੌਂਸਲ ਜਨਰਲ ਸ੍ਰੀ ਮੁਹੰਮਦ ਜੁਨੈਦ, ਓਰਜ਼ ਹੀਰ, ਪਾਸਟਰ ਜੈਮੀ ਹੋਲਟੋਮ, ਪੰਡਿਤ ਰਿਸ਼ੀ ਅਚਾਰੀਆ, ਅਫਸ਼ਾਕ ਅਹਿਮਦ ਸਕੱਤਰ ਪਬਲਿਕ ਰਿਲੇਸ਼ਨ ਅਹਿਮਦੀਆ ਮੁਸਲਿਮ ਬਰੈਂਪਟਨ ਵੈਸਟ, ਮੌਲਾਨਾ ਉਮਰ ਸੂਬੇਦਾਰ, ਸਿੱਖ ਕੌਮ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਉਹੀ ਸੀ ਹਰ ਇਕ ਲਈ ਇਹ ਸ਼ਾਂਤੀ, ਏਕਤਾ ਅਤੇ ਪਿਆਰ ਵਾਲਾ ਸੀ। ਜਿਸ ਤੇ ਸਾਨੂੰ ਸਭ ਨੂੰ ਚੱਲਣ ਦੀ ਲੋੜ ਹੈ।


ਫੈਡਰਲ ਸਰਕਾਰ ਵੱਲੋਂ ਬਰੈਂਪਟਨ ਨਾਰਥ ਦੇ ਸੰਸਦ ਮੈਂਬਰ ਰੂਬੀ ਸਹੋਤਾ, ਬਰੈਂਪਟਨ ਈਸਟ ਦੇ ਸੰਸਦ ਮੈਂਬਰ ਮਨਿੰਦਰ ਸਿੱਧੂ, ਬਰੈਂਪਟਨ ਸਾਊਥ ਦੇ ਸੰਸਦ ਮੈਂਬਰ ਸੋਨੀਆ ਸਿੱਧੂ, ਬਰੈਂਪਟਨ ਸੈਂਟਰ ਦੇ ਸੰਸਦ ਮੈਂਬਰ ਰਮੇਸ਼ ਸੰਘਾ ਅਤੇ ਬਰੈਂਪਟਨ ਵੈਸਟ ਤੋਂ ਸੰਸਦ ਮੈਂਬਰ ਕਮਲ ਖਹਿਰਾ ਅਤੇ ਸੂਬੇ ਦੇ ਐਮ ਪੀ ਪੀ ਅਮਰਜੋਤ ਸੰਧੂ ਤੋਂ ਸਾਰਾ ਸਿੰਘ ਨੇ ਵੀ ਸਿੱਖ ਕੌਮ ਨੂੰ ਸਮਾਗਮਾਂ 'ਤੇ ਸ਼ਮੂਲੀਅਤ ਕੀਤੀ ਅਤੇ 550 ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੇ ਵਧਾਈ ਪੇਸ਼ ਕੀਤੀ।

ਬਰਾੜ ਗਰਾਜ ਡੋਰ


ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install
Garage Door Openers
• ਕਾਲ ਕਰੋ: 416-357-4082 •

## ਭਾਰਤ ਤੇ ਅਮਰੀਕਾ ਵਿਚਾਲੇ ਰੱਖਿਆ ਖੇਤਰ 'ਚ ਅਹਿਮ ਸਮਝੌਤਾ ਅਗਲੇ ਮਹੀਨੇ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-ਭਾਰਤ ਤੇ ਅਮਰੀਕਾ ਵਿਚਾਲੇ ਅਗਲੇ ਮਹੀਨੇ ਹੋਣ ਵਾਲੀ ਮੀਟਿੰਗ ਵਿਚ 'ਇੰਡਸਟਰੀਅਲ ਸਕਿਉਰਟੀ ਅਨੈਕਸ' (ਆਈ.ਐਸ.ਏ) ਸਮਝੌਤੇ ਉਪਰ ਦਸਤਖਤ ਹੋਣ ਦੀ ਸੰਭਾਵਨਾ ਹੈ। ਇਹ ਸਮਝੌਤਾ ਹੋਣ ਨਾਲ ਦੋਨਾਂ ਦੇਸ਼ਾਂ ਵਿਚਾਲੇ ਰਖਿਆ ਖੇਤਰ ਵਿਚ ਸਹਿਯੋਗ ਹੋਰ ਮਜਬੂਤ ਹੋ ਜਾਵੇਗਾ। ਅਮਰੀਕੀ ਸਰਕਾਰ ਤੇ ਅਮਰੀਕੀ ਸਨਅਤਕਾਰ ਭਾਰਤ ਦੇ ਰਖਿਆ ਖੇਤਰ ਨਾਲ ਜੁੜੀਆਂ ਨਿੱਜੀ ਫਰਮਾਂ ਨਾਲ ਵਿਸ਼ੇਸ਼ ਜਾਣਕਾਰੀ ਸਾਂਝੀ ਕਰ ਸਕਣਗੇ। ਇਸ ਸਮੇਂ ਅਮਰੀਕਾ ਸਰਕਾਰ 17 ਸਾਲ ਪਹਿਲਾਂ ਹੋਏ ਸਮਝੌਤੇ 'ਜਨਰਲ ਸਕਿਉਰਟੀ ਆਫ ਮਿਲਟਰੀ ਇਨਫਰਮੇਸ਼ਨ' ਤਹਿਤ ਇਹ ਜਾਣਕਾਰੀ ਭਾਰਤ ਸਰਕਾਰ ਤੇ ਸਰਕਾਰੀ ਫਰਮਾਂ ਨਾਲ ਹੀ ਸਾਂਝਾ ਕਰ ਸਕਦੀ ਹੈ। ਜਾਣਕਾਰ ਸੂਤਰਾਂ ਅਨੁਸਾਰ ਇਹ ਮੀਟਿੰਗ 18 ਦਸੰਬਰ ਨੂੰ ਵਾਸ਼ਿੰਗਟਨ ਵਿਚ ਹੋਣ ਦੀ ਸੰਭਾਵਨਾ ਹੈ ਤੇ ਇਸ ਵਿਚ ਦੋਨਾਂ ਦੇਸ਼ਾਂ ਦੇ ਵਿਦੇਸ਼ ਤੇ ਰਖਿਆ ਮੰਤਰੀ ਸ਼ਾਮਿਲ ਹੋਣਗੇ। ਪਿਛਲੇ ਕਾਫੀ ਸਮੇਂ ਤੋਂ ਇਹ ਮੀਟਿੰਗ ਕਿਸੇ ਨਾ ਕਿਸੇ ਕਾਰਨ ਨਿਸ਼ਚਤ ਨਹੀਂ ਹੋ ਸਕੀ। ਇਸ ਸਬੰਧੀ ਪਿਛਲੀ ਮੀਟਿੰਗ ਪਿਛਲੇ ਸਾਲ ਸਤੰਬਰ ਵਿਚ ਨਵੀਂ ਦਿੱਲੀ 'ਚ ਹੋਈ ਸੀ। ਪਿਛਲੇ ਸਮੇਂ ਵਿਚ ਰਖਿਆ, ਸੁਰੱਖਿਆ ਤੇ ਰਣਨੀਤਿਕ ਮੁੱਦਿਆਂ 'ਤੇ ਦੋਨਾਂ ਦੇਸ਼ਾਂ ਵਿਚਾਲੇ ਨਜ਼ਦੀਕੀਆਂ ਵਧੀਆਂ ਹਨ। ਪਿਛਲੇ ਤਿੰਨ ਸਾਲਾਂ ਦੌਰਾਨ ਫੌਜੀ ਸਹਿਯੋਗ ਮਜਬੂਤ ਕਰਨ ਲਈ ਦੋ ਬੁਨਿਆਦੀ ਸਮਝੌਤਿਆਂ ਨੂੰ ਨੇਪਰੇ ਚਾੜਨ ਉਪਰੰਤ ਭਾਰਤ ਤੇ ਅਮਰੀਕਾ ਰਖਿਆ ਖੇਤਰ 'ਚ ਸਨਅਤੀ ਸਹਿਯੋਗ ਵਧਾਉਣ ਲਈ ਨਵਾਂ ਸਮਝੌਤਾ ਕਰਨ ਦੇ ਨੇੜੇ ਪੁੱਜ ਗਏ ਹਨ। ਸੂਤਰਾਂ ਨੇ ਦੱਸਿਆ ਕਿ ਇਸ ਸਮਝੌਤੇ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

Study Visa / Visitor Visa
IELTS
LEARN & ACQUIER SKILLS TO SUCCEED

Canada Australia New Zealand USA UK
Garhshankar Chowk
Banga - 144505
Silvern Consultants
Vision. Passion. Excellence
+91-98887-12109
+91-70093-79011
01823-500594
info.silvernconsultants@gmail.com

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ

132"
88"
8 Seated Sofa
ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਵੱਖਵਾਦ ਅਤੇ ਡਾਲਰਾਂ ਦਾ ਲੜਾਈ ਵਿੱਚ ਅਲਬਰਟਾ ਅਤੇ ਕਿਉਬਿੱਕ ਦਾ ਅਨੋਖਾ ਰਿਸ਼ਤਾ

ਜੇਸਨ ਕੈਨੀ ਨੂੰ ਅੱਜ ਕੱਲ ਗੁੱਸਾ ਆਇਆ ਹੋਇਆ ਹੈ। ਇਸ ਗੁੱਸੇ ਦਾ ਕਾਰਣ ਕਈ ਪਾਸਿਆਂ ਤੋਂ ਘੋਖਿਆ ਜਾ ਸਕਦਾ ਹੈ ਪਰ ਵੱਡੇ ਕਾਰਣਾਂ ਵਿੱਚ ਕੰਜ਼ਰਵੇਟਿਵਾਂ ਦੇ ਹਾਰ ਜਾਣ ਤੋਂ ਬਾਅਦ ਅਲਬਰਟਾ ਲਈ ਓਟਾਵਾ ਤੋਂ ਡਾਲਰ ਲੈਣ ਦੀ ਮੰਗ ਅਤੇ ਪੱਛਮੀ ਪ੍ਰੋਵਿੰਸਾਂ ਵਿੱਚ ਉੱਠੀ ਵੱਖਵਾਦ ਦੀ ਸੁਰ ਹਨ। ਉਸਦੇ ਗੁੱਸੇ ਦੇ ਦੌਰ ਵਿੱਚ ਕਿਉਬਿੱਕ ਤੋਂ ਬਲਾਕ ਕਿਉਬਕੋਆ ਦੇ ਲੀਡਰ ਵੈਸ ਫਰੈਂਕੋਇ ਬਲੈਂਸ਼ਏ (Yves-François Blanchet) ਨਾਲ ਵੀ ਸਿੰਗ ਫਸ ਗਏ ਹਨ।

ਜੇਸਨ ਕੈਨੀ ਦਾ ਆਖਣਾ ਹੈ ਕਿ 1960 ਤੋਂ ਲੈ ਕੇ ਹੁਣ ਤੱਕ ਅਲਬਰਟਾ ਦੁਆਰਾ ਪ੍ਰੋਵਿੰਸਾਂ ਦਰਮਿਆਨ ਬਰਾਬਰੀ ਪੈਦਾ ਕਰਨ ਵਾਲੇ (Equilization payments) ਫਾਰਮੂਲੇ ਤਹਿਤ ਫੈਡਰਲ ਸਰਕਾਰ ਕੋਲ 600 ਬਿਲੀਅਨ ਡਾਲਰ ਜਮ੍ਹਾਂ ਕਰ ਚੁੱਕਾ ਹੈ। ਹੁਣ ਜਦੋਂ ਅਲਬਰਟਾ ਦੀ ਆਰਥਕਤਾ ਵਿੱਚ ਤੇਲ ਸੈਕਟਰ ਦੇ ਮੰਦਵਾੜੇ ਕਾਰਣ ਗਿਰਾਵਟ ਆ ਚੁੱਕੀ ਹੈ ਤਾਂ ਜੇਸਨ ਕੈਨੀ ਵੱਲੋਂ ਫੈਡਰਲ ਸਰਕਾਰ ਕੋਲੋਂ ਅਲਬਰਟਾ ਲਈ 1.7 ਬਿਲੀਅਨ ਡਾਲਰ ਦੀ ਸਹਾਇਤਾ ਮੰਗ ਕੀਤੀ ਜਾ ਰਹੀ ਹੈ। ਇਸ ਵਿੱਚ ਕਿਉਬਿੱਕ ਦਾ ਪੰਗਾ ਇਸ ਲਈ ਪੈ ਗਿਆ ਕਿ ਬੀਤੇ ਦਿਨੀਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਗੱਲਬਾਤ ਕਰਨ ਤੋਂ ਬਲਾਕ ਕਿਉਬਕੋਆ ਦੇ ਲੀਡਰ ਨੇ ਆਖ ਦਿੱਤਾ ਕਿ ਜੇ ਅਲਬਰਟਾ ਵਿੱਚ ਹੋਰ ਤੇਲ ਪਾਈਪ ਲਾਈਨਾਂ ਪੁੱਟਣ ਦੀ ਗੱਲ ਚੱਲੇਗੀ ਤਾਂ ਅਸੀਂ ਡੱਟ ਕੇ ਵਿਰੋਧ ਕਰਾਂਗੇ। ਤੇਲ ਦੀ ਖੁਦਾਈ ਅਲਬਰਟਾ ਲਈ ਅਹਿਮ ਹੈ ਜਦੋਂ ਕਿ ਲਿਬਰਲ ਪਾਰਟੀ ਦਾ ਇਸ ਵਾਰ ਨਾਅਰਾ 'ਵਾਤਾਵਰਣ ਦੀ ਰਖਵਾਲੀ' ਰਿਹਾ। ਚੋਣਾਂ ਤੋਂ ਬਾਅਦ ਪੱਛਮੀ ਪ੍ਰੋਵਿੰਸਾਂ ਖਾਸ ਕਰਕੇ ਅਲਬਰਟਾ ਵਿੱਚ ਕੈਨੇਡਾ ਤੋਂ ਅੱਡ ਹੋਣ ਜਾਂ ਵੱਧ ਅਧਿਕਾਰ ਦਿੱਤੇ ਜਾਣ ਦਾ ਮਾਹੌਲ ਪੈਦਾ ਹੋ ਚੁੱਕਾ ਹੈ।

ਬਲਾਕ ਕਿਉਬਕੋਆ ਦੇ ਲੀਡਰ ਦਾ ਪ੍ਰਧਾਨ ਮੰਤਰੀ ਨਾਲ ਸੁਰ ਮਿਲਾ ਕੇ ਦਿੱਤਾ ਬਿਆਨ ਜੇਸਨ ਕੈਨੀ ਲਈ ਅਸਹਿਣਯੋਗ ਸੀ। ਜਵਾਬ ਵਿੱਚ ਉਸ ਵੱਲੋਂ ਕਿਹਾ ਗਿਆ ਕਿ ਕਿਉਬਿੱਕ ਨੇ ਬੀਤੇ ਦਿਨੀਂ ਚਾਰ ਬਿਲੀਅਨ ਡਾਲਰ ਸਰਪੱਲਸ ਵਾਲਾ ਬੱਜਟ ਪੇਸ਼ ਕੀਤਾ ਹੈ। ਕੈਨੀ ਮੁਤਾਬਕ ਇਹ ਇਸ ਲਈ ਸੰਭਵ ਹੋਇਆ ਕਿਉਂਕਿ ਕਿਉਬਿੱਕ ਨੂੰ ਫੈਡਰਲ ਸਰਕਾਰ ਤੋਂ 13 ਬਿਲੀਅਨ ਡਾਲਰ ਮਿਲੇ ਹਨ ਜਦੋਂ ਕਿ ਅਲਬਰਟਾ ਫੈਡਰਲ ਨੂੰ Equilization payments ਅਦਾ ਕਰਦਾ ਖੁਦ ਕੰਗਾਲ ਹੋ ਚੁੱਕਾ ਹੈ। ਕੈਨੀ ਦਾ ਆਖਣਾ ਹੈ ਕਿ ਜੇ ਕਿਉਬਿੱਕ ਨੂੰ ਅਲਬਰਟਾ ਵਿੱਚ ਤੇਲ ਕਾਰਣ ਪੈਦਾ ਹੋਣ ਵਾਲੇ ਡਾਲਰ ਗੰਧਲੇ ਵਿਖਾਈ ਦੇਂਦੇ ਹਨ ਤਾਂ ਕਿਉਬਿੱਕ ਵੱਲੋਂ ਅਲਬਰਟਾ ਦੁਆਰਾ ਭੇਜੇ ਡਾਲਰ Equilization payments ਤਹਿਤ ਕਬੂਲ ਕਿਉਂ ਕੀਤੇ ਜਾਂਦੇ ਹਨ?

ਇੱਥੇ ਇਹ ਸਪੱਸ਼ਟ ਕੀਤਾ ਜਾਣਾ ਬਣਦਾ ਹੈ ਕਿ Equilization payments ਉਹ ਸਿਸਟਮ ਹੈ ਜਿਸ ਵਿੱਚ ਜਿਹੜੇ ਪ੍ਰੋਵਿੰਸਾਂ ਦੀ ਆਰਥਕਤਾ ਮਜ਼ਬੂਤ ਹੁੰਦੀ ਹੈ (haves), ਉਹ ਪੈਸੇ ਫੈਡਰਲ ਸਰਕਾਰ ਕੋਲ ਪੈਸੇ ਜਮ੍ਹਾ ਕਰਦੇ ਹਨ। ਕਮਜ਼ੋਰ ਆਰਥਕਤਾ ਵਾਲੇ (have nots) ਪ੍ਰੋਵਿੰਸਾਂ ਨੂੰ ਡੰਗ ਪੂਰਾ ਕਰਨ ਲਈ ਫੈਡਰਲ ਸਰਕਾਰ ਵੱਲੋਂ ਡਾਲਰ ਦਿੱਤੇ ਜਾਂਦੇ ਹਨ। ਇਹ ਸਿਸਟਮ ਕਨਫੈਡਰੇਸ਼ਨ ਬਣਨ ਦੇ ਦਿਨਾਂ ਤੋਂ ਹੀ ਚਲਿਆ ਆ ਰਿਹਾ ਹੈ ਪਰ 1957 ਤੋਂ ਇੱਕ ਵਿਧੀਵਤ ਸਿਸਟਮ ਲਾਗੂ ਕੀਤਾ ਗਿਆ। ਜੇ ਵਰਤਮਾਨ ਦੀ ਗੱਲ ਕੀਤੀ ਜਾਵੇ ਤਾਂ ਫੈਡਰਲ ਵਿੱਤ ਵਿਭਾਗ ਦੇ ਅੰਕੜਿਆਂ ਮੁਤਾਬਕ ਸਾਲ 2019-20 ਲਈ ਕਿਉਬਿੱਕ ਨੂੰ 13.1 ਬਿਲੀਅਨ ਡਾਲਰ ਮਿਲੇ ਜਦੋਂ ਕਿ ਮੈਨੀਟੋਬਾ, ਨਿਊ ਬਰੱਨਸਵਿੱਕ ਅਤੇ ਨੋਵਾ ਸਕੋਸ਼ੀਆ ਨੂੰ 2-2 ਬਿਲੀਅਨ ਅਤੇ ਪਿੰਸ ਐਡਵਾਰਡ ਆਈਲੈਂਡ ਨੂੰ 419 ਮਿਲੀਅਨ ਡਾਲਰ ਪ੍ਰਾਪਤ ਹੋਏ। 2019-20 ਦੀ ਲਿਸਟ ਮੁਤਾਬਕ ਉਂਟੇਰੀਓ, ਅਲਬਰਟਾ, ਬ੍ਰਿਟਿਸ਼ ਕੋਲੰਬੀਆ, ਨਿਊ ਫਾਉਂਡਲੈਂਡ ਐਂਡ ਲੈਬਰਾਡੋਰ ਅਤੇ ਸੈਸਕੈਚਵਨ haves ਪ੍ਰੋਵਿੰਸ ਹਨ।

ਬਦਲਵੇਂ ਸਿਆਸੀ ਸਮੀਕਰਣਾਂ ਦੇ ਚੱਲਦੇ ਇੱਕ ਦੋ ਚੀਜਾਂ ਬਹੁਤ ਹੀ ਦਿਲਚਸਪ ਮੋੜ ਲੈ ਰਹੀਆਂ ਹਨ। ਕਿਉਬਿੱਕ ਦੀ ਬਲਾਕ ਕਿਉਬਕੋਆ ਇੱਕ ਵੱਖਵਾਦੀ ਪਾਰਟੀ ਹੋਣ ਦੇ ਬਾਵਜੂਦ ਉਸ ਵੱਲੋਂ ਅਲਬਰਟਾ ਵਿੱਚ ਉੱਠੀ ਵੱਖਵਦੀ ਸੁਰ ਦੇ ਵਿਰੁੱਧ ਆਵਾਜ਼ ਚੁੱਕ ਰਹੀ ਹੈ। ਦੂਜੇ ਪਾਸੇ ਜੈਸਨ ਕੈਨੀ ਸਮੁੱਚੇ ਕੈਨੇਡਾ ਦੇ ਉਹਨਾਂ ਗਿਣੇ ਚੁਣੇ ਸਿਆਸਤਦਾਨਾਂ ਵਿੱਚੋਂ ਇੱਕ ਹੈ ਜੋ ਫੈਡਰਲ ਪੱਧਰ ਉੱਤੇ ਕੈਨੇਡੀਅਨ ਸਿਆਸਤ ਦੇ ਹਰ ਪੈਂਤੜੇ ਨੂੰ ਚੰਗੀ ਤਰਾਂ ਸਮਝਦਾ ਹੈ। ਪਰ ਬਦਲੇ ਹੋਏ ਮਾਹੌਲ ਦੇ ਰੰਗ ਵੇਖੋ ਕਿ ਉਹ ਆਪਣੇ ਫੈਡਰਲ ਅਕਸ ਨੂੰ ਤਿਆਗ ਕੇ ਖੇਤਰੀ ਵੱਖਵਾਦ ਵੱਲ ਝੁਕਾਅ ਕਰਨ ਲੱਗ ਪਿਆ ਹੈ। ਕੀ ਜੇਸਨ ਕੈਨੀ ਇਹ ਮਨ ਬਣਾ ਚੁੱਕਾ ਹੈ ਕਿ ਉਹ ਭੱਵਿਖ ਵਿੱਚ ਕਦੇ ਫੈਡਰਲ ਸਿਆਸਤ ਵਿੱਚ ਨਹੀਂ ਆਵੇਗਾ? ਇਸੇ ਤਰੀਕੇ ਬਲਾਕ ਕਿਉਬਕੋਆ ਲਈ ਸੁਆਲ ਹੈ ਕਿ ਹੱਦ ਤੱਕ ਉਹ ਫੈਡਰਲ ਪੱਖੀ ਹਨ ਅਤੇ ਕਿੱਥੇ ਜਾ ਕੇ ਉਹ ਵੱਖਵਾਦੀ ਬਣਦੇ ਹਨ?

## ਐੱਮ. ਪੀ. ਪੀ. ਅਮਰਜੋਤ ਸੰਧੂ ਵੱਲੋਂ ਏਅਰਬ੍ਰੇਕ ਰੀਨਿਊ ਟੈਸਟ ਖਤਮ ਕਰਨ ਲਈ ਬਿਲ ਪੇਸ਼

...ਪੰਨਾ 1 ਦਾ ਬਾਕੀ

ਹੁਣ ਉਨ੍ਹਾਂ ਨੂੰ ਬਿਲ ਪੇਸ਼ ਕਰਨ ਦਾ ਮੌਕਾ ਮਿਲਿਆ। ਬਿਲ ਪੇਸ਼ ਕਰਨ ਤੋਂ ਬਾਅਦ ਹੁਣ ਇਸ 'ਤੇ ਸੈਕੰਡ ਤੇ ਥਰਡ ਰੀਡਿੰਗ ਹੋਵੇਗੀ। ਇਸ ਵਿਚ ਕਿੰਨਾ ਸਮਾਂ ਲੱਗਦਾ ਹੈ, ਅਜੇ ਉਨ੍ਹਾਂ ਇਸ 'ਤੇ ਟਿੱਪਣੀ ਕਰਨ ਨੂੰ ਵਾਜਬ ਨਹੀਂ ਸਮਝਿਆ, ਪਰ ਉਨ੍ਹਾਂ ਕਿਹਾ ਕਿ ਮੈਨੂੰ ਯਕੀਨ ਹੈ ਕਿ ਸਾਰੀਆਂ ਪਾਰਟੀਆਂ ਦੇ ਮੈਂਬਰ ਇਸ ਬਿਲ 'ਤੇ ਸਹਿਮਤ ਹੋਣਗੇ ਤੇ ਹਰ ਕੋਈ ਚਾਹੁੰਦਾ ਹੈ ਕਿ ਟਰੱਕ ਡਰਾਇਵਰਾਂ ਨੂੰ ਇਸ ਪ੍ਰੀਕਿਰਿਆ ਤੋਂ ਛੋਟ ਮਿਲਣੀ ਚਾਹੀਦੀ ਹੈ। ਲੰਬੇ ਸਮੇਂ ਤੋਂ ਟਰੱਕ ਚਲਾ ਰਹੇ ਬਰੈਂਪਟਨ ਨਿਵਾਸੀ ਰਣਜੀਤ ਸਿੰਘ (ਬਾਈ ਜੀ) ਨੇ ਸਾਡੇ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅਮਰਜੋਤ ਸੰਧੂ ਕੋਲ ਅਸੀਂ ਲੰਬੇ ਸਮੇਂ ਤੋਂ ਇਹ ਮੰਗ ਉਠਾਉਂਦੇ ਆ ਰਹੇ ਸੀ, ਜੋ ਉਨ੍ਹਾਂ ਇਹ ਬਿਲ ਪੇਸ਼ ਕੀਤਾ ਇਸ ਪ੍ਰਤੀ ਸਾਰੇ ਡਰਾਇਵਰ ਭਾਈਚਾਰੇ 'ਚ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਏਅਰਬ੍ਰੇਕ ਨਾਲ ਸਬੰਧਤ 20 ਸਵਾਲਾਂ ਦਾ ਇਕ ਪੇਪਰ ਹੁੰਦਾ ਹੈ। ਬਹੁਤ ਸਾਰੇ ਡਾਰਇਵਰ ਭਾਵੇਂ ਪ੍ਰੈਕਟੀਕਲੀ ਚੰਗੀ ਤਰ੍ਹਾਂ ਉਨ੍ਹਾਂ ਨੂੰ ਸਮਝਦੇ ਹਨ ਤੇ ਰੂਟੀਨ 'ਚ ਕਰਦੇ ਹਨ, ਪਰ ਫੇਰ ਵੀ ਭਾਸ਼ਾ ਨਾ ਆਉਣ ਕਾਰਨ ਟਪਲਾ ਖਾ ਜਾਂਦੇ ਹਨ ਤੇ ਇਨ੍ਹਾਂ ਟੈਸਟਾਂ 'ਚ ਫੇਲ ਹੋ ਜਾਂਦੇ ਹਨ। ਇਸ ਤੋਂ ਬਾਅਦ ਉਹ ਆਪਣੇ ਨਾਲ ਇੰਟਰਪ੍ਰਿਟਰ ਲੈ ਕੇ ਜਾਂਦੇ ਹਨ, ਜਿਸ ਦਾ ਖਰਚਾ ਵੱਖਰਾ ਹੁੰਦਾ ਹੈ ਤੇ ਫ਼ੀਸ ਵੱਖਰੀ ਹੁੰਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਕੋਈ ਵਿਅਕਤੀ ਇਸ ਪੇਪਰ 'ਚ ਫੇਲ ਹੋ ਜਾਂਦਾ ਸੀ ਤੇ ਅੱਗੇ ਕਿਤੇ ਭੁਲੇਖੇ ਨਾਲ ਤਰੀਕ ਮਿਸ ਕਰ ਜਾਂਦਾ ਸੀ ਤਾਂ ਉਸ ਦਾ ਲਾਈਸੰਸ ਤੁਰੰਤ ਏ ਜੈਡ ਤੋਂ ਘਟਾ ਕੇ ਡੀ ਕਰ ਦਿੱਤਾ ਜਾਂਦਾ ਸੀ, ਜਿਸ ਕਰਕੇ ਉਹ ਟਰੱਕ ਚਲਾਉਣ ਤੋਂ ਵਾਂਝਾ ਹੋ ਜਾਂਦਾ ਸੀ। ਇਸ ਤਰ੍ਹਾਂ ਉਸ ਦੇ ਕੰਮਕਾਜ 'ਤੇ ਵੱਡਾ ਅਸਰ ਪੈਂਦਾ ਸੀ। ਉਨ੍ਹਾਂ ਅਮਰਜੋਤ ਸੰਧੂ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਨਾਲ ਹੀ ਇਹ ਵੀ ਆਸ ਜਾਹਿਰ ਕੀਤੀ ਤੇ ਬਾਕੀ ਐਨ.ਡੀ.ਪੀ. ਤੇ ਲਿਬਰਲ ਪਾਰਟੀ ਦੇ ਐਮ.ਪੀ.ਪੀ. ਵੀ ਇਸ ਦੇ ਹੱਕ 'ਚ ਵੋਟ ਪਾਉਣ ਤਾਂ ਜੋ ਡਰਾਇਵਰ ਭਾਈਚਾਰੇ ਨੂੰ ਵੱਡੀ ਰਾਹਤ ਮਿਲ ਸਕੇ।

## ਹੜਤਾਲ ਲਈ ਬਾਜ਼ਿੱਦ ਅਧਿਆਪਕਾਂ ਨਾਲ ਵਿਚੋਲਗੀ ਰਾਹੀਂ ਮਸਲਾ ਹੱਲ ਕਰਨ ਦੀ ਲਿਚੇ ਨੇ ਕੀਤੀ ਪੇਸ਼ਕਸ਼

...ਪੰਨਾ 1 ਦਾ ਬਾਕੀ

ਪ੍ਰੋਵਿੰਸ ਦੇ ਪਬਲਿਕ ਐਲੀਮੈਂਟਰੀ ਅਧਿਆਪਕਾਂ ਦੀ ਨੁਮਾਇੰਦਗੀ ਕਰਨ ਵਾਲੀ ਓਨਟਾਰੀਓ ਦੀ ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਕਾਂਟਰੈਕਟ ਸਬੰਧੀ ਕੋਈ ਗੱਲ ਨਾ ਬਣਨ ਕਾਰਨ 26 ਨਵੰਬਰ ਤੋਂ ਹੜਤਾਲ ਉੱਤੇ ਜਾਣ ਲਈ ਤਿਆਰੀ ਕਰ ਰਹੀ ਹੈ।
ਦ ਓਨਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ, ਜੋ ਕਿ ਪਬਲਿਕ ਹਾਈ ਸਕੂਲ ਟੀਚਰਜ਼ ਦੀ ਨੁਮਾਇੰਦਗੀ ਕਰਦੀ ਹੈ, ਨੇ ਅੱਜ ਇਹ ਐਲਾਨ ਕੀਤਾ ਕਿ 95 ਫੀ ਸਦੀ ਅਧਿਆਪਕਾਂ ਨੇ ਹੜਤਾਲ ਦੇ ਪੱਖ ਵਿੱਚ ਹਾਮੀ ਭਰੀ ਹੈ। ਇਸ ਦੇ ਨਾਲ ਹੀ ਐਜੁਕੇਸ਼ਨ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਦੇ 92 ਫੀ ਸਦੀ ਮੈਂਬਰਾਂ ਨੇ ਵੀ ਹੜਤਾਲ ਦੇ ਪੱਖ ਵਿਚ ਵੋਟ ਕੀਤਾ ਹੈ। ਅੱਜ ਤੋਂ ਓਐਸਐਸਟੀਐਫ ਪਹਿਲਾਂ ਹੀ ਹੜਤਾਲ ਵਾਲੀ ਸਥਿਤੀ ਵਿੱਚ ਹੈ। ਹਾਲਾਂਕਿ ਹੜਤਾਲ ਤੋਂ ਪਹਿਲਾਂ ਪੰਜ ਦਿਨ ਦਾ ਨੋਟਿਸ ਦਿੱਤਾ ਜਾਣਾ ਜ਼ਰੂਰੀ ਹੈ ਤੇ ਅਜਿਹਾ ਅਜੇ ਤੱਕ ਨਹੀਂ ਹੋਇਆ ਹੈ।
ਸੋਮਵਾਰ ਸਵੇਰੇ ਯੂਨੀਅਨਾਂ ਨੂੰ ਇਹ ਪੇਸ਼ਕਸ਼ ਕੀਤੀ ਗਈ ਕਿ ਇਸ ਮਸਲੇ ਨੂੰ ਕਿਸੇ ਤੀਜੀ ਧਿਰ ਦੀ ਵਿਚੋਲਗੀ ਨਾਲ ਹੱਲ ਕਰ ਲਿਆ ਜਾਵੇ। ਪਰ ਅਜੇ ਤੱਕ ਜਨਤਕ ਤੌਰ ਉੱਤੇ ਯੂਨੀਅਨਾਂ ਨੇ ਇਸ ਪੇਸ਼ਕਸ਼ ਨੂੰ ਸਵੀਕਾਰ ਨਹੀਂ ਕੀਤਾ ਹੈ।

## ਸਰਦ ਮੌਸਮ ਲੰਮਾਂ, ਠੰਢਾ ਯਖ਼ ਤੇ ਬਰਫੀਲਾ ਰਹਿਣ ਦੀ ਸੰਭਾਵਨਾ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਕਈ ਕੈਨੇਡੀਅਨਾਂ ਲਈ ਤਾਂ ਇਹ ਕਾਫੀ ਲੰਮੀਂ ਚੱਲੇਗੀ। ਪਰ ਬ੍ਰਿਟਿਸ਼ ਕੋਲੰਬੀਆ ਵਿੱਚ ਹਾਲਾਤ ਬਿਹਤਰ ਨਜ਼ਰ ਆ ਰਹੇ ਹਨ, ਜਿੱਥੇ ਤਾਪਮਾਨ ਆਮ ਨਾਲੋਂ ਥੋੜ੍ਹਾ ਵੱਧ ਰਹੇਗਾ ਤੇ ਬਰਫਬਾਰੀ ਆਮ ਨਾਲੋਂ ਮਾੜੀ ਜਿਹੀ ਘੱਟ। ਉਨ੍ਹਾਂ ਆਖਿਆ ਕਿ ਦੋ ਹਫਤਿਆਂ ਦੇ ਅਰਸੇ ਵਿੱਚ ਠੰਢ ਦਾ ਜ਼ੋਰ ਪੈਸਿਫਿਕ ਤੱਟ ਵੱਲ ਵੱਧ ਜਾਵੇਗਾ। ਬ੍ਰਿਟਿਸ਼ ਕੋਲੰਬੀਆ ਦੇ ਸਕੀਅ ਏਰੀਆ ਵਿੱਚ ਵੀ ਤਾਪਮਾਨ ਵੱਧ ਰਹਿਣ ਦੇ ਬਾਵਜੂਦ ਹਾਲਾਤ ਸਾਜ਼ਗਾਰ ਰਹਿਣਗੇ। ਸਕੌਟ ਨੇ ਆਖਿਆ ਕਿ ਅਲਬਰਟਾ ਵਿੱਚ ਦੱਖਣ ਵਾਲੇ ਪਾਸੇ ਆਮ ਨਾਲੋਂ ਵੱਧ ਬਰਫਬਾਰੀ ਹੋਵੇਗੀ ਤੇ ਪ੍ਰੋਵਿੰਸ ਭਰ ਵਿੱਚ ਤਾਪਮਾਨ ਵਿੱਚ ਠਾਰੀ ਬਣੀ ਰਹੇਗੀ। ਸਸਕੈਚਵਨ ਤੇ ਮੈਨੀਟੋਬਾ ਵੀ ਠੰਢ ਵਿੱਚ ਜਕੜਿਆ ਰਹੇਗਾ। ਇਹ ਰੁਝਾਨ ਪ੍ਰੇਰੀਜ਼ ਦੇ ਦੱਖਣੀ ਹਿੱਸਿਆਂ ਵਿੱਚ ਵੀ ਬਣਿਆ ਰਹੇਗਾ। ਸਕੌਟ ਨੇ ਆਖਿਆ ਕਿ ਦੱਖਣੀ ਓਨਟਾਰੀਓ ਤੋਂ ਦੱਖਣੀ ਕਿਊਬਿਕ ਵਿੱਚ ਆਮ ਨਾਲੋਂ ਵੱਧ ਠੰਢ ਰਹਿਣ ਦੀ ਸੰਭਾਵਨਾ ਹੈ ਤੇ ਇੱਥੇ ਆਮ ਨਾਲੋਂ ਵੱਧ ਬਰਫਬਾਰੀ ਹੋ ਸਕਦੀ ਹੈ। ਕਿਊਬਿਕ ਤੇ ਓਨਟਾਰੀਓ ਵਿੱਚ ਤੂਫਾਨ ਆਉਣ ਦੀ ਵੀ ਸੰਭਾਵਨਾ ਹੈ ਪਰ ਬਰਫਬਾਰੀ ਰਲਵੀਂ ਮਿਲਵੀਂ ਹੋ ਸਕਦੀ ਹੈ। ਉਨ੍ਹਾਂ ਆਖਿਆ ਕਿ ਬਹਾਰ ਦਾ ਮੌਸਮ ਮਾਰਚ ਦੇ ਅੰਤ ਵਿੱਚ ਜਾਂ ਅਪਰੈਲ ਦੇ ਸ਼ੁਰੂ ਵਿੱਚ ਆ ਸਕਦਾ ਹੈ।
ਸਕੌਟ ਨੇ ਆਖਿਆ ਕਿ ਐਟਲਾਂਟਿਕ ਕੈਨੇਡਾ ਵਿੱਚ ਭਾਵੇਂ ਬਹੁਤ ਜ਼ਿਆਦਾ ਠੰਢ ਨਹੀਂ ਹੋਵੇਗੀ ਪਰ ਤੂਫਾਨਾਂ ਵਾਲਾ ਸੀਜ਼ਨ ਰਹਿ ਸਕਦਾ ਹੈ। ਨਿਊ ਬਰੰਜ਼ਵਿੱਕ ਤੇ ਪ੍ਰਿੰਸ ਐਡਵਰਡ ਆਈਲੈਂਡ ਵਿੱਚ ਭਾਰੀ ਬਰਫਬਾਰੀ ਹੋਣ ਦੀ ਪੇਸ਼ੀਨਿਗੋਈ ਕੀਤੀ ਗਈ ਹੈ ਜਦਕਿ ਨੋਵਾ ਸਕੋਸ਼ੀਆ ਵਿੱਚ ਬਰਫਬਾਰੀ ਤੇ ਮੀਂਹ ਪੈ ਸਕਦੇ ਹਨ। ਨਿਊਫਾਉਂਡਲੈਂਡ ਤੇ ਲੈਬਰਾਡੋਰ ਵਿੱਚ ਔਸਤ ਬਰਫਬਾਰੀ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ। ਨੂਨਾਵੱਤ ਤੇ ਨੌਰਥਵੈਸਟ ਟੈਰੇਟਰੀਜ਼ ਵਿੱਚ ਮੌਸਮ ਆਮ ਸਿਆਲਾਂ ਵਾਲਾ ਰਹੇਗਾ। ਪਰ ਯੂਕੌਨ ਵਿੱਚ ਸਰਦ ਰੁੱਤ ਆਮ ਨਾਲੋਂ ਨਿੱਘੇ ਰਹਿਣ ਦੀ ਸੰਭਾਵਨਾ ਹੈ। ਯੂਕੌਨ ਤੇ ਬ੍ਰਿਟਿਸ਼ ਕੋਲੰਬੀਆ ਹੀ ਦੇਸ਼ ਦੇ ਅਜਿਹੇ ਹਿੱਸੇ ਹਨ ਜਿੱਥੇ 2020 ਵਿੱਚ ਬਹਾਰ ਦਾ ਮੌਸਮ ਥੋੜ੍ਹਾ ਪਹਿਲਾਂ ਆ ਸਕਦਾ ਹੈ।

## ਮਹਾਦੋਸ਼ ਜਾਂਚ ਮਾਮਲਾ: ਅਮਰੀਕੀ ਪਾਰਲੀਮੈਂਟ ਦੀ ਸਪੀਕਰ ਨੇ ਟਰੰਪ ਨੂੰ ਪੁੱਛ-ਗਿੱਛ ਲਈ ਸੱਦ ਲਿਆ

ਵਾਸ਼ਿੰਗਟਨ, 18 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਦੀ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੀ ਸਪੀਕਰ ਨੈਂਸੀ ਪੇਲੋਸੀ ਨੇ ਮਹਾਦੋਸ਼ ਜਾਂਚ ਦੇ ਮਾਮਲੇ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਪੁੱਛਗਿੱਛ ਲਈ ਸੱਦ ਲਿਆ ਹੈ। ਉਨ੍ਹਾਂ ਕਿਹਾ ਕਿ ਟਰੰਪ ਪੇਸ਼ ਹੋਣਾ ਜਾਂ ਸਵਾਲਾਂ ਦਾ ਲਿਖਤੀ ਜਵਾਬ ਦੇਣਾ ਚਾਹੁਣ ਤਾਂ ਉਨ੍ਹਾਂ ਦਾ ਸਵਾਗਤ ਹੈ।
ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖ਼ਿਲਾਫ਼ ਮਹਾਦੋਸ਼ ਕੇਸ ਵਿਚ ਪਾਰਲੀਮੈਂਟ ਦੇ ਪ੍ਰਤੀਨਿਧੀ ਸਦਨ ਦੀ ਖ਼ੁਫ਼ੀਆ ਮਾਮਲਿਆਂ ਦੀ ਕਮੇਟੀਇਸ ਸਮੇਂ ਗਵਾਹਾਂ ਤੋਂ ਪੁੱਛਗਿੱਛ ਕਰ ਰਹੀ ਹੈ। ਇਸ ਸਦਨ ਵਿਚ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਦਾ ਬਹੁਮਤ ਹੈ। ਸਪੀਕਰ ਡੈਮੋਕ੍ਰੇਟ ਆਗੂ ਪੇਲੋਸੀ ਨੇ ਸੀਬੀ ਐੱਸ ਟੈਲੀਵਿਜ਼ਨ ਉੱਤੇ ਐਤਵਾਰ ਆਏਇੱਕ ਇੰਟਰਵਿਊ ਵਿਚ ਕਿਹਾ ਕਿ ਜੇਡੋਨਾਲਡ ਟਰੰਪ ਕੋਲ ਕੋਈ ਸੂਚਨਾ ਹੈ, ਜਿਸ ਦਾ ਸਬੰਧ ਦੋਸ਼ਮੁਕਤੀ ਨਾਲ ਹੈ ਤਾਂ ਅਸੀਂ ਇੰਤਜ਼ਾਰ ਕਰਾਂਗੇ। ਪਾਰਲੀਮੈਂਟ ਦੇ ਉਪਰਲੇ ਸਦਨ ਸੈਨੇਟ ਵਿਚ ਡੈਮੋਕ੍ਰੇਟਿਕ ਪਾਰਟੀ ਦੇ ਮੈਂਬਰ ਚਕ ਸ਼ੂਮਰ ਨੇ ਕਿਹਾ ਕਿ ਡੋਨਾਲਡ ਟਰੰਪ ਚਾਹੁਣ ਤਾਂ ਕਮੇਟੀ ਸਾਹਮਣੇ ਸਿੱਧੇ ਪੇਸ਼ ਹੋ ਸਕਦੇ ਹਨ ਤੇ ਸਹੁੰ ਚੁੱਕ ਕੇ ਸਾਰੀ ਸੱਚਾਈ ਸਾਹਮਣੇ ਰੱਖ ਸਕਦੇ ਹਨ। ਜੇ ਉਹ ਇਸ ਲਈ ਤਿਆਰ ਨਹੀਂ



ਹੁੰਦੇ ਤਾਂ ਉਨ੍ਹਾਂ ਨੂੰ ਇਸ ਕੇਸ ਬਾਰੇ ਟਵੀਟ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੇ ਇਹ ਦੋਸ਼ ਵੀ ਲਾਇਆ ਕਿ ਵ੍ਹਾਈਟ ਹਾਊਸ ਗਵਾਹਾਂ ਦੇ ਸਹਿਯੋਗ ਵਿਚ ਰੋੜੇ ਅਟਕਾ ਰਿਹਾ ਹੈ।
ਇਸ ਦੌਰਾਨ ਖ਼ੁਫ਼ੀਆ ਮਾਮਲਿਆਂ ਦੀ ਕਮੇਟੀ ਇਸ ਜਾਂਚਵਿੱਚ ਕੁਝ ਹੋਰ ਲੋਕਾਂਤੋਂ ਪੁੱਛਗਿੱਛ ਦੀ ਤਿਆਰੀ ਵਿਚ ਹੈ। ਇਸ ਹਫ਼ਤੇ ਕੁਝ ਅਜਿਹੇ ਨਵੇਂ ਗਵਾਹਾਂ ਤੋਂ ਪੁੱਛਗਿੱਛ ਹੋ ਸਕਦੀ ਹੈ, ਜਿਹੜੇ ਇਸ ਕੇਸ ਲਈ ਬੇਹੱਦ ਅਹਿਮ ਦੱਸੇ ਜਾ ਰਹੇ ਹਨ। ਕਮੇਟੀ ਨੇ ਪਿਛਲੇ ਹਫ਼ਤੇ ਜਿਨ੍ਹਾਂ ਲੋਕਾਂ ਤੋਂ ਪੁੱਛਗਿੱਛ ਕੀਤੀ, ਉਨ੍ਹਾਂ ਵਿਚ ਯੂਰਪੀ ਯੂਨੀਅਨ ਵਿਚ ਅਮਰੀਕਾ ਦੇ ਰਾਜਦੂਤ ਗਾਰਡਨ ਸੋਂਡਲੈਂਡ ਸ਼ਾਮਲ ਸਨ। ਟਰੰਪ ਉੱਤੇ ਦੋਸ਼ ਹੈ ਕਿ ਅਗਲੇ ਸਾਲ ਹੋਣ ਵਾਲੀ ਰਾਸ਼ਟਰਪਤੀ ਦੀ ਚੋਣ ਵਿਚ ਆਪਣੇ ਸੰਭਾਵਿਤ ਡੈਮੋਕ੍ਰੇਟ ਵਿਰੋਧੀ ਉਮੀਦਵਾਰ ਜੋ ਬਿਡੇਨ ਨੂੰ ਬਦਨਾਮ ਕਰਨ ਲਈ ਉਨ੍ਹਾਂ ਨੇ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜੇਲੈਂਸਕੀ ਉੱਤੇਜ਼ੋਰਪਾਇਆ ਸੀ। ਜੇਲੈਂਸਕੀ ਨਾਲ 25 ਜੁਲਾਈ ਨੂੰ ਫੋਨ ਉੱਤੇ ਗੱਲਬਾਤ ਦੌਰਾਨ ਟਰੰਪ ਨੇ ਜੋ ਬਿਡੇਨ ਦੇ ਖ਼ਿਲਾਫ਼ ਜਾਂਚ ਸ਼ੁਰੂ ਕਰਨ ਨੂੰ ਕਿਹਾ ਹੋਣ ਦਾ ਦੋਸ਼ ਲਾਇਆ ਜਾ ਰਿਹਾ ਹੈ, ਪਰ ਟਰੰਪ ਇਸ ਦੋਸ਼ ਤੋਂਪਿਛਲੇ ਸਮੇਂ ਵਿੱਚ ਲਗਾਤਾਰ ਇਨਕਾਰ ਕਰਦੇ ਆ ਰਹੇ ਹਨ।
ਦੂਸਰੇ ਪਾਸੇ ਰਾਸ਼ਟਰਪਤੀ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਆਪਣੇ ਖਿਲਾਫ ਮਹਾਦੋਸ਼ ਜਾਂਚ ਵਿੱਚ ਗਵਾਹੀ ਦੇਣ ਲਈ ਉਹ ਵਿਰੋਧੀ ਡੈਮੋਕ੍ਰੇਟਸ ਦੀ ਚੁਣੌਤੀ ਦਾ ਜਵਾਬ ਦੇਣ ਬਾਰੇਸੋਚ ਕਰ ਰਹੇ ਹਨ।ਅਮਰੀਕਾ ਦੇ ਹੇਠਲੇ ਸਦਨ ਦੀ ਸਪੀਕਰ ਨੈਨਸੀ ਪੇਲੋਸੀ ਨੇ ਜਦੋਂ ਕਿਹਾ ਕਿ ਡੋਨਾਲਡ ਟਰੰਪ ਨੂੰ ਅੱਗੇ ਆ ਕੇ ਸੱਚ ਦੱਸਣਾ ਚਾਹੀਦਾ ਹੈ ਤਾਂ ਟਰੰਪ ਨੇ ਕਿਹਾ ਕਿ ਉਹ ਅਜਿਹਾ ਕਰਨਾ ਚਾਹੁੰਦੇ ਹਨ। ਟਰੰਪ ਨੇ ਟਵੀਟ ਕੀਤਾ ਕਿ ਪੇਲੋਸੀ ਕਹਿੰਦੀ ਹੈ ਕਿ ਇਸ ਫਰਜ਼ੀ ਮਹਾਦੋਸ਼ ਮਾਮਲੇ ਵਿੱਚ ਮੈਂ ਗਵਾਹੀ ਦਿਆਂ, ਉਨ੍ਹਾਂ ਨੇ ਇਹ ਵੀ ਕਿਹਾ ਕਿ ਮੈਂ ਲਿਖਤੀ ਤੌਰ ਉੱਤੇਇਹ ਕਰ ਸਕਦਾ ਹਾਂ। ਟਰੰਪ ਨੇ ਕਿਹਾ ਕਿ ਹਾਲਾਂਕਿ ਮੈਂ ਕੁਝ ਗਲਤ ਨਹੀਂ ਕੀਤਾ ਅਤੇ ਮੈਂ ਇਸ ਫਰਜ਼ੀ ਪ੍ਰਕਿਰਿਆ ਨੂੰ ਤਵੱਜੋ ਦੇਣਾ ਪਸੰਦ ਨਹੀਂ ਕਰਦਾ, ਪਰ ਮੈਨੂੰ ਇਹ ਵਿਚਾਰ ਪਸੰਦ ਹੈ ਅਤੇ ਮੈਂ ਇਸ ਉੱਤੇ ਦ੍ਰਿੜਤਾ ਨਾਲ ਵਿਚਾਰ ਕਰ ਰਿਹਾ ਹਾਂ।

## 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 'ਫਲੋਟਿੰਗ ਲਾਈਟ ਐਂਡ ਸਾਊਂਡ ਸ਼ੋਅ' ਕਰਵਾਇਆ



(ਵਿਕੀ ਉਮਰਾਨੰਗਲ): ਬੀਤੇ ਦਿਨੀਂ ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜ਼ਿਲ੍ਹੇ ਵਿੱਚ ਕਰਵਾਏ ਗਏ ਦੂਜੇ ਦਿਨ 'ਫਲੋਟਿੰਗ ਮਲਟੀ ਮੀਡੀਆ ਲਾਈਟ ਐਂਡ ਸਾਊਂਡ' ਸ਼ੋਅ ਵਿੱਚ ਵੱਡੀ ਗਿਣਤੀ ਵਿੱਚ ਸ਼ੋਅ ਨੂੰ ਦੇਖਣ ਲਈ ਸੰਗਤਾਂ ਪੁੱਜੀਆਂ। ਦੋ ਦਿਨਾਂ ਦੌਰਾਨ ਹੋਏ 4 ਸ਼ੋਆਂ ਦੌਰਾਨ 10 ਹਜ਼ਾਰ ਤੋਂ ਵੱਧ ਇਲਾਕਾ ਵਾਸੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜੀਵਨ ਸਾਖੀਆਂ ਅਤੇ ਉਨਾਂ ਦੇ ਫਲਸਫੇ ਦੀ ਜਾਣਕਾਰੀ ਆਧੁਨਿਕ ਤਕਨੀਕ ਨਾਲ ਹਾਸਲ ਕੀਤੀ। ਪਹਿਲੇ ਸ਼ੋਅ ਦੀ ਤਰਾਂ ਅੱਜ ਦੂਜੇ ਦਿਨ ਬਿਆਸ ਦਰਿਆ ਵਿੱਚ ਕਰਵਾਇਆ ਸ਼ੋਅ ਸਮੁੱਚੀ ਫਿਜ਼ਾ ਨੂੰ ਅਧਿਆਤਮਕਤਾ ਦੇ ਚਾਨਣ ਨਾਲ ਰੁਸ਼ਨਾ ਗਿਆ। ਐਮ ਪੀ ਜਸਬੀਰ ਸਿੰਘ ਡਿੰਪਾ ਹਲਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਐਸ ਡੀ ਐਮ ਬਾਬਾ ਬਕਾਲਾ ਸ੍ਰੀਮਤੀ ਸੁਮਿਤ ਮੁਧ ਨੇ ਆਪਣੇ ਪਰਿਵਾਰ ਸਮੇਤ ਹਾਜ਼ਰੀ ਭਰੀ। ਉਹਨਾਂ ਸੰਗਤਾਂ ਨੂੰ ਗੁਰੂ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਮਨੁੱਖਤਾ ਲਈ ਚਾਨਣ-ਮੁਨਾਰਾ ਹੈ ਅਤੇ ਗੁਰੂ ਸਾਹਿਬ ਦੇ ਲੜ ਲੱਗ ਕੇ ਹੀ ਅਸੀਂ ਪਾਰ ਉੱਤਰ ਸਕਦੇ ਹਾਂ। ਉਨਾਂ ਕਿਹਾ ਕਿ ਇਹ ਸ਼ੋਅ ਕਰਵਾਉਣ ਦਾ ਮੁੱਖ ਮੰਤਵ ਨੌਜਵਾਨ ਪੀੜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਿਰਕੂ ਸਦਭਾਵਨਾ, ਸ਼ਾਂਤੀ, ਭਾਈਚਾਰੇ ਵਾਲੇ ਫਲਸਫੇ ਤੇ ਜੀਵਨ ਬਾਰੇ ਜਾਣੂ ਕਰਵਾਉਣਾ ਹੈ।
ਭਾਰੀ ਸਰਦੀ ਦੇ ਬਾਵਜੂਦ ਵੀ ਸੰਗਤਾਂ ਵਲੋਂ ਦੂਸਰੀ ਸ਼ਾਮ ਵੀ 'ਫਲੋਟਿੰਗ ਲਾਈਟ ਐਂਡ ਸਾਊਂਡ ਸ਼ੋਅ' ਨੂੰ ਭਰਵਾਂ ਹੁੰਗਾਰਾ ਦਿੱਤਾ ਅਤੇ ਲੋਕ ਪਿੰਡਾਂ ਵਿੱਚੋਂ ਆਪਣੇ ਵਾਹਨਾਂ ਰਾਹੀਂ ਭਰ-ਭਰ ਕੇ ਪਹੁੰਚੇ ਹੋਏ ਸਨ ਅਤੇ ਵੱਡੀ ਗਿਣਤੀ ਵਿੱਚ ਆਰਮੀ ਦੇ ਜਵਾਨ ਵੀ ਪੁੱਜੇ ਹੋਏ ਸਨ। ਇਸ ਸ਼ੋਅ ਨੂੰ ਦੇਖਣ ਲਈ ਨੌਜਵਾਨ, ਬਜ਼ੁਰਗ ਅਤੇ ਬੱਚੇ ਵੀ ਸ਼ਾਮਲ ਸਨ। ਬਹੁਤ ਵੱਡੀ ਗਿਣਤੀ ਵਿੱਚ ਔਰਤਾਂ ਨੇ ਦੋਵੇਂ ਸ਼ਾਮ ਇਸ ਸ਼ੋਅ ਨੂੰ ਦੇਖਿਆ। ਸਾਰੀਆਂ ਹੀ ਸੰਗਤਾਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸਰਾਹਨਾ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕੀਤਾ।
ਮਨੁੱਖਤਾ ਨੂੰ ਆਪਸੀ ਪਿਆਰ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਇਹ ਸ਼ੋਅ 16 ਨਵੰਬਰ ਸ਼ਾਮ 7:15 ਵਜੇ ਤੋਂ ਰਾਤ 8:00 ਵਜੇ ਤੱਕ ਅਤੇ ਰਾਤ 8:15 ਵਜੇ ਤੋਂ 9:00 ਵਜੇ ਤੱਕ ਚੱਲੇਗਾ।
ਇਸ ਮੌਕੇ ਤਹਿਸੀਲਦਾਰ ਮਨਜੀਤ ਸਿੰਘ, ਨਾਇਬ ਤਹਿਸੀਲਦਾਰ ਸੁਖਦੇਵ ਸਿੰਘ ਅਤੇ ਰਤਨਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਧਿਕਾਰੀ ਅਤੇ ਮੋਹਤਬਰ ਵੀ ਹਾਜ਼ਰ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4


| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.





















# ਗੁਰਦੁਆਰਾ ਗੁਰਸਿੱਖ ਸੰਗਤਿ ਹੈਮਿਲਟਨ (ਸ਼ਹੀਦਗੜ੍ਹ) ਦਾ ਸ਼ਲਾਘਾਯੋਗ ਯਤਨ

ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਂਦਿਆਂ, ਸਾਂਝੀਵਾਲਤਾ ਦਾ ਆਦੇਸ਼ ਅਪਨਾਉਂਦਿਆਂ, ਉਪਰੋਕਤ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਸੇਵਾਦਾਰਾਂ ਵਲੋਂ ਸ: ਜਸਵੀਰ ਸਿੰਘ, ਸ: ਜੋਗਾ ਸਿੰਘ, ਸ: ਜਗਤਾਰ ਸਿੰਘ, ਸ: ਹਰਪ੍ਰੀਤ ਸਿੰਘ ਗਿੱਲ ਅਤੇ ਸ: ਅਮਰ ਸਿੰਘ ਸਿੱਧੂ ਅਤੇ ਹੋਰ ਸੰਬੰਧਿਤ ਸੇਵਾਦਾਰਾਂ ਨੇ ਆਪਣੀ ਉੱਚੀ-ਸੁੱਚੀ ਸੁਮਤਿ ਰਾਹੀਂ ਆਪਣੇ ਵਿਰਸੇ ਵਿਰਾਸਤ ਅਤੇ ਸੇਵਾ ਮੁਕਤ ਸੇਵਾਦਾਰਾਂ ਅਤੇ ਕੌਮੀ ਯੋਗਦਾਨ ਪਾਉਣ ਵਾਲਿਆਂ ਨੂੰ ਸੰਭਾਲਦਿਆਂ ਮਾਣ ਸਤਿਕਾਰ ਕਰਨ ਦਾ ਉਪਰਾਲਾ ਕੀਤਾ ਹੈ ਜੋ ਬਹੁਤ ਹੀ ਸਲਾਹਣਯੋਗ ਹੈ।ਅਜਿਹਾ ਕਰਨਾ ਹਰ ਸੰਸਥਾ ਦਾ ਮੁਢਲਾ ਫ਼ਓਮਪ;ਰਜ਼ ਹੈ ਤਾਂ ਜੋ ਅਗਲੀਆਂ ਪੀੜ੍ਹੀਆਂ ਨੂੰ ਪ੍ਰੇਰਨਾ ਮਿਲਦੀ ਰਹੇ। ਇਸ ਪਿਰਤ ਲਈ ਸਮੁੱਚੀ ਪ੍ਰਬੰਧਕ ਕਮੇਟੀ ਦਾ ਬਹੁਤ-ਬਹੁਤ ਧੰਨਵਾਦ ਹੈ।



ਇਹ ਗੁਰਦੁਆਰਾ ਸਾਹਿਬ ਕੈਨੇਡਾ ਦਾ ਤੀਜਾ ਅਤੇ ਉਨਟੇਰੀਓ ਦਾ ਦੂਜਾ ਇਤਿਹਾਸਿਕ ਵਿਰਸਾ ਹੈ। ਇਸ ਦੀ ਸ਼ੁਰੂਆਤ 1972 ਵਿੱਚ ਕੁਝ 5, 7 ਸਾਂਝੇ ਸਿੱਖ ਅਤੇ ਹਿੰਦੂ ਪ੍ਰੀਵਾਰਾਂ ਨੇ ਮਿਲਕੇ ਬੇਸਮਿੰਟਾਂ ਵਿੱਚ ਗੁਰੂ ਜਸ ਕਰਨਾ ਆਰੰਭ ਕੀਤਾ ਸੀ ਜਿਉਂ-ਜਿਉਂ ਹਰ ਮਹੀਨੇ ਪ੍ਰੀਵਾਰਾਂ ਵਿੱਚ ਵਾਧਾ ਹੁੰਦਾ ਗਿਆ ਤਿਉਂ-ਤਿਉਂ ਬਾਹਰ ਆਉਣ ਦੀ ਸੋਚ ਉਭਰਦੀ ਗਈ ਅਤੇ ਫੈਸਲਾ ਕੀਤਾ ਗਿਆ ਕਿ ਕੋਈ ਹਾਲ ਕਿਰਾਏ ਤੇ ਲੈ ਕੇ ਆਖੰਡ ਪਾਠ ਕਰਵਾਇਆ ਜਾਵੇ। ਸੋ 1976 ਵਿੱਚ ਪਹਿਲੀ ਵਾਰ ਟੈਕਸਟਾਈਲ ਹਾਲ ਹੈਮਿਲਟਨ

ਵਿਖੇ ਸ੍ਰੀ ਆਖੰਡਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਜਿਸ ਵਿੱਚ ਗੁਰਦ-ਆਰਾ ਸਾਹਿਬ ਦੀ ਆਪਣੀ ਬਿਲਡਿੰਗ ਲੈਣ ਜਾਂ ਬਨਾਉਣ ਲਈ ਅਰਦਾਸ ਕੀਤੀ ਗਈ। ਸੰਗਤਾਂ ਨੇ ਬੜੇ ਹੀ ਉਤਸ਼ਾਹ ਸਹਿਤ ਵੱਡਾ ਯੋਗਦਾਨ ਪਾਇਆ। ਉਪਰੰਤ ਹਰ ਮਹੀਨੇ ਪਹਿਲਾਂ ਵਾਂਗ ਹੀ ਮਲਟੀਕਲਚਰ ਸੈਂਟਰ ਹੈਮਿਲਟਨ ਫਿਰ ਵਿੰਟਵਰਥ ਹਾਲ ਮੈਕਮਾਸਟਰ ਯੂਨਵਿਰਸਿਟੀ ਵਿੱਚ ਨਿਰੰਤਰ ਦੀਵਾਨ ਸਜਦੇ ਰਹੇ। ਵੱਧ ਰਹੀਆਂ ਸੰਗਤਾਂ ਦਾ ਆਪਣੀ ਬਿਲਡਿੰਗ ਦਾ ਸੰਕਲਪ ਪ੍ਰਫੁਲਿਤ ਹੁੰਦਾ ਗਿਆ। ਇੱਥੋਂ ਤੱਕ ਜਿੱਥੇ ਭਾਈਆਂ ਦਾ ਕੰਮ ਹਾਲ ਦਾ ਪ੍ਰਬੰਧ ਕਰਨਾ ਹੁੰਦਾ ਸੀ ਉਥੇ ਮਾਈਆਂ ਆਪਣੇ ਘਰੋਂ ਹੀ ਲੰਗਰ ਤਿਆਰ ਕਰਕੇ ਲਿਆਇਆ ਕਰਦੀਆਂ ਸਨ। ਸਾਰੇ ਹੀ ਪ੍ਰੀਵਾਰਾਂ ਦਾ ਬਹੁਤ ਵੱਡਾ ਯੋਗਦਾਨ ਸੀ। ਇਥੋਂ ਹੀ ਉਨਟਾਰੀਓ ਸੂਬੇ ਦੀ ਪਹਿਲੀ ਤੇ ਪਲੇਠੀ "ਪੰਜਾਬੀ ਸਾਹਿਤ ਸਭਾ ਉਨਟੇਰੀਓ" ਸਿੱਖ ਸੰਗਤ ਹੈਮਿਲਟਨ ਦੇ ਸਹਿਯੋਗ ਸਦਕਾ ਸ: ਲਛਮਣ ਸਿੰਘ ਔਜਲਾ ਦੀ ਸਰਪ੍ਰਸਤੀ ਹੇਠ ਆਰੰਭ ਹੋਈ ਜੋ ਹੁਣ ਤਕ ਆਪਣੀਆਂ ਸੇਵਾਵਾਂ ਨਿਭਾ ਰਹੀ ਹੈ। ਸਮੂਹ ਸੰਗਤਾਂ ਨੇ ਫੈਸਲਾ ਲਿਆ ਕਿ ਆਪਣੀ ਥਾਂ ਖਰੀਦ ਲਈ ਜਾਵੇ। ਪ੍ਰਮਾਤਮਾ ਦੀ ਅਪਾਰ ਬਖ਼ਸ਼ਿਸ਼ ਸਦਕਾ 1980 ਵਿੱਚ ਤਿੰਨਾਂ ਸ਼ਹਿਰਾਂ ਹੈਮਿਲਟਨ, ਬਰਲਿੰਗਟਨ ਅਤੇ ਡੰਡਾਸ ਦੇ ਵਿਚਕਾਰ ਹਾਈਵੇ 403 ਅਤੇ 6 ਦੇ ਨਜ਼ਦੀਕ ਬੜੇ ਹੀ ਨਵੇਕਲੇ ਅਤੇ ਸੁਹਾਵਣੇ ਵਾਤਾਵਰਨ ਵਿੱਚ ਇੱਕ ਪੁਰਾਣੇ ਅਤੇ ਖਾਲੀ ਪਏ ਸਕੂਲ ਦੀ ਬਿਲਡਿੰਗ ਖ੍ਰੀਦ ਲਈ ਗਈ ਅਤੇ ਬੜੇ ਹੀ ਹਿੰਮਤ ਹੌਂਸਲੇ ਅਤੇ ਉਤਸ਼ਾਹ ਨਾਲ ਸੰਗਤਾਂ ਨੇ ਇਸ ਸਕੂਲ ਨੂੰ

ਗੁਰਦੁਆਰਾ ਸਾਹਿਬ ਦੀ ਸਹੂਲਤ ਅਨੁਸਾਰ ਤਬਦੀਲ ਕਰ ਲਿਆ ਤੇ ਹਰ ਹਫਤੇ ਦੀਵਾਨ ਸਜਣੇ ਆਰੰਭ ਹੋ ਗਏ। ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸਰਗਰਮੀਆਂ ਪੂਰੀਆਂ ਹੋਣ ਲਗੀਆਂ। ਪੰਜਾਬੀ ਕਲਾਸਾਂ, ਗੁਰਮਤਿ ਲਾਇਬ੍ਰੇਰੀ, ਸਕੂਲੀ ਗਰਾਉਂਡ ਵਿੱਚ ਖੇਡਾਂ, ਭਾਵ ਹਰ ਤਰ੍ਹਾਂ ਕਮਿਊਨਿਟੀ ਪ੍ਰਫੁਲਿਤ ਹੋਣ ਲੱਗੀ। ਇੱਥੋਂ ਦੀ ਹੁਣ ਤੱਕ ਦੀ ਵੱਡੀ ਸਿਫ਼ਓਮਪ;ਤ ਇਹ ਹੈ ਕਿ ਇੱਥੇ ਵੱਧ ਤੋਂ ਵੱਧ ਕੰਮ ਹੱਥੀਂ ਕੀਤੇ ਜਾਂਦੇ ਹਨ। ਕਦੀ ਵੀ ਵੋਟਿੰਗ ਨਹੀਂ ਹੋਈ ਹਮੇਸ਼ਾ ਨਿਯਮ ਅਨੁਸਾਰ ਕਮੇਟੀਆਂ ਸਰਬਸੰਮਤੀ ਨਾਲ ਬਣਦੀਆਂ ਤੇ ਬਦਲਦੀਆਂ ਹਨ। ਵਿਸਾਖੀ 1999 (ਤਿੰਨ ਸੌ ਸਾਲਾ ਸ਼ਤਾਬਦੀ ਤਕ) ਇਹ ਸਿਲਸਿਲਾ ਇਸੇ ਤਰ੍ਹਾਂ ਨਿਰੰਤਰ ਚਲਦਾ ਰਿਹਾ। 2000 ਵਿੱਚ ਹੁਣ ਵਾਲੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਦੀ ਚੜ੍ਹਦੀ ਕਲਾ ਦੇਖਦਿਆਂ ਤੇ ਸਹੂਲਤਾਂ ਦੀ ਘਾਟ ਮਹਿਸੂਸ ਕਰਦਿਆਂ, ਆਪਣੇ ਇਸੇ ਵਿਰਸੇ ਨੂੰ ਸੰਭਾਲਦਿਆਂ ਗੁਰਦੁਆਰਾ ਸਾਹਿਬ ਦੀ ਸੰਪੂਰਨ ਦਿੱਖ ਨੂੰ ਸਾਕਾਰ ਕਰਨ ਦਾ ਫੈਸਲਾ ਲਿਆ। ਸੰਗਤਾਂ ਨੇ ਇਸ ਦਾ ਭਰਪੂਰ ਸੁਆਗਤ ਕੀਤਾ। ਬੜੀਆਂ ਹੀ ਘਾਲਾਂ ਘਾਲਦਿਆਂ, ਬੜੀ ਹੀ ਅਣਥੱਕ ਸੇਵਾ ਸਦਕਾ ਸੰਗਤਾਂ ਦੇ ਸਹਿਯੋਗ ਨਾਲ ਇਸ ਅਸਥਾਨ ਦੀ ਐਸੀ ਇਤਿਹ-ਾਸਿਕ ਸੁੰਦਰ ਬਿਲਡਿੰਗ ਤਿਆਰ ਕੀਤੀ ਹੈ ਜੋ ਹਾਈਵੇਅ ਤੋਂ ਹੈਮਿਲਟਨ ਮਾਊਂਟੇਨ ਤੋਂ ਆਮ ਹੀ ਦਰਸ਼ਨ ਕੀਤੇ ਜਾ ਸਕਦੇ ਹਨ। ਹਰ ਸਹੂਲਤ ਅਨੁਸਾਰ ਅੰਦਰੋਂ ਬਾਹਰੋਂ ਅਤੇ ਬਹੁਤ ਹੀ ਉੱਚਾ ਹਾਈਡ੍ਰਕੌਲਕ ਨਿਸ਼ਾਨ ਸਾਹਿਬ ਝੂਲਦਾ ਵੇਖਣਯੋਗ ਹੈ। ਹਰ ਸਾਲ ਇਥੋਂ ਸ਼ਹੀਦਾਂ ਦੀ ਯਾਦ ਵਿੱਚ ਨਗਰ ਕੀਰਤਨ ਵੀ ਸਜਾਇਆ ਜਾਂਦਾ ਹੈ ਇਸੇ ਕਰਕੇ ਇਸ ਨੂੰ ਸ਼ਹੀਦਗੜ੍ਹ ਦਾ ਨਾਂ ਵੀ ਦਿੱਤਾ ਗਿਆ ਹੈ। ਅਰਦਾਸ ਹੈ ਵਾਹਿਗੁਰੂ ਸਦਾ ਇਸ ਦੀ ਚੜ੍ਹਦੀ ਕਲਾ ਬਣਾਈ ਰੱਖੇ।

ਉਮੀਦ ਹੈ ਅੱਗੋਂ ਵੀ ਸੇਵਾਦਾਰ ਇਸ ਵਿਰਸੇ ਵਿਰਾਸਤ ਤੇ ਸਤਿਕਾਰ ਦੀ ਇਸ ਪਿਰਤ ਨੂੰ ਸਦਾ ਬਰਕਰਾਰ ਰੱਖਣਗੇ ਅਤੇ ਹੋਰਾਂ ਲਈ ਨਸੀਹਤ ਬਣੀ ਰਹੇਗੀ। ਸੇਵਾ ਮੁਕਤ ਸੇਵਾਦਾਰ ਅਤੇ ਸੰਗਤਾਂ ਵੀ ਆਪਣੇ ਫ਼ਓਮਪ;ਰਜ਼ ਪਹਿਚਾਣਦੀਆਂ ਆਪਣੇ ਵਿਰਸੇ ਅਤੇ ਵਿਰਾਸਤ ਨੂੰਸੰਭਾਲਣ ਲਈ ਯੋਗਦਾਨ ਪਾਉਂਦੀਆਂ ਰਹਿਣਗੀਆਂ। ਇੱਕ ਵਾਰ ਫਿਰ ਸਮੂਹ ਸੰਗਤਾਂ ਅਤੇ ਉਪਰੋਕਤ ਪ੍ਰਬੰਧਕਾਂ ਦਾ ਬਹੁਤ ਬਹੁਤ ਧੰਨਵਾਦ ਹੈ ਅਤੇ ਸਮੂਹ ਸੰਸਾਰ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ 550ਵੇਂ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ ਹੋਵੇ ਅਤੇ ਬਾਬਾ ਨਾਨਕ ਸਰਬੱਤ ਦਾ ਭਲਾ ਕਰੇ।

Gurudwara Email:hamiltongurdwara@gmail.com
Phone: 905-525-5725
ਨਿਮ੍ਰਤਾ ਸਹਿਤ ਸੇਵਾ ਮੁਕਤ
ਗੁਰਦਿਆਲ ਸਿੰਘ ਦਿਓਲ
905-285-0331

# ਕਹਾਣੀ- ਕਾਹਦੀ ਖ਼ਾਤਰ?

-ਹਰੀਪਾਲ-

ਇਕੱਲਤਾ ਦੀਆਂ ਰਾਤਾਂ ਬਹੁਤ ਲੰਬੀਆਂ ਹੁੰਦੀਆਂ ਹਨ। ਇਕੱਲਤਾ ਆਪਣੇ ਆਪ ਵਿੱਚ ਇੱਕ ਸਰਾਪ ਹੈ। ਇਕੱਲਤਾ ਦੇ ਦਿਨ ਵੀ ਛੋਟੇ ਨਹੀਂ ਹੁੰਦੇ, ਪਰ ਦਿਨ ਟੀ ਵੀ ਵਗੈਰਾ ਦੇਖ ਕੇ ਲੰਘ ਜਾਂਦਾ ਜਾਂ ਕਿਸੇ ਦੋਸਤ ਮਿੱਤਰ ਨਾਲ ਗੱਲਾਂ ਕਰ ਕੇ ਲੰਘ ਜਾਂਦਾ ਹੈ, ਪਰ ਰਾਤ ਲੰਘਾਉਣੀ ਬੜੀ ਔਖੀ ਹੈ, ਖਾਸ ਕਰਕੇ ਜ਼ਿੰਦਗੀ ਦੇ ਆਖਰੀ ਪਹਿਰ ਵਿੱਚ ਹੋਰ ਔਖੀ ਹੈ। ਪੂਰੀ ਟਿਕੀ ਹੋਈ ਦਸੰਬਰ ਦੀ ਰਾਤ ਹੈ। ਪਿਛਲੇ ਕਈ ਦਿਨ ਬਰਫ ਪੈਂਦੀ ਰਹੀ ਹੈ ਅਤੇ ਧਰਤੀ ਉਤੇ ਬਰਫ ਦੀ ਸਫੈਦ ਚਾਦਰ ਵਿਛ ਗਈ ਹੈ। ਜਾਂ ਤਾਂ ਰਾਤ ਨੂੰ ਫਰਿਜ ਦੀ ਘੂੰ-ਘੂੰ ਸੁਣਦੀ ਹੈ ਜਾਂ ਫਰਨੈਸ ਦੇ ਚੱਲਣ ਜਾਂ ਖੜ੍ਹਨ ਦੀ ਆਵਾਜ਼। ਹੌਲੀ-ਹੌਲੀ ਕੰਧਾਂ ਨੂੰ ਟੋਹ-ਟੋਹ ਕੇ ਪੌੜੀਆਂ ਉਤਰਦਾ ਹਾਂ। ਬਾਰਾਂ ਵਜੇ ਉਠ ਕੇ ਸੀਤੋ (ਜੁਆਕਾਂ ਦੀ ਮਾਂ) ਨੇ ਨੀਂਦ ਵਾਲੀ ਦੂਜੀ ਗੋਲੀ ਲੈ ਲਈ ਹੈ। ਸ਼ਾਇਦ ਪਹਿਲਾਂ ਲਈ ਗੋਲੀ ਸਰੀਰਕ ਪੀੜ ਨੂੰ ਘੱਟ ਨਹੀਂ ਕਰ ਸਕੀ। ਉਸ ਨੂੰ ਸ਼ੂਗਰ, ਆਰਥਰਾਈਟਸ (ਜੋੜਾਂ ਦਾ ਦਰਦ) ਜਾਂ ਉਹ ਕਿਹੜੀ ਬਿਮਾਰੀ ਹੈ ਜੋ ਨਹੀਂ। ਜਦੋਂ ਦਾ ਜੁਆਕਾਂ ਨੇ ਘਰ ਛੱਡਿਆ ਹੈ, ਉਹ ਠੀਕ ਨਹੀਂ ਰਹੀ। ਮੈਨੂੰ ਪਤਾ ਹੈ ਕਿ ਉਹ ਦੂਜੀ ਗੋਲੀ ਲੈਣ ਤੋਂ ਬਾਅਦ ਚਾਰ ਪੰਜ ਵਜੇ ਤੱਕ ਨਹੀਂ ਉਠਦੀ। ਉਸ ਦੀ ਨੀਂਦ ਖਰਾਬ ਹੋ ਜਾਣ ਦੇ ਡਰ ਕਰ ਕੇ ਭੋਰਾ ਵੀ ਖੜਕਾ ਨਹੀਂ ਕਰਦਾ। ਥੱਲੇ ਆ ਕੇ ਖਿੜਕੀ ਦੇ ਪਰਦੇ ਚੁੱਕਦਾ ਹਾਂ। ਬਾਹਰ ਚਿੱਟਾ ਹੀ ਚਿੱਟਾ ਦਿਸਦਾ ਹੈ। ਹੌਲੀ-ਹੌਲੀ ਆ ਕੇ ਸੋਫੇ 'ਤੇ ਬੈਠ ਜਾਂਦਾ ਹਾਂ। ਟੀ ਵੀ ਔਨ ਨਹੀਂ ਕਰਦਾ, ਮਤੇ ਸੀਤੋ ਦੀ ਅੱਖ ਖੁੱਲ੍ਹ ਜਾਵੇ। ਮਨੁੱਖ ਦਾ ਮਨ ਵੀ ਅਜੀਬ ਸ਼ੈਅ ਹੈ, ਰੌਲੇ ਵਿੱਚ ਇਕੱਲਤਾ ਭਾਲਦਾ ਹੈ ਅਤੇ ਇਕੱਲਤਾ ਵਿੱਚ ਰੌਲਾ। ਮਨ ਅਜੀਬੋ ਗਰੀਬ ਕਸ਼ਮਕਸ਼ 'ਚ ਪਿਆ ਹੈ। ਚਿੱਤ ਵਕਤ ਨੂੰ ਪੁੱਠਾ ਗੇੜਾ ਦਿੰਦਾ ਹੈ।

ਇੱਕ ਦਿਨ ਦੀ ਯਾਦ ਹੈ। ਬੱਚੇ ਛੋਟੇ-ਛੋਟੇ ਹਨ। ਅੱਜ ਘਰ ਵਿੱਚ ਖੂਬ ਰੌਲਾ ਹੈ। ਸਭ ਤੋਂ ਵੱਡਾ ਬੰਟੀ ਆਪਣੀ ਭੈਣ ਦੇ ਚਿਪਸ ਖਾ ਗਿਆ ਹੈ। ਜਦੋਂ ਵੀ ਗਰੌਸਰੀ ਲਿਆਂਉਂਦੇ ਹਾਂ ਤਾਂ ਤਿੰਨੇ ਬੱਚੇ ਆਪੋ ਆਪਣੇ ਚਿਪਸ ਲੁਕੋ ਦਿੰਦੇ ਹਨ। ਸੀਮਾ ਅਤੇ ਅਮਨ ਤੋਂ ਬੰਟੀ ਵੱਡਾ ਹੈ, ਇਸ ਕਰਕੇ ਦੋਵਾਂ ਛੋਟਿਆਂ ਨਾਲ ਧੱਕਾ ਕਰ ਜਾਂਦਾ ਹੈ। ਗੁਸਲਖਾਨਾ ਸਾਫ ਕਰਦੀ ਸੀਤੋ ਬਾਹਰ ਆਉਂਦੀ ਹੈ। ਬੱਚਿਆਂ ਦੀ ਚਿਪਸ ਪਿੱਛੇ ਲੜਾਈ ਸੁਣਦੀ ਹੈ। ਫੇਰ ਮੇਰੇ ਵੱਲ ਵੇਖਦੀ ਹੈ, "ਜਾ ਕੇ ਬੱਚਿਆਂ ਨੂੰ ਚਿਪਸ ਹੋਰ ਲਿਆ ਦਿੰਦੇ। ਕਿਵੇਂ ਸਵੇਰ ਦੇ ਅਖਬਾਰ ਨੂੰ ਚਿੰਬੜੇ ਪਏ ਹੋ, ਅਖਬਾਰਾਂ ਨੇ ਕਿਹੜਾ ਦੁੱਧ ਦੇਣਾ ਹੈ?" ਮੈਂ ਅਖਬਾਰ ਪਰ੍ਹੇ ਕਰਕੇ ਸੀਤੋ ਵੱਲ ਝਾਕਦਾ ਹਾਂ। ਬੱਚੇ ਫੇਰ ਮਾਂ ਦੇ ਉਦਾਲੇ ਹੋ ਜਾਂਦੇ ਹਨ, "ਮੰਮੀ, ਅਸੀਂ ਨੀ ਚਿਪਸ ਲੈਣੇ। ਸਾਨੂੰ ਤਾਂ ਮਕਡੌਨਲਡ ਲੈ ਕੇ ਚੱਲੋ।" ਸੀਤੋ ਫੇਰ ਮੇਰੇ ਵੱਲ ਵੇਖਦੀ ਹੈ। ਇਸ ਤੋਂ ਪਹਿਲਾਂ ਸੀਤੋ ਕੁਝ ਕਹੇ ਮੈਂ ਬੱਚਿਆਂ ਨੂੰ ਮਕਡੌਨਲਡ ਲੈ ਜਾਂਦਾ ਹਾਂ। ਕਦੇ-ਕਦੇ ਮੈਨੂੰ ਲੱਗਦਾ ਹੈ ਕਿ ਰੋਟੀ ਇੱਕ ਸਾਂਝ ਦਾ ਨਾਂ ਹੈ। ਜਦੋਂ ਇਹ ਰੋਟੀ ਨਹੀਂ ਖਾਂਦੇ ਤਾਂ ਇਨ੍ਹਾਂ ਦੀ ਅਤੇ ਸਾਡੀ ਸਾਂਝ ਕਿੰਨਾ ਚਿਰ ਰਹੇਗੀ। ਮੈਂ ਕਦੇ-ਕਦੇ ਸੀਤੋ ਨੂੰ ਕਹਿੰਦੇ ਹਾਂ, "ਇਨ੍ਹਾਂ ਨੂੰ ਕਹਿ ਰੋਟੀ ਖਾਇਆ ਕਰਨ, ਪੰਜਾਬੀ ਬੋਲਿਆ ਕਰਨ, ਚਾਹੇ ਪੰਜਾਬੀ ਵਿੱਚ ਇੱਕ ਦੂਜੇ ਨੂੰ ਗਾਲ੍ਹਾਂ ਕੱਢਿਆ ਕਰਨ।" ਸੀਤੋ ਮੇਰੇ ਵੱਲ ਦੇਖਦੀ ਹੈ। ਮੈਂ ਸਮਝ ਜਾਂਦਾ ਹਾਂ ਕਿ ਕੀ ਕਹਿ ਰਹੀ ਹੈ ਬਈ ਜਾਣ ਦੇ ਵੱਡਿਆ ਲੇਖਕਾ, ਜੁਆਕਾਂ 'ਤੇ ਆਪਣੀਆਂ ਫਿਲਾਸਫੀਆਂ ਨਾ ਘੋਟਿਆ ਕਰ। ਬੱਚੇ ਆਪਸ ਵਿੱਚ ਕਦੇ ਵੀ ਪੰਜਾਬੀ ਨਹੀਂ ਬੋਲਦੇ ਤੇ ਸਾਡੇ ਨਾਲ ਵੀ ਟੁੱਟੀ ਫੁੱਟੀ ਪੰਜਾਬੀ ਬੋਲਦੇ ਹਨ। ਟੈਲੀਵਿਜ਼ਨ 'ਤੇ ਸੈਸ-ਮੀ ਸਟਰੀਟ ਜਾਂ ਨਿੰਜਾ ਟਰਟਲ ਦੇ ਸ਼ੋਅ ਦੇਖਦੇ ਹਨ।

ਮੈਨੂੰ ਮੇਰੇ ਬਚਪਨ ਦੇ ਦਿਨ ਯਾਦ ਆ ਜਾਂਦੇ ਹਨ। ਸਾਡੀ ਮਾਂ ਚੀਕਣੀ ਮਿੱਟੀ ਦੇ ਊਠ, ਬਲਦ, ਰੇਹੜੀ ਬਣਾ ਕੇ ਦਿੰਦੀ ਸੀ ਤੇ ਅਸੀਂ ਦੋਵੇਂ ਭੈਣ ਭਰਾ ਉਨ੍ਹਾਂ ਨੂੰ ਸੁਹਾਗ ਪਟਾਰੀ ਵਾਂਗ ਸੰਭਾਲ ਕੇ ਰੱਖਦੇ ਸੀ। ਮਨ ਵਾਪਸ ਆਉਂਦਾ ਹੈ। ਕੱਲ੍ਹ ਨੂੰ ਬੱਚਿਆਂ ਨੇ ਸਕੂਲ ਜਾਣਾ ਹੈ। ਵੱਡੀਆਂ-ਵੱਡੀਆਂ ਫਰਮਾਇਸ਼ਾਂ ਹਨ, ਨਾਈਕੀ ਦੇ ਬੂਟ, ਟੌਮੀ ਦੀਆਂ ਸ਼ਰਟਾਂ। ਇੱਕ ਦਿਨ ਮੈਂ ਨਿੱਕੇ ਅਮਨ ਨੂੰ ਕਿਹਾ, "ਤੁਸੀਂ ਕਿੰਨੇ ਲੱਕੀ ਸਮਝ ਜਾਓਗੇ"। ਸੀਤੋ ਦੀ ਹਮੇਸ਼ਾਂ ਇਹੀ ਦਲੀਲ ਹੁੰਦੀ ਹੈ। ਬੱਚੇ ਵੱਡੇ ਹੋ ਗਏ ਹਨ। ਇਨ੍ਹਾਂ ਦੇ ਵਿਆਹਾਂ ਦਾ ਫਿਕਰ ਹੈ। ਪੜ੍ਹ ਕੇ ਇਹ ਇੰਨੇ ਸਿਆਣੇ ਹੋ ਗਏ ਹਨ ਕਿ ਰੈਸਤਰਾਂ ਜਾਣ 'ਤੇ ਮਾਂ ਬਾਪ ਨੂੰ ਸਲੀਕਾ ਸਿਖਾਉਂਦੇ ਹਨ, ਪਰ ਬਿੱਲ ਮਾਂ-ਬਾਪ ਹੀ ਦਿੰਦੇ ਹਨ। ਬੰਟੀ ਡਿਗਰੀ ਕਰਕੇ ਤੇਲ ਕੰਪਨੀ ਵਿੱਚ ਕੰਮ ਕਰਦਾ ਹੈ। ਤਨਖਾਹ ਸੱਠ ਹਜ਼ਾਰ ਡਾਲਰ ਹੈ, ਪਰ ਘਰੇ ਕੋਈ ਪੈਸਾ ਨਹੀਂ ਦਿੰਦਾ। ਸੀਮਾ ਡਿਗਰੀ ਕਰ ਚੁੱਕੀ ਹੈ। ਉਸ ਨੂੰ ਵੀ ਜੌਬ ਮਿਲ ਗਈ ਹੈ, ਬੇਸ਼ੱਕ ਉਸ ਦੇ ਪੰਸਦ ਦੀ ਨਹੀਂ, ਪਰ ਤਨਖਾਹ ਵਧੀਆ ਹੈ। ਛੋਟੇ ਦੀ ਡਿਗਰੀ ਦਾ ਆਖਰੀ ਸਾਲ ਹੈ। ਬੰਟੀ ਨੇ ਬੀ ਐਮ ਡਬਲਯੂ ਕਾਰ ਲੈ ਲਈ। ਸੱਤ ਸੌ ਮਹੀਨੇ ਦੀ ਕਿਸ਼ਤ ਹੈ। ਬੰਟੀ ਤੋਂ ਥੋੜ੍ਹੇ ਦਿਨਾਂ ਬਾਅਦ ਸੀਮਾ ਵੀ ਆਪਣੀ ਕਾਰ ਲੈ ਆਈ ਹੈ। ਜੇਕਰ ਕਹੀਦਾ ਹੈ ਕਿ ਘਰੇ ਤਾਂ ਕੋਈ ਪੈਸਾ ਦਿਓ ਤਾਂ ਬਹਾਨਾ ਹੈ ਕਾਰ ਦੀ ਕਿਸ਼ਤ, ਕਾਰ ਦਾ ਇੰਸ਼ੋਰੈਂਸ ਤੇ ਸਟੂਡੈਂਟ ਲੋਨ। ਮੈਂ ਅਜੇ ਵੀ ਓਵਰ ਟਾਈਮ ਲਾਉਂਦਾ ਹਾਂ। ਸੋਚਦਾ ਹਾਂ ਜਦੋਂ ਕੈਨੇਡਾ ਵਿੱਚ ਪੱਕਾ ਹੋਇਆ ਤਾਂ ਬਾਪੂ ਨੂੰ ਕਿਹਾ ਸੀ 'ਕੋਈ ਕੰਮ ਨਾ ਕਰੀਂ, ਚਿੱਟੇ ਕੱਪੜੇ ਪਾ ਕੇ ਸੱਥ ਵਿੱਚ ਬੈਠਿਆ ਕਰ।' ਮੈਨੂੰ ਪਤਾ ਹੈ ਕਿ ਮੈਨੂੰ ਇਹ ਲਫਜ਼ ਸੁਣਨ ਨੂੰ ਨਹੀਂ ਮਿਲਣੇ। ਜੇਕਰ ਕਹੀਦਾ ਹੈ ਕਿ ਪੁੱਤ ਕੀ ਤੁਸੀਂ ਸਾਨੂੰ ਬੁਢਾਪੇ ਵਿੱਚ ਸਾਂਭਿਆ ਕਰੋਗੇ ਤਾਂ ਜਵਾਬ ਮਿਲਦਾ ਹੈ, "ਡੈਡ, ਇੱਥੇ ਕਿੰਨੇ ਵਧੀਆ ਕੇਅਰ ਹੋਮ ਹਨ। ਉਨ੍ਹਾਂ ਵਿੱਚ ਜਾ ਕੇ ਆਪਣੀ ਉਮਰ ਦੇ ਲੋਕਾਂ ਵਿੱਚ ਆਰਾਮ ਨਾਲ ਰਹੋ।" ਕੇਅਰ ਹੋਮ ਦੀ ਇਕੱਲਤਾ ਡਰਾਉਂਦੀ ਹੈ। ਵੀਕ-ਐਂਡ ਆਵੇ ਤਾਂ ਜੀਅ ਕਰਦਾ ਹੈ ਕਿ ਸਾਰਾ ਪਰਵਾਰ ਘੱਟੋ-ਘੱਟ ਇਕੱਠੇ ਬੈਠ ਕੇ ਨਾਸ਼ਤਾ ਤਾਂ ਕਰੀਏ, ਪਰ ਨਹੀਂ, ਨਾਸ਼ਤਾ ਕਰਨ ਲਈ ਪਾਰਕਿਨਜ਼ ਜਾਂ ਡੈਨੀ ਰੈਸਤਰਾਂ ਵਿੱਚ ਜਾਣਾ ਪੈਂਦਾ ਹੈ, ਘੱਟੋ-ਘੱਟ ਖਰਚਾ ਸੱਤਰ ਜਾਂ ਅੱਸੀ ਡਾਲਰ। ਇਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ, ਕਿਉਂਕਿ ਬਿੱਲ ਡੈਡੀ ਨੇ ਦੇਣਾ ਹੈ। ਗੱਲ ਖਾਣ-ਪੀਣ ਦੀ ਨਹੀਂ, ਬਹਿ ਕੇ ਗੱਲਾਂ ਕਰਨ ਦੀ ਹੈ। ਸੀਤੋ ਨੂੰ ਫਿਕਰ ਹੈ, ਜੇਕਰ ਬੰਟੀ ਦੀ ਬਹੂ ਹਾਮਲਾ ਹੋ ਗਈ ਤਾਂ ਦੋ ਹਜ਼ਾਰ ਦਾ ਖਰਚ ਸਿਰ 'ਤੇ ਪਿਆ ਹੈ। ਮੈਂ ਚੁੱਪ ਕਰ ਜਾਂਦਾ ਹਾਂ।

ਅੰਤਲਾ ਪੜਾਅ ਆ ਗਿਆ ਹੈ। ਬੰਟੀ, ਸੀਮਾ ਤੇ ਅਮਨ ਆਪੋ ਆਲ੍ਹਣਿਆਂ ਵਿੱਚ ਚਲੇ ਗਏ ਹਨ। ਅਸੀਂ ਇਕੱਲੇ ਹਾਂ। ਕਦੇ-ਕਦੇ ਸੀਮਾ ਸਾਡਾ ਹਾਲ ਪੁੱਛਦੀ ਹੈ। ਉਂਜ ਆਪਣੇ ਬੱਚੇ ਸੰਭਾਉਣ ਲਈ ਬੰਟੀ ਜਾਂ ਅਮਨ ਵੀ ਘੌਲ ਨਹੀਂ ਕਰਦੇ। ਬੰਟੀ ਜਿਹੜਾ ਮੇਰੇ ਨਾਲ ਹਮੇਸ਼ਾਂ ਪੈਗ ਖੜਕਾਉਂਦਾ ਸੀ, ਅੱਜਕੱਲ੍ਹ ਹਫਤਾ ਭਰ ਫੋਨ ਵੀ ਨਹੀਂ ਕਰਦਾ। ਮੇਰੀ ਬੰਟੀ ਨਾਲ ਸਕਾਚ ਦੀ ਸਾਂਝ ਸੀ, ਜਦੋਂ ਕਿ ਅਮਨ ਬੀਅਰ ਦਾ ਸ਼ੌਕੀਨ ਸੀ। ਅਮਨ ਨਾਲ ਮੈਨੂੰ ਬੀਅਰ ਪੀਣੀ ਪੈਂਦੀ ਸੀ। ਅਮਨ ਦੀ ਖੁਸ਼ੀ ਦੀ ਖਾਤਰ ਮੈਂ ਜੌਆਂ ਦਾ ਪਾਣੀ ਵੀ ਚਟਖਾਰੇ ਲੈ ਲੈ ਪੀਂਦਾ। ਦਿਲ ਪਿਛਲੇ ਵਕਤ 'ਚ ਘੁੰਮਦਾ ਹੈ, ਮੈਂ ਤੇ ਮੇਰੇ ਦੋਸਤ ਕਾਲਜ ਦੇ ਟੂਰ ਵੇਲੇ ਘਰ ਦੀ ਕੱਢੀ ਸ਼ਰਾਬ ਪੀਂਦੇ ਹਾਂ, ਸਿਰਫ ਆਰਥਿਕ ਫਿਕਰਮੰਦੀ ਹੈ, ਨਹੀਂ ਤਾਂ ਜ਼ਿੰਦਗੀ ਲੁਤਫ ਹੈ। ਮੈਂ ਕਿਉਂ ਇੱਥੇ ਆਇਆ? ਮੈਂ ਕੀ ਖੱਟਿਆ? ਇਹ ਅਜਿਹੇ ਸਵਾਲ ਹਨ ਜਿਨ੍ਹਾਂ ਦਾ ਮੇਰੇ ਕੋਲ ਕੋਈ ਜਵਾਬ ਨਹੀਂ।

ਫਿਰ ਵਰਤਮਾਨ ਵਿੱਚ ਵਾਪਸ ਆ ਜਾਂਦਾ ਹਾਂ। ਪਿਕਸੀ ਮੇਰਾ ਕਤੂਰਾ ਹੈ। ਉਹ ਮੇਰੇ ਉਠਣ ਨਾਲ ਜਾਗ ਪਿਆ ਹੈ। ਉਸ ਪਿੱਠ 'ਤੇ ਹੱਥ ਫੇਰਦਾ ਹਾਂ, ਉਹ ਬੜਾ ਨਿੰਮਦਾ ਹੈ, ਮੇਰਾ ਹੱਥ ਚੁੰਮਦਾ ਤੇ ਮੇਰੀ ਬੁੱਕਲ ਵਿੱਚ ਆ ਬੈਠਦਾ ਹੈ। ਉਪਰ ਜਾਂਦਾ ਹਾਂ ਤਾਂ ਸੀਤੋ ਦੇ ਘੁਰਾੜੇ ਘਟ ਗਏ ਹਨ। ਉਹ ਪਾਸਾ ਜਿਹਾ ਲੈ ਕੇ ਮੇਰੀ ਅਣਹੋਂਦ ਮਹਿਸੂਸ ਕਰਦੀ ਹੈ। ਮੈਂ ਹਾਜ਼ਰ ਹੁੰਦਾ ਹਾਂ। ਉਸ ਦਾ ਮਿਹਣਾ ਹੈ, "ਤੁਹਾਨੂੰ ਨਾ ਜਵਾਨੀ ਵਿੱਚ ਆਰਾਮ ਸੀ ਤੇ ਨਾ ਬੁਢਾਪੇ ਵਿੱਚ ਚੈਨ ਹੈ।" ਮੇਰੇ ਕੋਲ ਇਸ ਦਾ ਕੋਈ ਜਵਾਬ ਨਹੀਂ। ਪੌੜੀਆਂ ਉਤਰ ਕੇ ਫਿਰ ਲਿਵਿੰਗ ਰੂਮ ਵਿੱਚ ਆ ਜਾਂਦਾ ਹਾਂ।

ਸੀਤੋ ਬਿਮਾਰ ਹੈ। ਇਕੱਲਾ ਉਸ ਦੀ ਦੇਖਭਾਲ ਕਰਦਾ ਹਾਂ। ਬੱਚਿਆਂ ਨੂੰ ਫੋਨ ਕਰਕੇ ਦੱਸਦਾ ਹਾਂ ਕਿ ਤੁਹਾਡੀ ਮਾਂ ਬਿਮਾਰ ਹੈ। ਫੋਨ ਤਾਂ ਉਨ੍ਹਾਂ ਨੂੰ ਮਗਰੋਂ ਪਹੁੰਚਦਾ ਹੈ, ਪਰ ਉਨ੍ਹਾਂ ਦੇ ਬਹਾਨੇ ਪਹਿਲਾਂ ਆ ਜਾਂਦੇ ਹਨ। ਕਿਸੇ ਦੇ ਬੱਚਿਆਂ ਦੀਆਂ ਗੇਮਾਂ ਹੋ ਰਹੀਆਂ ਹਨ, ਕਿਸੇ ਨੇ ਕੰਮ ਦੇ ਨਾਲ ਕੋਈ ਛੋਟਾ ਮੋਟਾ ਕੋਰਸ ਸ਼ੁਰੂ ਕੀਤਾ ਹੋਇਆ ਹੈ। ਇਕੱਲਾ ਹੀ ਹਾਂ। ਸੀਤੋ ਨੂੰ ਹਸਪਤਾਲ ਭਰਤੀ ਕਰਾ ਦਿੰਦਾ ਹਾਂ। ਸੀਤੋ ਤਾਕੀਦ ਕਰਦੀ ਹੈ ਕਿ ਬੱਚਿਆਂ ਨਾਲ ਮੇਰੀ ਗੱਲ ਕਰਵਾ। ਬੱਚੇ ਸੀਤੋ ਨੂੰ ਫੋਨ ਕਰਦੇ ਹਨ। ਸੀਤੋ ਬੱਚਿਆਂ ਨੂੰ ਕਹਿੰਦੀ ਹੈ ਕਿ ਮੈਨੂੰ ਆ ਕੇ ਮਿਲ ਜਾਵੋ। ਬੱਚੇ ਫੇਰ ਬਹਾਨੇ ਲਾਉਂਦੇ ਹਨ। ਸੀਮਾ ਨੂੰ ਦੱਸਦਾ ਹਾਂ, "ਤੇਰੀ ਮਾਂ ਸਖਤ ਬਿਮਾਰ ਹੈ।" ਸੀਮਾ ਮਿਲਣ ਆਉਂਦੀ ਹੈ। ਮਾਵਾਂ ਧੀਆਂ ਗਲ ਲੱਗ ਕੇ ਰੋਂਦੀਆਂ ਹਨ, ਪਰ ਸੀਮਾ ਵੀ ਕਬੀਲਦਾਰ ਹੈ। ਉਸ ਨੂੰ ਵਾਪਸ ਜਾਣਾ ਪੈਂਦਾ ਹੈ, ਨਹੀਂ ਤਾਂ ਉਸ ਦਾ ਪਤੀ ਦੇਵ ਉਸ ਉਤੇ ਬਹੁਤ ਗੁੱਸੇ ਹੋ ਜਾਵੇਗਾ। ਡਾਕਟਰ ਆ ਕੇ ਪੁੱਛਦਾ ਹੈ, "ਅੰਗਦਾਨ ਦਾ ਫਾਰਮ ਭਰਿਆ ਹੈ?" ਮੇਰੀ ਭੁੱਬ ਨਿਕਲ ਜਾਂਦੀ ਹੈ। ਮੇਰੀ ਸੀਤੋ ਅਜੇ ਜਿੰਦਾ ਹੈ, ਇਹ ਪਹਿਲਾਂ ਹੀ ਉਸ ਦੇ ਅੰਗ ਭਾਲਦੇ ਹਨ। ਸ਼ਾਇਦ ਜੋ ਡਾਕਟਰ ਨੂੰ ਦਿਸ ਰਿਹਾ ਹੈ, ਮੈਨੂੰ ਨਹੀਂ ਦਿਸ ਰਿਹਾ। ਸੀਤੋ ਨੂੰ ਲਗਾਤਾਰ ਦੌਰੇ ਪੈ ਰਹੇ ਹਨ। ਜਦੋਂ ਹੋਸ਼ ਆਉਂਦੀ ਹੈ ਤਾਂ ਬੱਚਿਆਂ ਦਾ ਨਾਂ ਲੈਂਦੀ ਹੈ। ਮੈਂ ਬਹਾਨੇ ਲਾਉਂਦਾ ਰਹਿੰਦਾ ਹਾਂ। ਟੈਕਸੀ ਲੈ ਕੇ ਘਰ ਆਉਂਦਾ ਹਾਂ। ਸਾਡੇ ਵਿਆਹ ਦੀ ਐਲਬਮ ਦੇਖਦਾ ਹਾਂ। ਪੁਰਾਣੀਆਂ ਯਾਦਾਂ ਫਰੋਲਦਾ ਹਾਂ। ਕੰਧਾਂ 'ਤੇ ਸੀਤੋ ਤੇ ਬੱਚਿਆਂ ਦੀਆਂ ਵੱਡੀਆਂ-ਵੱਡੀਆਂ ਫੋਟੋਆਂ ਲੱਗੀਆਂ ਹਨ। ਜੀਅ ਕਰਦਾ ਹੈ ਕਿ ਸਾਰੀਆਂ ਫੋਟੋਆਂ ਲਾਹ ਕੇ ਪਾੜ ਦਿਆਂ। ਪਿਕਸੀ ਮੇਰੀਆਂ ਲੱਤਾਂ ਨੂੰ ਚਿੰਬੜ ਜਾਂਦਾ ਹੈ। ਲੱਗਦਾ ਹੈ ਪਿਆਰ ਮਨੁੱਖਾਂ 'ਚੋਂ ਖਤਮ ਹੋ ਗਿਆ ਹੈ, ਪਰ ਜਾਨਵਰਾਂ ਵਿੱਚ ਕਾਇਮ ਹੈ। ਲੱਗਦਾ ਹੈ ਜਿਵੇਂ ਪਿਕਸੀ ਪੁੱਛਦਾ ਹੋਵੇ, "ਮਾਂ ਕਿੱਥੇ ਹੈ?" ਪਿਕਸੀ ਸੀਤੋ ਨੂੰ ਆਪਣੀ ਮਾਂ ਸਮਝਦਾ ਹੈ। ਚਾਰ ਹਫਤਿਆਂ ਦਾ ਸੀ ਜਦ ਅਸੀਂ ਉਸ ਨੂੰ ਘਰ ਲਿਆਂਦਾ ਸੀ। ਹਰ ਵੇਲੇ ਸੀਤੋ ਦੇ ਮਗਰ-ਮਗਰ ਫਿਰਦਾ ਰਹਿੰਦਾ ਸੀ। ਜੇਕਰ ਉਹ ਰਸੋਈ ਵਿੱਚ ਹੁੰਦੀ, ਪਿਕਸੀ ਰਸੋਈ ਵਿੱਚ ਚਲਾ ਜਾਂਦਾ ਅਤੇ ਜੇ ਬਾਹਰ ਗਾਰਡਨ ਵਿੱਚ ਹੁੰਦੀ ਤਾਂ ਬਾਹਰ ਘਾਹ 'ਤੇ ਬੈਠਾ ਸੀਤੋ ਨੂੰ ਦੇਖਦਾ ਅਤੇ ਚਿੜੀਆਂ ਨੂੰ ਭੌਂਕਦਾ ਰਹਿੰਦਾ। ਮੇਰੇ ਕੋਲ ਪਿਕਸੀ ਦੀਆਂ ਅੱਖਾਂ ਦੇ ਸਵਾਲ ਦਾ ਕੋਈ ਜਵਾਬ ਨਹੀਂ। ਪਿਕਸੀ ਨੂੰ ਗਰਾਜ ਦੇ ਦਰਵਾਜ਼ੇ ਕੋਲ ਲਿਜਾ ਕੇ ਫੂਡ ਪਾਉਂਦਾ ਹਾਂ, ਪਰ ਉਹ ਨਹੀਂ ਖਾਂਦਾ। ਵਾਪਸ ਹਸਪਤਾਲ ਜਾਂਦਾ ਹਾਂ। ਸੀਤੋ ਦੀਆਂ ਅੱਖਾਂ ਫਿਰ ਉਹੀ ਸਵਾਲ ਕਰਦੀਆਂ ਹਨ, ਮੇਰੇ ਕੋਲ ਵੀ ਉਹੀ ਬਹਾਨਾ ਹੈ, "ਬੱਚੇ ਆ ਜਾਣਗੇ। ਤੂੰ ਦਿਲ ਕਿਉਂ ਛੱਡਦੀ ਹੈ?" ਸੀਤੋ ਦੀਆਂ ਅੱਖਾਂ ਕਹਿ ਰਹੀਆਂ ਹਨ ਕਿ ਉਹ ਕਾਇਮ ਨਹੀਂ ਹੋਵੇਗੀ। ਆਪਣੇ ਬੱਚਿਆਂ ਨੂੰ ਸਕੂਲ ਛੱਡ ਕੇ ਸੀਮਾ ਫਿਰ ਆਪਣੀ ਮਾਂ ਕੋਲ ਆਈ ਹੈ। ਮਾਂ ਅਤੇ ਧੀ ਜ਼ੁਬਾਨ ਨਾਲ ਨਹੀਂ, ਅੱਖਾਂ ਨਾਲ ਗੱਲਾਂ ਕਰ ਰਹੀਆਂ ਹਨ। ਸੀਮਾ ਮੇਰੇ ਵੱਲ ਝਾਕਦੀ ਹੈ। ਲੱਗਦਾ ਹੈ ਜਿਵੇਂ ਕਹਿ ਰਹੀ ਹੋਵੇ, "ਡੈਡ, ਤੁਸੀਂ ਮੇਰੀ ਮਾਂ ਦਾ ਖਿਆਲ ਨਹੀਂ ਰੱਖਿਆ।" ਮੈਨੂੰ ਲੱਗਦਾ ਹੈ ਸਭ ਪਾਸਿਆਂ ਤੋਂ ਮੈਂ ਹੀ ਦੋਸ਼ੀ ਹਾਂ।

ਸੀਤੋ ਸਫਰ ਪੂਰਾ ਕਰ ਗਈ। ਬੱਚੇ ਆ ਗਏ। ਦੋਵੇਂ ਨੂੰਹਾਂ ਵੀ ਆ ਗਈਆਂ। ਘਰ ਨੂੰ ਸੰਵਾਰਨ ਦਾ ਕੰਮ ਸ਼ੁਰੂ ਹੋ ਗਿਆ ਹੈ। ਦੋਸਤ ਮਿੱਤਰ ਅਫਸੋਸ ਕਰਨ ਆ ਰਹੇ ਹਨ। ਜਿਹੜੀਆਂ ਲੜਾਈਆਂ ਆਪਣੇ ਬੱਚਿਆਂ ਵਿੱਚ ਹੁੰਦੀਆਂ ਸਨ, ਉਹੀ ਲੜਾਈਆਂ ਪੋਤਿਆਂ ਦੋਹਤਿਆਂ ਵਿੱਚ ਹੁੰਦੀਆਂ ਦੇਖਦਾ ਹਾਂ। ਸ਼ਾਮ ਨੂੰ ਦੋਵੇਂ ਮੁੰਡੇ ਇਕੱਲੇ ਨਾਲ ਗੱਲ ਕਰਦੇ ਹਨ, ਬੜਾ ਅਫਸੋਸ ਜ਼ਾਹਰ ਕਰਦੇ ਹਨ ਕਿ ਉਹ ਸਮੇਂ ਸਿਰ ਨਹੀਂ ਆ ਸਕੇ। ਮੈਂ ਚੁੱਪ ਰਹਿੰਦਾ ਹਾਂ। ਘਰ ਦੇ ਕਾਗਜ਼ਾਂ ਦੀ ਫੋਲਾ-ਫਾਲੀ ਜਾਰੀ ਹੈ। ਬੜੇ ਖੁਸ਼ ਹੁੰਦੇ ਹਨ ਜਦ ਦੇਖਦੇ ਹਨ ਕਿ ਘਰ ਤਾਂ ਸਾਰਾ ਪੇਡ-ਅੱਪ ਹੈ। ਮਨ ਵਿੱਚ ਘਰ ਦੀ ਕੀਮਤ ਦਾ ਅੰਦਾਜ਼ਾ ਲਾਉਂਦੇ ਹਨ। ਦੋਵੇਂ ਖਿੱਚ ਕਰਦੇ ਹਨ ਕਿ ਮੈਂ ਉਨ੍ਹਾਂ ਕੋਲ ਰਹਾਂ। ਬੇਟੀ ਕੋਈ ਗੱਲ ਨਹੀਂ ਕਰਦੀ, ਬੱਸ ਇੱਕ ਨੁੱਕਰ ਵਿੱਚ ਬੈਠੀ ਰੋਈ ਜਾਂਦੀ ਹੈ। ਮੁੰਡੇ ਫੇਰ ਗੱਲ ਕਰਦੇ ਹਨ, "ਡੈਡ, ਇੱਡੇ ਵੱਡੇ ਘਰ ਦਾ ਕੀ ਕਰੋਗੇ! ਇਹਨੂੰ ਵੇਚ ਕੇ ਸਾਡੇ ਕੋਲ ਆ ਜਾਵੋ।" ਸੀਮਾ ਉਨ੍ਹਾਂ ਨੂੰ ਭੱਜ ਕੇ ਪੈਂਦੀ ਹੈ, "ਮਾਂ ਦਾ ਸਿਵਾ ਤਾਂ ਠੰਢਾ ਹੋਣ ਦਿਉ। ਆ ਗਏ ਵੰਡੀਆਂ ਪਾਉਣ।" ਹਾਰ ਕੇ ਮੈਨੂੰ ਚੁੱਪ ਕਰਾਉਣੇ ਪੈਂਦੇ ਹਨ, "ਦੇਖੋ, ਮੈਂ ਤੇ ਪਿਕਸੀ ਜਿੰਨਾ ਚਿਰ ਕਾਇਮ ਹਾਂ, ਇਸੇ ਘਰ ਵਿੱਚ ਰਹਾਂਗੇ। ਜਦੋਂ ਅਸੀਂ ਨਾ ਰਹੇ, ਇਹ ਘਰ ਬੇਘਰਿਆਂ ਨੂੰ ਜਾਵੇਗਾ।"

ਇਸ ਦੇ ਬਾਅਦ ਚਿਹਰਿਆਂ ਤੋਂ ਪਿਤਾ ਪਿਆਰ ਗਾਇਬ ਹੈ। ਵਾਪਸ ਜਾਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਸਾਮਾਨ ਇਕੱਠਾ ਕਰਨ ਦੀ ਭੱਜ-ਦੌੜ ਤੇਜ਼ ਹੋ ਗਈ ਹੈ। ਦੋਵੇਂ ਨੂੰਹਾਂ ਫਿਰ ਕੋਲ ਆ ਗਈਆਂ, "ਡੈਡੀ, ਸੋਚ ਲਓ.. ਏਥੇ ਇਕੱਲਿਆਂ ਦਾ ਜੀਅ ਨਹੀਂ ਲੱਗਣਾ।" ਮੇਰਾ ਮਨ ਜਵਾਬ ਦਿੰਦਾ ਹੈ, 'ਇਸ ਘਰ ਸੀਤੋ ਦੀਆਂ ਯਾਦਾਂ ਹਨ, ਉਸ ਦੇ ਸਾਹਾਂ ਦੀ ਮਹਿਕ ਹੈ, ਉਸ ਦੀ ਹੋਂਦ ਮੈਨੂੰ ਮਹਿਸੂਸ ਹੁੰਦੀ ਹੈ। ਇਸ ਘਰ ਤੋਂ ਦੂਰ ਜਾ ਕੇ ਮੈਂ ਜਿਉਂਦਾ ਹੀ ਮਰ ਜਾਵਾਂਗਾ।' ਉਹ ਸਾਮਾਨ ਗੱਡੀਆਂ ਵਿੱਚ ਰੱਖ ਰਹੇ ਹਨ। ਮੈਂ ਪਿਕਸੀ ਨੂੰ ਲੈ ਕੇ ਬਾਹਰ ਨੂੰ ਚਲਾ ਜਾਂਦਾ ਹਾਂ। ਏਅਰਪੋਰਟ ਵੱਲ ਦੇਖਦਾ ਹਾਂ, ਏਅਰ ਇੰਡੀਆ ਦਾ ਇੱਕ ਹੋਰ ਜਹਾਜ਼ ਏਅਰਪੋਰਟ 'ਤੇ ਲੈਂਡ ਹੋ ਰਿਹਾ ਹੈ।

# ਜਦੋਂ ਬੱਚਿਆਂ ਨੇ ਪਿੰਡ ਦੀ ਬਦਲੀ ਨੁਹਾਰ

-ਪ੍ਰਿੰ. ਵਿਜੈ ਕੁਮਾਰ

ਮੇਰਾ ਇਹ ਸੁਭਾਗ ਹੈ ਕਿ ਪਰਮ-ਾਤਮਾ ਨੇ ਮੈਨੂੰ ਇਹ ਗੁਣ ਬਖਸ਼ਿਆ ਹੈ ਕਿ ਹਾਲਾਤ ਜਿਹੋ ਜਿਹੇ ਮਰਜ਼ੀ ਹੋਣ, ਆਪਣੇ ਉਦੇਸ਼ ਤੇ ਨਿਸ਼ਾਨੇ ਪ੍ਰਤੀ ਸਮਰਪਿਤ ਰਹੋ। ਹਿੰਮਤ ਨਾ ਹਾਰੋ। ਸਫਲਤਾ ਮਿਲੇ ਜਾਂ ਨਾ ਮਿਲੇ, ਝਰਨੇ ਵਾਂਗ ਵਹਿੰਦੇ ਰਹੋ। ਮੈਂ ਲੈਕਚਰਾਰ ਦੇ ਅਹੁਦੇ 'ਤੇ ਸੇਵਾ ਨਿਭਾਉਂਦਿਆਂ ਆਪਣੇ ਸਕੂਲ ਦੀ ਕੌਮੀ ਸੇਵਾ ਯੋਜਨਾ ਇਕਾਈ ਦਾ ਪ੍ਰੋਗਰਾਮ ਅਧਿਕਾਰੀ ਸੀ। ਇਸ ਯੋਜਨਾ ਹੇਠ ਮੈਂ ਆਪਣੇ ਵਿਦਿਆਰਥੀਆਂ ਨੂੰ ਲੈ ਕੇ ਪਿੰਡਾਂ 'ਚ ਇਕ ਅਤੇ ਦਸ ਦਿਨਾਂ ਕੌਮੀ ਸੇਵਾ ਯੋਜਨਾ ਕੱਪ ਲਾਉਂਦਾ ਸੀ। ਇਹ ਕੈਂਪ ਯਾਦਗਾਰੀ ਹੋ ਨਿੱਬੜਦੇ ਸਨ। ਅਸੀਂ ਕੈਂਪ ਦੌਰਾਨ ਸਿਰਫ ਪ੍ਰਾਜੈਕਟ ਨਹੀਂ ਕਰਦੇ, ਸਗੋਂ ਕੇਂਦਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋਕਾਂ ਦੀ ਜਾਗਰੂਕਤਾ ਲਈ ਵੱਖ-ਵੱਖ ਗਤੀਵਿਧੀਆਂ ਵੀ ਕਰਦੇ ਸਾਂ। ਪਿੰਡਾਂ 'ਚ ਸਾਡੀ ਕੌਮੀ ਸੇਵਾ ਯੋਜਨਾ ਦੀ ਇਕਾਈ ਦੀ ਕਾਫੀ ਪ੍ਰਸਿੱਧੀ ਅਤੇ ਚੜ੍ਹਤ ਸੀ। ਪਿੰਡਾਂ ਦੇ ਪੰਚ ਸਰਪੰਚ ਆਪਣੇ ਪਿੰਡਾਂ 'ਚ ਕੌਮੀ ਸੇਵਾ ਯੋਜਨਾ ਕੈਂਪ ਲਾਉਣ ਲਈ ਪਹੁੰਚ ਕਰਦੇ ਸਨ। ਕਈ ਵਰ੍ਹੇ ਇਕੋ ਵੇਲੇ ਤਿੰਨ ਚਾਰ ਪਿੰਡਾਂ ਵੱਲੋਂ ਕੈਂਪ ਲਾਉਣ ਲਈ ਅਰਜ਼ੀਆਂ ਆਉਣ 'ਤੇ ਸਾਨੂੰ ਇਹ ਫੈਸਲਾ ਕਰਨਾ ਔਖਾ ਹੋ ਜਾਂਦਾ ਕਿ ਕਿਸ ਪਿੰਡ ਕੈਂਪ ਲਾਈਏ।

ਇਕ ਵਾਰੀ ਮੈਂ ਆਪਣੇ ਇਕ ਕਰੀਬੀ ਮਿੱਤਰ ਦੇ ਕਹਿਣ 'ਤੇ ਨੇੜਲੇ ਪਿੰਡ ਵਿੱਚ ਇਕ ਦਿਨਾ ਕੌਮੀ ਸੇਵਾ ਯੋਜਨਾ ਕੈਂਪ ਲਾ ਬੈਠਾ। ਪ੍ਰੋਗਰਾਮ ਅਨੁਸਾਰ ਮੈਂ ਸੱਠ ਕੁ ਵਿਦਿਆਰਥੀਆਂ ਨੂੰ ਲੈ ਕੇ ਸਵੇਰੇ ਨੌਂ ਵਜੇ ਪਿੰਡ ਜਾ ਪਹੁੰਚਿਆ। ਕੈਂਪ ਦਾ ਪ੍ਰਾਜੈਕਟ ਪਿੰਡ ਦੇ ਇਕ ਰਸਤੇ ਨੂੰ ਚੱਲਣ ਅਤੇ ਲੰਘਣ ਯੋਗ ਬਣਾਉਣਾ ਸੀ। ਅਸੀਂ ਉਸ ਪਿੰਡ ਵਿੱਚ ਕੈਂਪ ਲਾ ਬੈਠੇ, ਪਰ ਮੇਰਾ ਤੇ ਨਾਲ ਗਏ ਵਿਦਿਆਰਥੀਆਂ ਦਾ ਤਜਰਬਾ ਬਹੁਤ ਚੰਗਾ ਨਹੀਂ ਰਿਹਾ। ਪ੍ਰਾਜੈਕਟ ਵਾਲੀ ਥਾਂ ਕਾਫੀ ਪਥਰੀਲੀ ਸੀ। ਇਸ ਦੇ ਬਾਵਜੂਦ ਵਿਦਿਆਰਥੀ ਸ਼ਿੱਦਤ ਨਾਲ ਕੰਮ ਕਰ ਰਹੇ ਸਨ। ਪਿੰਡ ਵਾਲਿਆਂ ਨੇ ਬੱਚਿਆਂ ਨੂੰ ਚਾਹ ਪਾਣੀ ਲਈ ਕੀ ਪੁੱਛਣਾ ਸੀ, ਉਲਟਾ ਦੂਰ ਖੜੇ ਮੇਰੇ ਵਿਦਿਆਰਥੀਆਂ ਨੂੰ ਟਿੱਚਰਾਂ ਕਰ ਰਹੇ ਸਨ। ਕੋਈ ਕਹਿੰਦਾ ਸੀ ਕਿ ਬੱਚੇ ਸਕੂਲ ਪੜ੍ਹਨ ਆਉਂਦੇ ਹਨ ਜਾਂ ਮਜ਼ਦੂਰੀ ਕਰਨ। ਕਿਸੇ ਦੇ ਮੂੰਹੋਂ ਇਹ ਸ਼ਬਦ ਨਿਕਲ ਰਹੇ ਸਨ, 'ਕਿਵੇਂ ਮਜ਼ਦੂਰਾਂ ਵਾਂਗ ਲਾਏ ਹੋਏ ਨੇ ਲੋਕਾਂ ਦੇ ਬੱਚੇ, ਇਸ ਮਾਸਟਰ ਨੇ।' ਕੋਈ ਟਿੱਚਰ ਕਰਦਾ ਆਖ ਰਿਹਾ ਸੀ, 'ਵਿਹਲੇ ਹੋਣੇ ਘਰਾਂ ਤੋਂ। ਚੱਲੋ ਚੰਗਾ ਹੈ, ਘਰੀਂ ਵੀ ਗਲੀਆਂ ਛੇਤੜਨੀਆਂ ਸਨ, ਕਿਸੇ ਆਹਰੇ ਤਾਂ ਲੱਗੇ ਹੋਏ ਨੇ।'

ਉਨ੍ਹਾਂ ਦੇ ਵਿਅੰਗ ਸੁਣ ਕੇ ਮੈਨੂੰ ਗੁੱਸਾ ਚੜ੍ਹ ਰਿਹਾ ਸੀ। ਉਨ੍ਹਾਂ ਦੀਆਂ ਟਿੱਚਰਾਂ ਮੇਰੇ ਕੰਨਾਂ ਵਿੱਚ ਪੈ ਰਹੀਆਂ ਸਨ, ਪਰ ਮੈਂ ਸੁਣ ਕੇ ਅਣਸੁਣਿਆ ਕਰ ਰਿਹਾ ਸੀ। ਮੇਰੇ ਪੰਜਾਂ ਸੱਤਾਂ ਵਿਦਿਆਰਥੀਆਂ ਨੇ ਮੈਨੂੰ ਸ਼ਿਕਾਇਤ ਕੀਤੀ; ਸਰ, ਸਾਥੋਂ ਇਨ੍ਹਾਂ ਦੀਆਂ ਟਿੱਚਰਾਂ ਨਹੀਂ ਸੁਣ ਹੁੰਦੀਆਂ। ਮੈਂ ਆਪਣੇ ਵਿਦਿਆਰਥੀਆਂ ਨੂੰ ਫਿਰ ਇਹ ਕਹਿ ਕੇ ਸਮਝਾਇਆ ਕਿ ਜਿਹੜੇ ਲੋਕ ਅੱਜ ਸਾਡਾ ਮਜ਼ਾਕ ਉਡਾ ਰਹੇ ਨੇ, ਇਕ ਦਿਨ ਇਹੀ ਤੁਹਾਡੀ ਪਿੱਠ ਥਾਪੜਨਗੇ। ਹਿੰਮਤ ਰੱਖੋ। ਇਨ੍ਹਾਂ ਨੂੰ ਆਪਣੀਆਂ ਟਿੱਚਰਾਂ ਨੂੰ ਤੁਹਾਡੀ ਪ੍ਰਸ਼ੰਸਾ 'ਚ ਬਦਲਣਾ ਪਵੇਗਾ। ਅਸੀਂ ਦੋ ਤਿੰਨ ਹੋਰ ਕੌਮੀ ਸੇਵਾ ਯੋਜਨਾ ਕੈਂਪ ਲਾ ਕੇ ਉਸ ਪਿੰਡ ਦੇ ਰਾਹ ਨੂੰ ਚੱਲਣ ਯੋਗ ਬਣਾ ਦਿੱਤਾ। ਮੇਰੇ ਵਿਦਿਆਰਥੀਆਂ ਦੀ ਮਿਹਨਤ ਦੀ ਗੱਲ ਇਲਾਕੇ ਦੇ ਵਿਧਾਇਕ ਕੋਲ ਪਹੁੰਚੀ। ਉਹ ਕੱਚਾ ਰਸਤਾ ਸੜਕ ਵਿੱਚ ਬਦਲ ਗਿਆ। ਲੋਕਾਂ ਦੀ ਜ਼ਿੰਦਗੀ ਸੌਖੀ ਹੋ ਗਈ। ਪਿੰਡ ਦੇ ਉਨ੍ਹਾਂ ਲੋਕਾਂ ਨੂੰ ਏਹੀ ਬੰਦੇ ਚੇਤੇ ਆਉਣ ਲੱਗੇ, ਜਿਨ੍ਹਾਂ ਨੂੰ ਉਹ ਟਿੱਚਰਾਂ ਕਰਦੇ ਸਨ।

ਉਸ ਪਿੰਡ ਦਾ ਮਿਡਲ ਸਕੂਲ ਇਕ ਮੰਦਰ ਵਿੱਚ ਲੱਗਦਾ ਸੀ। ਪਿੰਡ ਵਾਲਿਆਂ ਨੇ ਇਕੱਠਿਆਂ ਹੋ ਕੇ ਸਕੂਲ ਦੀ ਇਮਾਰਤ ਬਣਾਉਣ ਲਈ ਜਗ੍ਹਾ ਦੇ ਦਿੱਤੀ। ਸਕੂਲ ਦੀ ਇਮਾਰਤ ਬਣਨੀ ਸੀ। ਮੇਰਾ ਉਹ ਕਰੀਬੀ ਦੋਸਤ ਅਧਿਆਪਕ ਪਿੰਡ ਦੇ ਲੋਕਾਂ ਨੂੰ ਲੈ ਕੇ ਸਕੂਲ ਆ ਗਿਆ। ਉਨ੍ਹਾਂ ਲੋਕਾਂ 'ਚ ਟਿੱਚਰਾਂ ਕਰਨ ਵਾਲੇ ਵੀ ਸ਼ਾਮਲ ਸਨ। ਮੈਂ ਚਾਹੁੰਦਾ ਸੀ ਕਿ ਉਨ੍ਹਾਂ ਲੋਕਾਂ ਨੂੰ ਉਹ ਦਿਨ ਯਾਦ ਕਰਾਵਾਂ, ਪਰ ਮੇਰੇ ਜਨੂੰਨ ਨੇ ਮੇਰੀ ਜ਼ੁਬਾਨ ਉੱਤੇ ਕੋਈ ਸ਼ਬਦ ਨਾ ਆਉਣ ਦਿੱਤਾ। ਮੈਂ ਉਨ੍ਹਾਂ ਵੱਲੋਂ ਦਿੱਤੀ ਕੈਂਪ ਦੀ ਅਰਜ਼ੀ ਮੁੱਖ ਦਫਤਰ ਨੂੰ ਭੇਜ ਦਿੱਤੀ। ਕੈਂਪ ਦੀ ਮਨਜ਼ੂਰੀ ਆ ਗਈ।

ਦਸੰਬਰ ਦੀਆਂ ਛੁੱਟੀਆਂ ਵਿੱਚ ਮੈਂ ਉਸ ਪਿੰਡ ਵਿੱਚ ਦਸ ਦਿਨਾਂ ਕੌਮੀ ਸੇਵਾ ਯੋਜਨਾ ਕੈਂਪ ਲਾ ਦਿੱਤਾ। ਉਹ ਕੈਂਪ ਮੇਰੀ ਜ਼ਿੰਦਗੀ ਦੀ ਅਭੁੱਲ ਯਾਦ ਬਣ ਗਿਆ। ਟਿੱਚਰਾਂ ਕਰਨ ਵਾਲਿਆਂ ਨੇ ਪਿੰਡ ਦੇ ਹੋਰ ਲੋਕਾਂ ਨੂੰ ਕੈਂਪ ਨਾਲ ਜੋੜ ਦਿੱਤਾ। ਇਕ ਕਾਰਵਾਂ ਬਣ ਗਿਆ। ਪਿੰਡ ਦੇ ਲੋਕ ਸਾਡੇ ਨਾਲ ਆ ਕੇ ਕੰਮ ਕਰਦੇ। ਦੁਪਹਿਰ ਦੇ ਲੈਕਚਰ ਸੈਸ਼ਨ ਵਿੱਚ ਆ ਕੇ ਬੈਠਦੇ। ਰਾਤ ਦੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਕੰਮ ਕਰਦੇ। ਪਿੰਡ ਵਿੱਚ ਸਮਾਜਿਕ ਬੁਰਾਈਆਂ ਦੇ ਖਿਲਾਫ ਰੈਲੀਆਂ ਕੱਢਦੇ। ਮੇਰੇ ਬੱਚਿਆਂ ਨੂੰ ਪਿੰਡ 'ਚੋਂ ਖਾਣ ਲਈ ਕਦੇ ਫਲ ਆਉਂਦੇ। ਕੋਈ ਮੱਕੀ ਦੀਆਂ ਰੋਟੀਆਂ ਤੇ ਸਾਗ ਭੇਜਦਾ। ਕੋਈ ਸ਼ਾਮ ਦੀ ਚਾਹ ਲਈ ਬਰੈਡ ਪਕੌੜੇ, ਬਿਸਕੁਟ ਤੇ ਪੇਸਟ੍ਰੀਆਂ ਭੇਜ ਦਿੰਦਾ। ਬੱਚਿਆਂ 'ਚ ਅਜਿਹਾ ਉਤਸ਼ਾਹ ਪੈਦਾ ਹੋਇਆ ਕਿ ਉਹ ਸਰੀਰ ਨੂੰ ਡੰਗਦੀ ਠੰਢ 'ਚ ਕੰਮ ਕਰਦੇ ਰਹਿੰਦੇ।


ਪਿੰਡ ਦੇ ਮਿਡਲ ਸਕੂਲ ਦੇ ਕਮਰਿਆਂ ਲਈ ਨੀਹਾਂ ਭਰੀਆਂ ਗਈਆਂ। ਕੈਂਪ ਨਾਲ ਪਿੰਡ ਦੇ ਲੋਕਾਂ ਦਾ ਇਕ ਜਨੂੰਨ ਜਿਹਾ ਪੈਦਾ ਹੋ ਗਿਆ। ਲੋਕ ਸੋਚਣ ਲੱਗੇ ਕਿ ਸਕੂਲ ਦੀ ਇਮਾਰਤ ਛੇਤੀ ਤੋਂ ਛੇਤੀ ਤਿਆਰ ਹੋਵੇ। ਸਕੂਲ ਮੰਦਰ 'ਚੋਂ ਨਿਕਲ ਕੇ ਇਮਾਰਤ 'ਚ ਲੱਗਣਾ ਸ਼ੁਰੂ ਹੋਵੇ। ਕੈਂਪ ਦੀ ਸਮਾਪਤੀ ਦਾ ਦਿਨ ਸੀ। ਮੈਂ ਬੱਚਿਆਂ ਦਾ ਕੰਮ ਤੇ ਪਿੰਡ ਵਾਲਿਆਂ ਦਾ ਉਤਸ਼ਾਹ ਦਿਖਾਉਣ ਲਈ ਦਿੱਲੀ ਤੋਂ ਅਧਿਕਾਰੀਆਂ ਨੂੰ ਬੁਲਾਇਆ ਹੋਇਆ ਸੀ। ਕੈਂਪ ਦੀ ਸਮਾਪਤੀ ਸਮਾਗਮ ਮੌਕੇ ਪਿੰਡ ਦੇ ਬਹੁਤ ਸਾਰੇ ਲੋਕ ਇਕੱਠੇ ਹੋਏ ਸਨ। ਸਮਾਗਮ ਰਾਤ ਦੇ ਦਸ ਵਜੇ ਤੱਕ ਚੱਲਦਾ ਰਿਹਾ। ਸੱਭਿਆਚਾਰਕ ਪ੍ਰੋਗਰਾਮ ਰਾਹੀਂ ਬੱਚਿਆਂ ਨੇ ਖੂਬ ਰੌਣਕਾਂ ਲਾਈਆਂ। ਪਿੰਡ ਦੇ ਲੋਕਾਂ ਨੇ ਵਰਖਾ ਵਾਂਗ ਰੁਪਏ ਵਰ੍ਹਾਏ। ਪਿੰਡ ਦੇ ਸਕੂਲ ਦੀ ਇਮ-ਾਰਤ ਲਈ ਉਨ੍ਹਾਂ ਨੇ ਤਿੰਨ ਲੱਖ ਰੁਪਏ ਇਕੱਠੇ ਕਰ ਲਏ। ਦਿੱਲੀ ਤੋਂ ਆਏ ਅਧਿਕਾਰੀ ਗੋਪਾਲ ਜੀ ਨੇ ਸਕੂਲ ਨੂੰ ਆਪਣੇ ਕੋਲੋਂ ਦਸ ਹਜ਼ਾਰ ਰੁਪਏ ਇਮਦਾਦ ਦਿੱਤੀ।

ਮੇਰੇ ਉਸ ਕੈਂਪ ਦੀ ਕਾਰਗੁਜ਼ਾਰੀ ਦਿੱਲੀ ਸਰਕਾਰ ਦੇ ਕਾਗਜ਼ਾਂ 'ਚ ਦਰਜ ਹੋਈ। ਮੈਨੂੰ ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਵੱਲੋਂ ਦਿੱਲੀ ਦੇ ਵਿਗਿਆਨ ਭਵਨ ਵਿੱਚ 'ਇੰਦਰਾ ਗਾਂਧੀ ਕੌਮੀ ਸੇਵਾ ਯੋਜਨਾ ਪੁਰਸਕਾਰ' ਨਾਲ ਨਿਵਾਜਿਆ ਗਿਆ। ਉਹ ਦਿਨ ਅਤੇ ਯਤਨ ਅੱਜ ਵੀ ਮੇਰੀ ਜ਼ਿੰਦਗੀ ਦਾ ਹਿੱਸਾ ਬਣੇ ਹੋਏ ਹਨ।

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਂਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਬਗਦਾਦੀ ਦੇ ਮਰਨ ਨਾਲ ਹੀ ਅੱਤਵਾਦ ਖਤਮ ਨਹੀਂ ਹੋ ਜਾਣਾ

-ਸਈਦ ਸਲਮਾਨ-



ਪਿਛਲੇ ਦਿਨੀਂ ਆਈ ਐੱਸ ਆਈ ਐੱਸ ਦੇ ਸਰਗਣੇ ਅਬੂ ਬਕਰ ਅਲ ਬਗਦਾਦੀ ਦੀ ਮੌਤ ਦੀ ਖਬਰ ਨੇ ਸਾਰੀ ਦੁਨੀਆ ਦਾ ਧਿਆਨ ਖਿੱਚਿਆ ਸੀ। ਇਸ ਨਾਲ ਖਾਸ ਕਰ ਕੇ ਉਨ੍ਹਾਂ ਦੇਸ਼ਾਂ ਨੇ ਕੁਝ ਸੁੱਖ ਦਾ ਸਾਹ ਲਿਆ, ਜਿਨ੍ਹਾਂ ਵੱਲ ਆਈ ਐੱਸ ਆਈ ਐੱਸ ਨੇ ਹਿੰਸਕ ਕਹਿਰ ਮਚਾਇਆ ਪਿਆ ਹੈ। ਅਮਰੀਕਾ ਨੇ ਉਸ ਦੇ ਸਿਰ ਉੱਤੇ ਢਾਈ ਕਰੋੜ ਅਮਰੀਕੀ ਡਾਲਰ ਦਾ ਇਨਾਮ ਰੱਖਿਆ ਹੋਇਆ ਸੀ। ਉਸ ਦੇ ਮਾਰੇ ਜਾਣ ਦੀ ਖਬਰ ਕਈ ਵਾਰ ਪਹਿਲਾਂ ਵੀ ਆਈ ਸੀ। ਉਸ ਨੇ ਖੁਦ ਨੂੰ ਦੁਨੀਆ ਦੇ ਮੁਸਲਮਾਨਾਂ ਦਾ 'ਖਲੀਫਾ' ਐਲਾਨਿਆ ਹੋਇਆ ਸੀ। ਉਸ ਦੀ ਅਗਵਾਈ ਹੇਠ ਆਈ ਐੱਸ ਆਈ ਐੱਸ ਨੇ ਇਰਾਕ ਅਤੇ ਸੀਰੀਆ ਦੇ ਵੱਡੇ ਇਲਾਕੇ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਸੀ ਤੇ ਉਥੇ ਕੱਟੜਪੰਥੀ ਵਿਚਾਰਧਾਰਾ ਬਹੁਤ ਸਖਤੀ ਨਾਲ ਲਾਗੂ ਕੀਤੀ ਅਤੇ ਇਸਲਾਮਕ ਕਾਨੂੰਨ, ਭਾਵ ਸ਼ਰੀਅਤ ਨਾਲ ਚੱਲਦੀ ਸਰਕਾਰ ਬਣਾਈ ਸੀ।

ਆਈ ਐੱਸ ਆਈ ਐੱਸ ਵੱਲੋਂ ਗਲਤ ਢੰਗ ਨਾਲ ਇਸਲਾਮ ਦੇ ਨਾਂਅ 'ਤੇ ਫੈਲਾਈ ਗਈ ਕੱਟੜਪੰਥੀ ਵਿਚਾਰਧਾਰਾ ਤੋਂ ਪ੍ਰਭਾਵਤ ਹੋ ਕੇ ਕਈ ਦੇਸ਼ਾਂ ਦੇ ਗੁੰਮਰਾਹ ਨੌਜਵਾਨ ਉਸ ਨਾਲ ਜੁੜ ਗਏ ਅਤੇ ਕਈ ਹੋਰ ਅੱਤਵਾਦੀ ਸੰਗਠਨ ਵੀ ਆਈ ਐੱਸ ਆਈ ਐੱਸ ਨਾਲ ਜਾ ਜੁੜੇ ਅਤੇ ਉਨ੍ਹਾਂ ਨੇ ਬਗਦਾਦੀ ਦੀ ਅਗਵਾਈ ਨੂੰ ਸਵੀਕਾਰ ਕਰ ਲਿਆ ਸੀ। ਇਸ ਤੋਂ ਬਾਅਦ ਆਈ ਐੱਸ ਆਈ ਐੱਸ ਨੇ ਦੁਨੀਆ ਦੇ ਕਈ ਹਿੱਸਿਆਂ ਵਿੱਚ ਅੱਤਵਾਦੀ ਹਮਲੇ ਕਰਵਾਏ ਸਨ। ਬਗਦਾਦੀ ਪੂਰੀ ਦੁਨੀਆ ਲਈ ਅੱਤਵਾਦ ਦਾ ਸਭ ਤੋਂ ਡਰਾਉਣਾ ਚਿਹਰਾ ਬਣ ਗਿਆ ਸੀ। ਉਸ ਨੇ ਆਪਣਾ ਗਲਬਾ ਬਣਾਉਣ ਲਈ ਪੂਰੇ ਇਸਲਾਮ 'ਤੇ ਜਿਵੇਂ ਕਬਜ਼ਾ ਕਰ ਲਿਆ ਸੀ। ਆਪਣੀ ਧਾਰਮਿਕ ਕੱਟੜਤਾ ਅਤੇ ਦਹਿਸ਼ਤ ਕਾਰਨ ਉਹ ਪੂਰੀ ਦੁਨੀਆ ਦੇ ਮੀਡੀਆ ਵਿੱਚ ਛਾਇਆ ਰਿਹਾ। ਉਸ ਤੋਂ ਪਹਿਲਾਂ ਓਸਾਮਾ ਬਿਨ ਲਾਦੇਨ ਅਮਰੀਕਾ ਉੱਤੇ ਅੱਤਵਾਦੀ ਹਮਲਾ ਕਰਨ ਕਰ ਕੇ ਸਭ ਤੋਂ ਵੱਡੇ ਅੱਤਵਾਦੀ ਮੰਨਿਆ ਜਾਂਦਾ ਸੀ, ਪਰ ਬਗਦਾਦੀ ਅਤੇ ਆਈ ਐੱਸ ਆਈ ਐੱਸ ਨੇ ਦੁਨੀਆ 'ਚ ਅੱਤਵਾਦੀ ਹਮਲੇ ਕਰ ਕੇ ਆਪਣੇ ਜ਼ੁਲਮਾਂ ਦਾ ਰਿਕਾਰਡ ਤੋੜਿਆ ਤੇ ਆਪਣੀ ਕੱਟੜਪੰਥੀ ਸੋਚ ਨਾਲ ਬਗਦਾਦੀ ਨੇ ਓਸਾਮਾ ਨੂੰ ਪਿੱਛੇ ਛੱਡ ਦਿੱਤਾ। ਆਈ ਐੱਸ ਆਈ ਐੱਸ ਲਾਦੇਨ ਦੇ ਸੰਗਠਨ ਅਲ ਕਾਇਦਾ ਤੋਂ ਵੀ ਕਈ ਗੁਣਾ ਵੱਧ ਕੱਟੜਪੰਥੀ ਸਿੱਧ ਹੋਇਆ।

ਦੁਨੀਆ ਭਰ ਵਿੱਚ ਬਗਦਾਦੀ ਦੀ ਮੌਤ ਬਾਰੇ ਵੱਖ-ਵੱਖ ਪ੍ਰਤੀਕਿਰਿਆਵਾਂ ਸਾਹਮਣੇ ਆਈਆਂ। ਕੁਝ ਲੋਕਾਂ ਨੇ ਇਸ ਨੂੰ ਅੱਤਵਾਦ ਵਿਰੁੱਧ ਵੱਡੀ ਜਿੱਤ ਦੱਸਿਆ ਤਾਂ ਕੁਝ ਨੇ ਇਸ ਨੂੰ ਬਹੁਤਾ ਧਿਆਨ ਨਹੀਂ ਦਿੱਤਾ। ਸਾਊਦੀ ਅਰਬ, ਤੁਰਕੀ, ਅਫਗਾਨਿਸਤਾਨ ਅਤੇ ਮਿਸਰ ਸਮੇਤ ਕਈ ਮੁਸਲਿਮ ਦੇਸ਼ਾਂ ਨੇ ਬਗਦਾਦੀ ਦੀ ਮੌਤ ਨੂੰ ਅੱਤਵਾਦ ਨਾਲ ਨਜਿੱਠਣ ਦੀ ਵੱਲ ਅਹਿਮ ਕਦਮ ਦੱਸਿਆ, ਪਰ ਈਰਾਨ ਦੀ ਪ੍ਰਤੀਕਿਰਿਆ ਇਨ੍ਹਾਂ ਤੋਂ ਵੱਖਰੀ ਸੀ। ਉਸ ਦੇ ਸੂਚਨਾ ਮੰਤਰੀ ਮੁਹੰਮਦ ਜਾਵੇਦ ਜਰੀਫ ਨੇ ਕਿਹਾ ਕਿ ਬਗਦਾਦੀ ਦੀ ਮੌਤ ਕੋਈ ਬਹੁਤ ਵੱਡੀ ਗੱਲ ਨਹੀਂ। ਕਿਉਂਕਿ ਨੇ ਆਪਣੇ ਹੀ ਜੀਵ ਨੂੰ ਮਾਰਿਆ ਹੈ। ਅਸਲ ਵਿੱਚ ਈਰਾਨ ਅਕਸਰ ਅਮਰੀਕਾ ਉੱਤੇ ਆਈ ਐੱਸ ਆਈ ਐੱਸ ਨੂੰ ਖੜ੍ਹਾ ਕਰਨ ਦਾ ਦੋਸ਼ ਲਾਉਂਦਾ ਰਿਹਾ ਹੈ। ਈਰਾਨ ਅਤੇ ਅਮਰੀਕਾ ਦੇ ਕੁੜੱਤਣ ਭਰੇ ਰਿਸ਼ਤਿਆਂ ਤੋਂ ਪੂਰੀ ਦੁਨੀਆ ਵੀ ਜਾਣੂ ਹੈ। ਸਾਊਦੀ ਅਰਬ ਨੇ ਬਗਦਾਦੀ ਨੂੰ ਇਸਲਾਮ ਦਾ ਅਕਸ ਵਿਗਾੜਨ ਵਾਲਾ ਕਿਹਾ ਤੇ ਅੱਤਵਾਦੀ ਸੰਗਠਨਾਂ ਵਿਰੁੱਧ ਅਮਰੀਕੀ ਕਾਰਵਾਈ ਦੀ ਸ਼ਲਾਘਾ ਕੀਤੀ।

ਬਗਦਾਦੀ ਦੀ ਮੌਤ ਨਾਲ ਅੱਤਵਾਦ ਖਤਮ ਹੋ ਜਾਵੇਗਾ, ਇਹ ਸੋਚਣਾ ਜਾਂ ਕਹਿਣਾ ਹੀ ਮੂਰਖਤਾ ਹੋਵੇਗੀ। ਜਿਨ੍ਹਾਂ ਹਾਲਾਤ ਨੇ ਬਗਦਾਦੀ ਨੂੰ ਪੈਦਾ ਕੀਤਾ, ਜੇ ਉਨ੍ਹਾਂ ਦਾ ਹੱਲ ਨਹੀਂ ਨਿਕਲਦਾ ਤਾਂ ਕਦੋਂ ਕੋਈ ਹੋਰ ਓਸਾਮਾ ਜਾਂ ਬਗਦਾਦੀ ਉਠ ਖੜ੍ਹਾ ਹੋਵੇ, ਕਿਹਾ ਨਹੀਂ ਜਾ ਸਕਦਾ। ਬਗਦਾਦੀ ਕਾਂਡ ਦੇ ਬਹਾਨੇ ਉਨ੍ਹਾਂ ਸਵਾਲਾਂ 'ਤੇ ਸੋਚਣ ਦੀ ਲੋੜ ਹੈ, ਜੋ ਬਹੁਤ ਗੰਭੀਰ ਹਨ। ਇਨਸਾਨੀਅਤ ਦੀ ਸੁਰੱਖਿਆ ਅਤੇ ਸਹੀ ਇਸਲਾਮ ਦੀ ਸਿਖਿਆ ਲਈ ਉਨ੍ਹਾਂ ਦਾ ਜੁਆਬ ਲੱਭਣਾ ਜ਼ਰੂਰੀ ਹੈ।

ਇੱਕ ਸਵਾਲ ਇਹ ਹੈ ਕਿ ਆਖਰ 21ਵੀਂ ਸਦੀ ਵਿੱਚ ਮੁਸਲਿਮ ਨੌਜਵਾਨਾਂ ਅੰਦਰ ਬਗਦਾਦੀ ਵਰਗੇ ਆਦਮੀ ਅਤੇ ਉਸ ਵੱਲੋਂ ਕਾਇਮ ਕੀਤੀ ਇਸਲਾਮੀ ਖਿਲਾਫਤ ਪ੍ਰਤੀ ਖਿੱਚ ਕਿਵੇਂ ਪੈਦਾ ਹੁੰਦੀ ਹੈ? ਉਨ੍ਹਾਂ ਅੰਦਰ ਆਪਣਾ ਘਰ-ਪਰਵਾਰ ਛੱਡ ਕੇ, ਕੈਰੀਅਰ ਦਾਅ ਉਤੇ ਲਾ ਕੇ ਅੱਤਵਾਦੀ ਸੰਗਠਨਾਂ ਵਿੱਚ ਸ਼ਾਮਲ ਹੋਣ ਦਾ ਜਜ਼ਬਾ ਕਿਵੇਂ ਤੇ ਕਿਉਂ ਪੈਦਾ ਹੋ ਜਾਂਦਾ ਹੈ? ਕੀ ਬਗਦਾਦੀ ਅਤੇ ਆਈ ਐੱਸ ਆਈ ਐੱਸ ਦੇ ਖਾਤਮੇ ਨਾਲ ਇਸਲਾਮ ਦੇ ਨਾਂਅ 'ਤੇ ਫੈਲਾਏ ਜਾ ਰਹੇ ਅੱਤਵਾਦ ਦਾ ਵੀ ਖਾਤਮਾ ਹੋ ਜਾਵੇਗਾ? ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਨੇ ਆਈ ਐੱਸ ਆਈ ਐੱਸ ਵਿਰੁੱਧ ਚਿਰਾਂ ਤੋਂ ਜੰਗ ਛੇੜ ਰੱਖੀ ਹੈ, ਪਰ ਉਹ ਅਜੇ ਕਾਬੂ ਨਹੀਂ ਪਾ ਸਕੇ। ਆਈ ਐੱਸ ਆਈ ਐੱਸ ਦੇ ਅੱਤਵਾਦੀ ਅੱਜ ਵੀ ਕਈ ਥਾਂ ਫੈਲੇ ਹੋਏ ਤੇ ਦੁਨੀਆ ਲਈ ਚੁਣੌਤੀ ਬਣੇ ਹੋਏ ਹਨ। ਇਰਾਕ ਵਿੱਚ ਇਸਲਾਮੀ ਸੰਗਠਨ ਨਾਲ ਜੁੜੇ ਲੜਾਕੇ ਅਮਰੀਕਾ ਦੀ ਅਗਵਾਈ ਵਾਲੀਆਂ ਫੌਜਾਂ ਤੋਂ ਜੰਗ ਹਾਰਨ ਪਿੱਛੋਂ ਗੁਰਿੱਲਾ ਜੰਗ ਵਰਗੇ ਹੱਥਕੰਡਿਆਂ 'ਤੇ ਉਤਰ ਆਏ ਹਨ। ਅਮਰੀਕੀ ਫੌਜਾਂ ਦੇ ਹਮਲੇ ਤੋਂ ਬਾਅਦ ਇਸਲਾਮਕ ਸੰਗਠਨਾਂ ਦੇ ਕੈਂਪ ਬੰਦ ਹੋ ਗਏ ਹਨ, ਉਹ ਅੱਜ ਵੀ ਉਥੇ ਚੱਲਦੇ ਹਨ। ਆਈ ਐਸ ਆਈ ਐਸ ਦੇ ਲਗਭਗ 2000 ਲੜਾਕੇ ਅਗਵਾ, ਬਲਾਤਕਾਰ ਅਤੇ ਹੋਰ ਹਿੰਸਕ ਸਰਗਰਮੀਆਂ ਨਾਲ ਜੁੜੇ ਹੋਏ ਹਨ।

ਅਸਲ ਵਿੱਚ ਮੁਸਲਿਮ ਸ਼ਾਸਕਾਂ ਅਤੇ ਸਾਮਰਾਜਾਂ ਨੇ 18ਵੀਂ ਅਤੇ 19ਵੀਂ ਸਦੀ ਦੀ ਵਿਕਾਸਸ਼ੀਲ ਸਭਿਅਤਾ ਅਤੇ ਉਦਯੋਗਿਕ ਕ੍ਰਾਂਤੀ ਨੂੰ ਨਹੀਂ ਪਛਾਣਿਆ। ਵਿਗਿਆਨਕ ਵਿਜ਼ਨ, ਲੋਕਤੰਤਰਿਕ ਸਿਆਸਤ ਅਤੇ ਆਧੁਨਿਕ ਅਰਥ ਵਿਵਸਥਾ 'ਤੇ ਆਧਾਰਤ ਸਮਾਜਕ ਢਾਂਚਾ ਤਿਆਰ ਹੋਣ ਦੇ ਦੌਰ ਵਿੱਚ ਵੀ ਮੁਸਲਿਮ ਸੱਭਿਅਤਾ ਬਾਦਸ਼ਾਹੀ ਤੇ ਜਗੀਰਦਾਰੀ ਕਦਰਾਂ-ਕੀਮਤਾਂ 'ਤੇ ਚੱਲਦੀ ਹੈ। ਪਵਿੱਤਰ ਗ੍ਰੰਥ ਕੁਰਾਨ ਦੀ ਅਸਲ ਸਿਖਿਆ ਤੋਂ ਮੂੰਹ ਮੋੜ ਕੇ ਵੱਖ-ਵੱਖ ਵਿਚਾਰਾਂ ਰਾਹੀਂ ਇਸਲਾਮ ਨੂੰ ਆਪਣੀ ਜੇਬ ਵਿੱਚ ਰੱਖਣ ਵਾਲੇ ਕਥਿਤ ਉਲੇਮਾ ਦੀਆਂ ਕਿਤਾਬਾਂ ਦੇ ਹਿਸਾਬ ਨਾਲ ਧਰਮ ਦੀ ਵਿਆਖਿਆ ਹੁੰਦੀ ਹੈ। ਇਸ ਸਥਿਤੀ ਵਿੱਚ ਧਰਮ ਅਤੇ ਕਦਰਾਂ-ਕੀਮਤਾਂ ਦੇ ਆਧਾਰ 'ਤੇ ਮੁਸਲਮਾਨ ਦੁਨੀਆ ਨਾਲੋਂ ਟੁੱਟਣ ਲੱਗਾ, ਹਾਲਾਂਕਿ ਬਹੁਤ ਚਲਾਕੀ ਨਾਲ ਉਨ੍ਹਾਂ ਕਦਰਾਂ-ਕੀਮਤਾਂ ਨੂੰ ਧਾਰਮਿਕ ਪੁੱਠ ਦੇ ਕੇ ਮੁਸਲਮਾਨਾਂ ਨੂੰ ਵਰਗਲਾਇਆ ਗਿਆ ਹੈ। ਕੁਰਾਨ ਨੇ 'ਇਕਰਾ', ਭਾਵ ਪੜ੍ਹਨ ਦੀ ਸਿਖਿਆ ਦਿੱਤੀ, ਪਰ ਹੁਕਮਰਾਨਾਂ ਨੇ ਮੁਸਲਮਾਨਾਂ ਨੂੰ ਆਧੁਨਿਕ ਸਿਖਿਆ ਤੋਂ ਦੂਰ ਰੱਖਣ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਹਨ। ਅੱਜ ਵੀ ਕਈ ਮਦਰੱਸਿਆਂ ਵਿੱਚ ਆਧੁਨਿਕ ਸਿਖਿਆ ਨੂੰ ਲੈ ਕੇ ਉਦਾਸੀਨਤਾ ਹੈ। ਇਸੇ ਕਰ ਕੇ ਬੌਧਿਕ ਵਿਕਾਸ ਵਿੱਚ ਬੜੇ ਪਿੱਛੇ ਰਹਿ ਗਏ। ਮੁਸਲਿਮ ਨੌਜਵਾਨ ਵਰਗ ਨੂੰ ਕੱਟੜਵਾਦ ਦੀ ਅਫੀਮ ਦਾ ਨਸ਼ਾ ਦੇਣਾ ਸੌਖਾ ਹੁੰਦਾ ਗਿਆ ਤੇ ਓਸਾਮਾ, ਬਗਦਾਦੀ ਵਰਗੇ ਨਾਂਹਪੱਖੀ ਸੋਚ ਵਾਲੇ ਆਪਣੇ ਮਕਸਦ ਵਿੱਚ ਕਾਮਯਾਬ ਹੁੰਦੇ ਰਹੇ। ਸਮੱਸਿਆ ਇਸਲਾਮ ਜਾਂ ਮੁਸਲਮਾਨਾਂ ਦੀ ਨਹੀਂ, ਉਸ ਸਿਖਿਆ ਦੀ ਹੈ, ਜਿੱਥੇ ਧਰਮ ਦੇ ਨਾਂਅ ਉਤੇ ਹਿੰਸਾ ਨੂੰ ਜਾਇਜ਼ ਅਤੇ ਜੇਹਾਦ ਨੂੰ ਜੰਨਤ ਦਾ ਰਾਹ ਦੱਸਿਆ ਜਾਂਦਾ ਹੈ। ਹੋਣਾ ਇਹ ਚਾਹੀਦਾ ਸੀ ਕਿ ਕੁਰਾਨ ਦੀ ਸਿਖਿਆ ਨੂੰ ਆਮ ਬਣਾ ਕੇ ਆਧੁਨਿਕ ਸਿਖਿਆ ਨਾਲ ਜੋੜ ਕੇ ਚਲਾਇਆ ਜਾਂਦਾ। ਜੇ ਅੱਗੇ ਵੀ ਅਜਿਹਾ ਨਾ ਹੋਇਆ ਤਾਂ ਲਾਦੇਨ ਤੇ ਬਗਦਾਦੀ ਵਰਗਿਆਂ ਦੇ ਮਾਰੇ ਜਾਣ ਨਾਲ ਅੱਤਵਾਦ ਖਤਮ ਨਹੀਂ ਹੋਵੇਗਾ। ਅਜੇ ਵੀ ਮਸੂਦ ਅਜ਼ਹਰ ਵਰਗੀ ਵਿਚਾਰਧਾਰਾ ਮੌਜੂਦ ਹੈ, ਜੋ ਅੱਤਵਾਦ ਨੂੰ ਧਰਮ ਦੇ ਨਾਂਅ 'ਤੇ ਜਾਇਜ਼ ਠਹਿਰਾਉਂਦੀ ਹੈ।

# ਵਕੀਲਾਂ ਦੀ ਫੀਸ ਦੇਣ ਤੋਂ ਅਸਮਰੱਥ ਗਰੀਬ ਸੜਦੇ ਨੇ ਜੇਲ੍ਹਾਂ ਵਿੱਚ

ਹੁਣੇ ਜਿਹੇ ਹੋਏ ਇੱਕ ਖੁਲਾਸੇ ਤੋਂ ਬਾਅਦ ਵਟਸਐਪ ਦੇ ਜ਼ਰੀਏ ਫੋਨ ਟੈਪਿੰਗ ਦਾ ਮਾਮਲਾ ਨਿੱਜੀ ਆਜ਼ਾਦੀ ਅਤੇ ਨਿੱਜਤਾ ਦੀ ਵੱਡੀ ਉਲੰਘਣਾ ਮੰਨਿਆ ਜਾ ਰਿਹਾ ਹੈ ਅਤੇ ਵਿਰੋਧੀ ਧਿਰ ਪਾਰਲੀਮੈਂਟ ਵਿੱਚ ਵੀ ਇਸ 'ਤੇ ਹੰਗਾਮਾ ਕਰਨ ਦੀ ਯੋਜਨਾ ਬਣਾ ਰਹੀ ਹੈ। ਸਭਿਅਕ ਸਮਾਜ ਇਸ 'ਤੇ ਜ਼ਾਰ-ਜ਼ਾਰ ਰੋ ਰਿਹਾ ਹੈ ਕਿ ਨਿੱਜਤਾ ਦੇ ਅਧਿਕਾਰ ਦੀ ਉਲੰਘਣਾ ਹੋਣ 'ਤੇ ਇੰਝ ਸਮਝਿਆ ਜਾ ਰਿਹਾ ਹੈ, ਜਿਵੇਂ ਲੋਕਤੰਤਰ ਦਾ 'ਚੀਰਹਰਣ' ਹੋ ਗਿਆ। ਭਾਰਤ ਸਰਕਾਰ ਇਸ ਮੁੱਦੇ 'ਤੇ ਬਗਲਾਂ ਝਾਕ ਰਹੀ ਹੈ, ਪਰ ਕੀ ਤੁਹਾਨੂੰ ਪਤਾ ਹੈ ਕਿ ਪਿਛਲੇ ਕਈ ਦਹਾਕਿਆਂ ਤੋਂ ਜਾਂ ਇੰਝ ਕਹੋ ਕਿ ਆਜ਼ਾਦੀ ਮਿਲਣ ਤੋਂ ਬਾਅਦ ਹੀ ਭਾਰਤ ਦੀਆਂ ਜੇਲ੍ਹਾਂ ਵਿੱਚ ਜੋ ਲੋਕ ਬੰਦ ਹੁੰਦੇ ਹਨ, ਉਨ੍ਹਾਂ 'ਚੋਂ ਲਗਭਗ 68.7 ਫੀਸਦੀ (ਹਰ ਤਿੰਨਾਂ ਵਿੱਚੋਂ ਦੋ) ਵਿਚਾਰ ਅਧੀਨ ਕੈਦੀ ਹੁੰਦੇ ਹਨ? ਕੀ ਤੁਹਾਨੂੰ ਇਹ ਵੀ ਪਤਾ ਹੈ ਕਿ ਇਨ੍ਹਾਂ 'ਚੋਂ ਜ਼ਿਆਦਾਤਰ ਵਿਚਾਰ ਅਧੀਨ ਕੈਦੀ ਸਿਰਫ ਇਸ ਕਰ ਕੇ ਜੇਲ੍ਹਾਂ ਵਿੱਚ ਸੜਨ ਲਈ ਮਜਬੂਰ ਹੁੰਦੇ ਹਨ ਕਿ ਉਨ੍ਹਾਂ ਕੋਲ ਵਕੀਲਾਂ ਨੂੰ ਦੇਣ ਲਈ ਪੈਸਾ ਨਹੀਂ ਹੁੰਦਾ?

ਕੀ ਤੁਹਾਨੂੰ ਇਹ ਪਤਾ ਹੈ ਕਿ ਕਈ ਮਹੀਨੇ ਤੇ ਕਈ ਵਰ੍ਹੇ ਜੇਲ੍ਹ ਵਿੱਚ ਰਹਿਣ ਵਾਲੇ ਇਨ੍ਹਾਂ ਵਿਚਾਰ ਅਧੀਨ ਕੈਦੀਆਂ 'ਚੋਂ ਦੋ ਤਿਹਾਈ ਕੈਦੀ ਅਦਾਲਤਾਂ ਵੱਲੋਂ ਬੇਕਸੂਰ ਕਰਾਰ ਦੇ ਦਿੱਤੇ ਜਾਂਦੇ ਹਨ, ਭਾਵ ਉਨ੍ਹਾਂ ਨੂੰ ਗਾਂਧੀ ਦੇ ਇਸ ਆਜ਼ਾਦ, ਲੋਕਤੰਤਰਿਕ ਤੇ ਗਣਤੰਤਰਿਕ ਦੇਸ਼ ਦਾ ਸਿਸਟਮ ਬਿਨਾਂ ਕਿਸੇ ਕਸੂਰ ਦੇ ਸਾਰੇ ਅਧਿਕਾਰਾਂ ਤੋਂ ਵਾਂਝੇ ਕਰਦਾ ਹੋਇਆ ਜੇਲ੍ਹ ਦੀਆਂ ਸੀਖਾਂ ਪਿੱਛੇ ਡੱਕ ਦਿੰਦਾ ਹੈ? ਸ਼ਾਇਦ ਤੁਸੀਂ ਇਹ ਵੀ ਨਹੀਂ ਜਾਣਦੇ ਹੋਵੋਗੇ ਕਿ ਇਨ੍ਹਾਂ ਨੂੰ ਜੇਲ੍ਹਾਂ ਵਿੱਚ ਡੱਕਣ ਵਾਲੀ ਪੁਲਸ ਜਾਂ ਸਿਸਟਮ ਵਿੱਚ ਬੈਠੇ ਲੋਕ ਹਰ 10 ਸਾਲਾਂ ਬਾਅਦ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨਾਲ ਆਪਣੀ ਤਨਖਾਹ ਵਿੱਚ ਵਾਧਾ ਕਰ ਲੈਂਦੇ ਹਨ।

ਕਹਿਣ ਦੀ ਲੋੜ ਨਹੀਂ ਕਿ ਇਨ੍ਹਾਂ ਵਿੱਚ ਸਭ ਤੋਂ ਮਾੜੀ ਹਾਲਤ ਬਿਹਾਰ ਦੀ ਹੈ, ਜਿੱਥੇ 'ਸੁਸ਼ਾਸਨ' ਦੇ ਨਾਂਅ 'ਤੇ 15 ਸਾਲਾਂ ਤੋਂ ਇੱਕੋ ਪਾਰਟੀ ਸੱਤਾ ਵਿੱਚ ਹੈ। ਇਸ ਸੂਬੇ ਵਿੱਚ ਜੇ ਸੱਤ ਵਿਅਕਤੀ ਜੇਲ੍ਹ ਵਿੱਚ ਹਨ ਤਾਂ ਉਨ੍ਹਾਂ 'ਚੋਂ ਸਿਰਫ ਇੱਕ ਸਜ਼ਾ ਯਾਫਤਾ ਹੈ, ਬਾਕੀ ਛੇ ਵਿਚਾਰ ਅਧੀਨ ਕੈਦੀ ਹਨ। ਇਸ ਦੀ ਇੱਕ ਵਿਆਖਿਆ ਇਹ ਹੋ ਸਕਦੀ ਹੈ ਕਿ ਬਿਹਾਰ ਦੀ ਪੁਲਸ ਇੰਨੀ ਚੌਕਸ ਹੈ ਕਿ ਅਪਰਾਧ ਕਰਨ ਵਾਲੇ ਨੂੰ ਪਹਿਲਾਂ (ਪੁਲਸੀਆ ਜ਼ੁਬਾਨ ਵਿੱਚ 'ਯੋਜਨਾ ਬਣਾਉਂਦਿਆਂ' ਹੀ) ਫੜ ਲੈਂਦੀ ਹੈ ਜਾਂ ਅਪਰਾਧ ਕਰਨ ਤੋਂ ਫੌਰਨ ਬਾਅਦ, ਪਰ ਇਹੋ ਫੁਰਤੀ ਚਾਰਜਸ਼ੀਟ ਦਾਖਲ ਕਰਨ ਜਾਂ ਫਿਰ ਇਸਤਗਾਸਾ ਦੀ ਗੁਣਵੱਤਾ ਬਿਹਤਰ ਬਣਾਉਣ ਵੇਲੇ ਗਾਇਬ ਹੋ ਜਾਂਦੀ ਹੈ। ਇਸ ਦਾ ਸਬੂਤ ਹੈ ਕੌਮੀ ਅਪਰਾਧ ਰਿਕਾਰਡ ਬਿਊਰੋ ਦੀ ਰਿਪੋਰਟ, ਜਿਸ ਦੇ ਮੁਤਾਬਕ ਇਸ ਬਦਹਾਲ ਸੂਬੇ ਵਿੱਚ ਸਜ਼ਾ ਦੀ ਦਰ ਸਿਰਫ ਨੌਂ ਫੀਸਦੀ ਹੈ, ਭਾਵ ਜੋ ਲੋਕ ਫੜੇ ਜਾਂਦੇ ਹਨ ਅਤੇ ਮਹੀਨਿਆਂ ਬੱਧੀ ਜੇਲ੍ਹ ਵਿੱਚ ਵਿਚਾਰ ਅਧੀਨ ਕੈਦੀ ਬਣ ਕੇ ਸੜਦੇ ਹਨ, ਉਨ੍ਹਾਂ ਵਿੱਚ ਹਰ 10 'ਚੋਂ ਸਿਰਫ ਇੱਕ ਨੂੰ ਹੀ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤਾ ਜਾਂਦਾ ਹੈ। ਇਸ ਦੇ ਠੀਕ ਉਲਟ ਕੇਰਲ ਵਿੱਚ ਕੋਈ ਸਰਕਾਰ ਹੋਵੇ, ਕਾਂਗਰਸ ਦੀ ਚਾਹੇ



ਕਮਿਊਨਿਸਟਾਂ ਦੀ, ਬਿਨਾਂ ਕਿਸੇ 'ਸੁਸ਼ਾਸਨ' ਦੇ ਦਾਅਵੇ ਦੇ ਮਨੁੱਖੀ ਅਧਿਕਾਰਾਂ ਤੇ ਵਿਕਾਸ ਦੇ ਹਰੇਕ ਪੈਰਾਮੀਟਰ 'ਤੇ ਅੱਵਲ ਹੈ। ਜੇ ਕੇਰਲ ਪੁਲਸ ਨੇ 10 ਵਿਅਕਤੀਆਂ ਨੂੰ ਫੜਿਆ ਹੈ ਤਾਂ ਉਨ੍ਹਾਂ 'ਚੋਂ ਸਮਝੋਂ ਨੌਂ ਨੂੰ ਸਜ਼ਾ ਮਿਲਣੀ ਤੈਅ ਹੈ ਕਿਉਂਕਿ ਬਿਊਰੋ ਦੀ ਰਿਪੋਰਟ ਮੁਤਾਬਕ ਉਥੇ ਸਜ਼ਾ ਦੀ ਦਰ 89 ਫੀਸਦੀ ਹੈ।

ਉਂਝ ਭਾਰਤੀ ਸੰਵਿਧਾਨ ਦੇ ਪਹਿਲੇ ਚਾਰ ਸ਼ਬਦ ਹਨ 'ਅਸੀਂ ਭਾਰਤ ਦੇ ਲੋਕ', ਪਰ ਇਨ੍ਹਾਂ ਅੰਕੜਿਆਂ ਤੋਂ ਦਿਖਾਈ ਦਿੰਦਾ ਹੈ ਕਿ 'ਅਸੀਂ ਗਰੀਬ', ਜੋ ਵਕੀਲਾਂ ਨੂੰ ਫੀਸ ਦੇ ਕੇ ਆਪਣੀ ਜ਼ਮਾਨਤ ਨਹੀਂ ਕਰਵਾ ਸਕਦੇ, ਇਸ ਲਈ ਕਈ ਕਈ ਮਹੀਨੇ ਅਤੇ ਸਾਲਾਂ ਤੱਕ ਜੇਲ੍ਹਾਂ ਵਿੱਚ ਸੜਦੇ ਰਹਿੰਦੇ ਹਾਂ, ਜਦ ਕਿ 'ਅਸੀਂ ਅਮੀਰ', ਜੋ ਆਪਣੇ ਫੋਨ ਦੇ ਸੰਦੇਸ਼ ਦੂਜੇ ਵੱਲੋਂ ਪਤਾ ਲੱਗਣ 'ਤੇ ਇਸ ਨੂੰ ਲੋਕਤੰਤਰ ਦਾ ਚੀਰਹਰਣ ਦੱਸਣ ਤਾਂ ਪਾਰਲੀਮੈਂਟ ਚਿੰਤਤ ਹੋ ਜਾਂਦੀ ਹੈ, ਵਿੱਚ ਫਰਕ ਹੈ। ਪਾਰਲੀਮੈਂਟ ਗਰੀਬਾਂ ਦੀਆਂ ਵੋਟਾਂ ਨਾਲ ਬਣਦੀ ਹੈ ਤੇ ਇਸੇ ਨਾਲ ਲੋਕਤੰਤਰ ਦਾ ਵਿਸ਼ਾਲ ਮੰਦਰ ਚੱਲਦਾ ਹੈ, ਪਰ ਉਸੇ ਬੇਕਸੂਰ ਗਰੀਬ ਨੂੰ ਪੁਲਸ ਸਾਰੇ ਅਧਿਕਾਰਾਂ ਤੋਂ ਵਾਂਝਾ ਕਰ ਕੇ ਕੁਝ ਪੈਸਿਆਂ ਲਈ ਜੇਲ੍ਹ ਵਿੱਚ ਬੰਦ ਕਰ ਦਿੰਦੀ ਹੈ ਤਾਂ ਲੋਕਤੰਤਰ ਦਾ ਚੱਕਰ ਬਿਲਕੁਲ ਨਹੀਂ ਰੁਕਦਾ। ਚੰਗੇ ਸ਼ਾਸਨ ਜਾਂ 'ਸੁਸ਼ਾਸਨ', ਬਿਹਤਰ ਕਾਨੂੰਨ ਵਿਵਸਥਾ ਤੇ ਨਿਆਂ ਦੀ ਪਹਿਲੀ, ਲਾਜ਼ਮੀ ਸ਼ਰਤ ਹੈ ਵਿਚਾਰ ਅਧੀਨ ਕੈਦੀਆਂ ਦੀ ਦਰ ਵਿੱਚ ਵਿਆਪਕ ਕਮੀ ਅਤੇ ਸਜ਼ਾ ਦੀ ਦਰ ਵਿੱਚ ਵਾਧਾ।

ਵਿਸ਼ਵ ਪੱਧਰ ਉਤੇ ਵੀ ਜੋ ਦੇਸ਼ ਆਰਥਿਕ ਅਤੇ ਪ੍ਰਸ਼ਾਸਨਿਕ ਤੌਰ ਉਤੇ ਪੱਛੜੇ ਹੋਏ ਹਨ, ਉਨ੍ਹਾਂ ਵਿੱਚ ਵਿਚਾਰ ਅਧੀਨ ਕੈਦੀਆਂ ਦੀ ਦਰ ਕੁੱਲ ਕੈਦੀਆਂ ਵਿੱਚ ਲਗਭਗ ਬਿਹਾਰ ਵਰਗੀ ਹੈ, ਮਿਸਾਲ ਵਜੋਂ ਸਭ ਤੋਂ ਵੱਧ ਵਿਚਾਰ ਅਧੀਨ ਕੈਦੀ ਲੀਬੀਆ ਵਿੱਚ ਹਨ, ਨੱਬੇ ਫੀਸਦੀ, ਸਾਨ ਮੈਰੀਨੋ ਵਿੱਚ 83.3 ਫੀਸਦੀ, ਬੰਗਲਾ ਦੇਸ਼ ਵਿੱਚ 81.3, ਪਰਾਗਵੇ 'ਚ 77.9 ਅਤੇ ਬੈਨਿਨ ਵਿੱਚ 75.8 ਫੀਸਦੀ ਹਨ। ਇਸੇ ਤਰ੍ਹਾਂ ਬ੍ਰਿਟੇਨ, ਸਪੇਨ, ਰੂਸ, ਸਕਾਟਲੈਂਡ, ਅਮਰੀਕਾ ਅਤੇ ਜਰਮਨੀ ਵਿੱਚ ਕ੍ਰਮਵਾਰ 11.1 ਫੀਸਦੀ, 14.9 ਫੀਸਦੀ, 18.4 ਫੀਸਦੀ, 20.2 ਫੀਸਦੀ, 21.6 ਫੀਸਦੀ ਅਤੇ 21.9 ਫੀਸਦੀ ਕੈਦੀ ਵਿਚਾਰ ਅਧੀਨ ਹੁੰਦੇ ਹਨ। ਇਨ੍ਹਾਂ ਖੁਸ਼ਹਾਲ ਦੇਸ਼ਾਂ ਵਿੱਚ ਸਜ਼ਾ ਦੀ ਦਰ ਵੀ ਅੱਸੀ ਫੀਸਦੀ ਤੋਂ 99.9 ਫੀਸਦੀ ਹੁੰਦੀ ਹੈ (ਚੀਨ ਵਿੱਚ ਇਹ ਦਰ 99.9 ਫੀਸਦੀ ਹੈ)।

ਚਿੰਤਾ ਇਹ ਨਹੀਂ ਕਿ ਬੇਕਸੂਰ ਗਰੀਬ ਆਜ਼ਾਦ ਭਾਰਤ ਵਿੱਚ ਵੀ ਗੁਲਾਮੀ ਵਾਲੀ ਜ਼ਿੰਦਗੀ ਬਿਤਾ ਰਹੇ ਹਨ, ਸਗੋਂ ਸੋਚਣ ਵਾਲੀ ਗੱਲ ਇਹ ਹੈ ਕਿ ਸੰਵਿਧਾਨ ਵਿੱਚ 69 ਸਾਲ ਪਹਿਲਾਂ ਸਾਰਿਆਂ ਲਈ ਬਰਾਬਰ ਕਾਨੂੰਨ ਦੇ ਕੀਤੇ ਗਏ ਵਾਅਦੇ ਦੇ ਬਾਵਜੂਦ ਕਿਵੇਂ ਪੁਲਸੀਆ ਰਾਜ ਕਿਸੇ ਗਰੀਬ ਨੂੰ ਜੇਲ੍ਹ ਭੇਜ ਕੇ ਕੇਸ ਚਲਾ ਦਿੰਦਾ ਹੈ ਤੇ ਕਿਵੇਂ ਅਦਾਲਤ ਤੋਂ ਬੇਕਸੂਰ ਸਿੱਧ ਹੋਣ ਦੇ ਬਾਵਜੂਦ ਉਸ ਗਰੀਬ ਦੀ ਜ਼ਿੰਦਗੀ, ਉਸ ਦੇ ਪਰਵਾਰ ਤੇ ਬੱਚਿਆਂ ਦਾ ਭਵਿੱਖ ਬਰਬਾਦ ਕਰਨ ਵਾਲਾ ਪੁਲਸ ਜਾਂ ਨਿਆਂ ਤੰਤਰ ਸੁੱਖ ਦੀ ਨੀਂਦ ਸੌਂਦਾ ਹੈ ਅਤੇ ਅਗਲੇ ਦਿਨ ਫਿਰ ਕਿਸੇ ਹੋਰ ਗਰੀਬ ਨਾਲ ਉਹੀ ਕੁਝ ਕਰਦਾ ਹੈ।

-ਐੱਨ ਕੇ ਸਿੰਘ-

ਇਥੇ ਸਿਰਫ ਪੁਲਸ ਦੀ ਆਲੋਚਨਾ ਕਰਨਾ ਗਲਤ ਹੋਵੇਗਾ। ਜ਼ਿਆਦਾਤਰ ਵਕੀਲ ਵੀ ਕੋਈ ਨਾ ਕੋਈ ਵਜ੍ਹਾ ਦੱਸ ਕੇ ਮਿੱਥੀ ਤਰੀਕ 'ਤੇ ਹਾਜ਼ਰ ਨਹੀਂ ਹੁੰਦੇ, ਕਿਉਂਕਿ ਉਨ੍ਹਾਂ ਦਾ ਮਜ਼ਬੂਤ ਸੰਗਠਨ ਹੈ, ਇਸ ਲਈ ਅਦਾਲਤਾਂ ਰੋਜ਼ ਦੇ ਖੱਪਖਾਨੇ ਤੋਂ ਬਚਣ ਲਈ ਉਨ੍ਹਾਂ ਨਾਲ ਟਕਰਾਅ ਨਹੀਂ ਚਾਹੁੰਦੀਆਂ। ਪੈਸੇ ਦੀ ਘਾਟ ਕਾਰਨ ਗਰੀਬ ਜ਼ਮਾਨਤ ਲਈ ਵਕੀਲ ਨਹੀਂ ਕਰ ਸਕਦਾ ਅਤੇ ਅਦਾਲਤਾਂ ਵਿੱਚ ਅਜਿਹੇ ਮਾਮਲੇ ਇਸ ਲਈ ਮਹੀਨਿਆਂ ਬੱਧੀ ਲਟਕੇ ਰਹਿੰਦੇ ਹਨ ਕਿ ਦੇਸ਼ ਵਿੱਚ ਹਰ ਇੱਕ ਲੱਖ ਆਬਾਦੀ 'ਤੇ ਸਿਰਫ ਦੋ ਜੱਜ ਹਨ, ਜਦ ਕਿ ਘੱਟੋ ਘੱਟ ਪੰਜ ਜੱਜ ਚਾਹੀਦੇ ਹਨ।

ਗਰੀਬਾਂ ਵਿੱਚ ਅਨਪੜ੍ਹਤਾ ਕਾਰਨ ਕਾਨੂੰਨ ਦੀ ਸਹੀ ਸਮਝ ਦੀ ਘਾਟ ਅਤੇ ਪੁਲਸ ਤੇ ਅਮੀਰ ਵਰਗ ਦੀ ਗੰਢਤੁੱਪ ਕਾਰਨ ਬੇਕਸੂਰਾਂ ਨੂੰ ਫਸਾਉਣ ਦਾ ਕੁਚੱਕਰ ਚੱਲਦਾ ਰਹਿਣਾ ਇੱਕ ਮੰਦਭਾਗੀ ਸਥਿਤੀ ਹੈ। ਦੂਜੇ ਪਾਸੇ ਸਿਸਟਮ ਬੇਕਸੂਰਾਂ ਨੂੰ ਫਸਾਉਣ ਵਾਲਿਆਂ ਦੀ ਸਜ਼ਾ ਨਹੀਂ ਦਿੰਦਾ, ਭਾਵ ਪੁਲਸ ਵਾਲੇ ਉਨ੍ਹਾਂ ਨੂੰ ਬੰਦ ਕਰ ਕੇ ਬਚ ਜਾਂਦੇ ਹਨ ਅਤੇ ਉਸ ਤੋਂ ਬਾਅਦ ਪੈਸੇ ਲੈ ਕੇ ਸਬੂਤਾਂ ਨੂੰ ਖੁਰਦ ਬੁਰਦ ਕਰ ਕੇ ਦੋਸ਼ੀਆਂ ਨੂੰ ਬਚਾ ਵੀ ਲੈਂਦੇ ਹਨ, ਭਾਵ ਦੋਵਾਂ ਹੱਥਾਂ ਵਿੱਚ ਲੱਡੂ।

ਦੇਸ਼ ਵਿੱਚ ਲੋਕਤੰਤਰ ਦੇ ਝੰਡਾ ਬਰਦਾਰਾਂ ਨੂੰ ਆਪਣੀ ਨਿੱਜਤਾ ਦੇ ਨਾਲ ਇਨ੍ਹਾਂ ਗਰੀਬਾਂ ਦੀ ਤ੍ਰਾਸਦੀ 'ਤੇ ਵੀ ਉਸੇ ਬੁਲੰਦੀ ਨਾਲ ਆਵਾਜ਼ ਉਠਾਉਣੀ ਚਾਹੀਦੀ ਹੈ, ਜਿਸ ਤਰ੍ਹਾਂ ਉਹ ਖੁਸ਼ਹਾਲ ਵਰਗ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਜਾਂ ਵਟਸਐਪ ਸੰਦੇਸ਼ਾਂ ਦੇ ਖੁਲਾਸੇ ਦੀ ਉਠਾ ਰਹੇ ਹਨ।

# ਕੁੱਜਾ ਭੱਜੇ ਤਾਂ ਸੁੱਟਦੇ ਖੋਲਿਆਂ ਥੀਂ ..

ਭਾਰਤ ਤੋਂ ਚੰਗੀਆਂ ਖਬਰਾਂ ਘੱਟ ਹੀ ਆਉਂਦੀਆਂ ਹਨ। ਬਲਾਤਕਾਰ, ਭ੍ਰਿਸ਼ਟਾਚਾਰ, ਵੱਢੀਖੋਰੀ, ਬੈਂਕ ਘੁਟਾਲੇ ਤੇ ਜ਼ਹਿਰੀ ਪ੍ਰਦੂਸ਼ਣ ਦੀਆਂ ਖਬਰਾਂ ਨਿੱਤ ਇਥੋਂ ਦੇ ਅਖਬਾਰਾਂ ਵਿੱਚ ਛਪਦੀਆਂ ਹਨ। ਸਕੂਲੀ ਵਿਦਿਆਰਥਣਾਂ ਤੇ ਔਰਤਾਂ ਨਾਲ ਸਿਆਸੀ ਲੀਡਰਾਂ ਵੱਲੋਂ ਬਲਾਤਕਾਰ ਦੇ ਕਿਸੇ ਛਪਦੇ ਹਨ। ਸੰਸਾਰ ਪੱਧਰ 'ਤੇ ਭਾਰਤ ਦੇ ਅਕਸ ਵਿੱਚ ਚੀਨ ਵਾਲੀ ਟੌਹਰ ਨਹੀਂ। ਪੱਛਮੀ ਦੇਸ਼ਾਂ ਵਿੱਚ ਭਾਰਤ ਬਾਰੇ ਹਮਦਰਦੀ ਹੈ, ਪਰ ਨਿਰਾਸ਼ਾ ਵੀ ਕਿ ਐਡਾ ਵੱਡਾ ਦੇਸ਼ ਕਿਵੇਂ ਔਂਟਲਿਆ ਫਿਰਦੈ।

ਭਾਰਤੀ ਫੌਜ ਵਿੱਚ ਮੇਜਰ ਦੇ ਰੁਤਬੇ ਦੀ ਇੱਕ ਮਹਿਲਾ ਅਫਸਰ ਉੱਤੇ ਉਸ ਦੀ ਪਲਟਣ ਦੇ ਇੱਕ ਸਿਪਾਹੀ ਦੇ ਸੈਕਸੀ ਹਮਲੇ ਤੋਂ ਇਉਂ ਲੱਗਦਾ ਹੈ ਕਿ ਹਾਲਾਤ ਬੇਕਾਬੂ ਹੋ ਰਹੇ ਹਨ। ਕੁਝ ਸਾਲ ਪਹਿਲਾਂ ਦਿੱਲੀ ਵਿੱਚ ਇੱਕ ਬੇਟੀ 'ਨਿਰਭੈਆ' ਦੇ ਵਹਿਸ਼ੀਆਨਾ ਕਤਲ ਪਿੱਛੋਂ ਵੱਡੇ-ਵੱਡੇ ਜਲਸੇ-ਜਲੂਸ ਨਿਕਲੇ। ਵੱਡੇ-ਵੱਡੇ ਭਾਸ਼ਣ ਦਿੱਤੇ ਗਏ। ਕਾਨੂੰਨ ਵੀ ਹੋਰ ਸਖਤ ਕੀਤੇ, ਪਰ ਕੋਈ ਫਰਕ ਨਹੀਂ ਪਿਆ। ਬ੍ਰਿਟੇਨ ਦੇ ਭਾਰਤੀ ਭਾਈਚਾਰੇ ਨੇ ਬਹੁਤ ਮੱਲਾਂ ਮਾਰੀਆਂ ਹਨ ਪਰ ਇਸ ਪ੍ਰਸੰਗ ਵਿੱਚ ਗੱਲ ਕਰੀਏ ਤਾਂ ਸਾਡੀਆਂ ਔਰਤਾਂ ਦੀ ਹਾਲਤ ਇਥੇ ਵੀ ਬਹੁਤੀ ਵਧੀਆ ਨਹੀਂ। ਇੱਕ ਖੁਸ਼ਹਾਲ ਸਮਾਜ ਵਿੱਚ ਰਹਿੰਦਿਆਂ ਸਾਨੂੰ ਬਹੁਤ ਫਾਇਦੇ ਹਨ, ਪਰ ਏਥੇ ਵੀ ਭਾਰਤ ਤੋਂ ਵਿਆਹ ਕੇ ਲਿਆਂਦੀਆਂ ਕੁੜੀਆਂ ਨਾਲ ਧੱਕਾ ਹੁੰਦੈ। ਨਰੜ ਵਿਆਹਾਂ, ਘਰੇਲੂ ਕੁੱਟਮਾਰ ਅਤੇ ਗਰਭਪਾਤ ਦੀਆਂ ਖਬਰਾਂ ਆਮ ਛਪਦੀਆਂ ਹਨ। ਤਾਂਹੀਓਂ ਤਾਂ ਅੰਗਰੇਜ਼ਾਂ ਵਿੱਚ ਸਾਡੇ ਬਾਰੇ ਧਾਰਨਾ ਬਣ ਚੁੱਕੀ ਹੈ ਕਿ ਇਕੱਲੇ ਭਾਰਤੀਆਂ ਨੂੰ ਨਹੀਂ, ਸਾਰੇ ਏਸ਼ੀਅਨ ਸਮਾਜ ਨੂੰ ਔਰਤਾਂ ਨਾਲ ਕੋਈ ਭਾਰੀ ਦਿੱਕਤ ਹੈ।

ਜਿਵੇਂ ਦੇਸ, ਤਿਵੇਂ ਪਰਦੇਸ। ਸਾਡੀਆਂ ਔਰਤਾਂ ਦੇ ਸਿਰਾਂ ਉੱਤੇ ਖਾਨਦਾਨੀ ਇੱਜ਼ਤਾਂ, ਪਿਉ ਦੀ ਪੱਗ ਅਤੇ ਸਮਾਜ ਵੱਲੋਂ ਲਿੰਗ ਨੈਤਿਕਤਾ ਦੀਆਂ ਭਾਰੀਆਂ ਪੰਡਾਂ ਚੁੱਕਣ ਲਈ ਔਰਤਾਂ ਨੂੰ ਆਪਣੀ ਸਰੀਰਕ ਆਜ਼ਾਦੀ ਤੇ ਆਪਣੀ ਕਾਮੁਕਤਾ ਦੀ ਬਲੀ ਦੇਣੀ ਪੈਂਦੀ ਹੈ। ਇਸ ਕਰਕੇ ਜੀਵਨ ਦੇ ਵੱਖ-ਵੱਖ ਪੜਾਵਾਂ 'ਤੇ ਉਸ ਦਾ ਭਰਾ, ਬਾਪ ਅਤੇ ਪਤੀ ਉਹਦੇ ਸਰੀਰ ਦੀ ਰਾਖੀ ਕਰਦੇ ਹਨ। ਨਤੀਜੇ ਵਜੋਂ ਉਹ ਆਜ਼ਾਦੀ ਦੇ ਨਾਲ ਇੱਕ ਔਰਤ ਵਾਂਗ ਆਪਣੀ ਜ਼ਿੰਦਗੀ ਜਿਉ ਨਹੀਂ ਸਕਦੀ। ਪੱਛਮੀ ਔਰਤਾਂ ਵਾਂਗ ਆਪਣੇ ਸਰੀਰ, ਆਪਣੇ ਜੀਵਨ ਬਾਰੇ, ਕਿਸੇ ਮੁੰਡੇ ਨਾਲ ਦੋਸਤੀ, ਪਿਆਰ ਜਾਂ ਵਿਆਹ ਦੇ ਬਾਰੇ ਆਜ਼ਾਦ ਤੌਰ 'ਤੇ ਆਪ ਫੈਸਲਾ ਨਹੀਂ ਕਰ ਸਕਦੀ।

ਪੱਛਮੀ ਔਰਤਾਂ ਇਸ ਤਰ੍ਹਾਂ ਦੀਆਂ ਸ਼ਖਸੀ ਆਜ਼ਾਦੀਆਂ ਦਾ ਭਵਸਾਗਰ ਪਾਰ ਕਰ ਚੁੱਕੀਆਂ ਹਨ। ਕਿਸੇ ਨੂੰ ਕੋਈ ਇਤਰਾਜ਼ ਨਹੀਂ ਕਿ ਉਹ ਕੀ ਖਾਂਦੀਆਂ, ਕੀ ਪੀਂਦੀਆਂ, ਕਿਸ ਨਾਲ ਦੋਸਤੀ ਜਾਂ ਵਿਆਹ ਕਰਦੀਆਂ ਹਨ। ਆਰਥਿਕ ਖੁੱਲ੍ਹ ਕਾਰਨ ਪੱਛਮੀ ਔਰਤ ਦੀ ਹਾਲਤ ਬਹੁਤ ਬਿਹਤਰ ਹੈ। ਬੱਚੇ ਹੋ ਜਾਣ, ਤਲਾਕ ਹੋ ਜਾਵੇ ਤਾਂ ਵੀ ਉਸ ਨੂੰ ਕਿਸੇ ਮਰਦ ਦੀ ਧੌਂਸ ਬਰਦਾਸ਼ਤ ਕਰਨ ਦੀ ਲੋੜ ਨਹੀਂ। ਨੌਕਰੀ ਨਾ ਵੀ ਕਰਨੀ ਹੋਵੇ ਤਾਂ ਉਸ ਨੂੰ ਮਾਇਕ ਮਦਦ, ਘਰ, ਸਿਹਤ ਸੇਵਾਵਾਂ ਘਰ ਬੈਠੀ ਨੂੰ ਮਿਲਦੀਆਂ ਹਨ। ਸਕੂਲਾਂ ਵਿੱਚ ਬੱਚਿਆਂ ਨੂੰ ਮੁਫਤ ਖਾਣਾ ਤੇ ਸਕੂਲੀ ਵਰਦੀਆਂ ਸਮੇਤ ਯੂਨੀਵਰਸਿਟੀ ਤੀਕ ਵਿੱਦਿਆ ਵੀ ਮੁਫਤ ਮਿਲਦੀ ਹੈ। ਭਾਰਤੀ ਔਰਤ ਨੂੰ ਏਥੇ ਇਹ ਸੁਰੱਖਿਆ ਨਹੀਂ। ਇਸ ਤੋਂ ਬਿਨ੍ਹਾਂ ਤਲਾਕ ਦਾ ਸਮਾਜੀ ਮਿਹਣਾ ਉਸ ਨੂੰ ਸ਼ਰਮ ਤੇ ਲਾਚਾਰੀ ਹੇਠਾਂ ਦੱਬੀ ਰੱਖਦੈ। ਜਿਵੇਂ ਕਹਿੰਦੇ ਹੁੰਦੇ ਐ ਧੀਆਂ ਉਹ ਵਸਦੀਆਂ ਹਨ ਜਿਨ੍ਹਾਂ ਦੇ ਪੇਕੇ ਤਕੜੇ ਹੋਣ। ਤਾਂਹੀਓਂ, ਸਾਡੇ ਸਮਾਜ ਵਿੱਚ ਧੀਆਂ ਦੇ ਮਾਪਿਆਂ ਦੀ ਜ਼ਿੰਮੇਵਾਰੀ ਕਦੇ ਖਤਮ ਨਹੀਂ ਹੁੰਦੀ। ਇਸੇ ਕਰਕੇ ਹੀ ਮਾਪਿਆਂ ਨੂੰ ਧੀਆਂ ਦੇ ਸਰੀਰ ਦੀ ਰਾਖੀ ਕਰਨੀ ਪੈਂਦੀ ਹੈ। ਕਿਉਂਕਿ ਹਰ ਮਰਦ, ਹਰ ਪਰਵਾਰ ਚਾਹੁੰਦੈ ਕਿ ਉਨ੍ਹਾਂ ਦੇ ਘਰ ਸੱਚੀ-ਸੁੱਚੀ, ਸਾਂਭ-ਸੁਆਰ ਕੇ ਰੱਖੀ 'ਅਣਲੱਗ' ਵਹੁਟੀ ਆਵੇ, ਜਿਸ ਨੂੰ ਪਹਿਲਾਂ ਕਿਸੇ ਮਰਦ ਨੇ ਹੱਥ ਨਾ ਲਾਇਆ ਹੋਵੇ, ਪਰ ਸਭ ਰਾਖੀਆਂ ਦੇ ਬਾਵਜੂਦ ਵਿਆਹ ਟੁੱਟ ਗਿਆ ਤਾਂ ਜਿਵੇਂ 'ਲੂਣਾ' ਵਿੱਚ ਸ਼ਿਵ ਕੁਮਾਰ ਬਟਾਲਵੀ ਨੇ ਲਿਖਿਆ ਹੈ-

'ਕੁੱਜਾ ਭੱਜੇ ਤਾਂ ਸੁੱਟਦੇ ਖੋਲਿਆਂ ਥੀਂ,
ਨਾਰ ਭੱਜੇ ਤਾਂ ਮੁੜ ਜਾਏ ਮਾਪਿਆਂ ਦੇ।'

ਇਸ ਤ੍ਰਾਸਦੀ ਦੇ ਅਸੀਂ ਆਪ ਜ਼ਿੰਮੇਵਾਰ ਹਾਂ। ਵਿਆਹ ਤੋਂ ਪਹਿਲਾਂ ਜਾਂ ਮਗਰੋਂ ਮਰਦ-ਔਰਤਾਂ ਦੇ ਆਪਸੀ ਸਬੰਧ, ਮੁਹੱਬਤ, ਮੇਲ-ਮਿਲਾਪ, ਸੰਜੋਗ ਸੱਭ ਕੁਦਰਤ ਦੇ ਅਸੂਲਾਂ ਵਾਂਗ ਸਿੱਧੇ-ਸਾਦੇ ਹਨ, ਪਰ ਨਿਸ਼ਚਿਤ ਵੀ ਹਨ। ਜਵਾਨ ਹੁੰਦੇ ਮੁੰਡੇ-ਕੁੜੀਆਂ ਇੱਕ-ਦੂਜੇ ਨਾਲ ਮਿਲਣਾ ਚਾਹੁੰਦੇ ਹਨ, ਇੱਕ-ਦੂਜੇ ਦਾ ਸਾਥ ਮਾਣਨਾ ਚਾਹੁੰਦੇ ਹਨ, ਪਰ ਇਨ੍ਹਾਂ ਕੁਦਰਤੀ ਤੇ ਪਵਿੱਤਰ ਭਾਵਨਾਵਾਂ



ਦੁਆਲੇ ਸਾਡੇ ਸਮਾਜ ਨੇ ਬੇਤੁਕਾ, ਵਰਜਾਂ ਤੇ ਰੋਕਾਂ-ਟੋਕਾਂ ਦੀਆਂ ਕੰਧਾਂ ਖੜੀਆਂ ਕੀਤੀਆਂ ਹੋਈਆਂ ਹਨ। ਸਮਾਜੀ ਵਰਤਾਰੇ ਦੇ ਇਸ ਦਵੰਦ ਕਰਕੇ ਮਰਦਾਂ, ਔਰਤਾਂ ਅਤੇ ਪਰਿਵਾਰਾਂ ਵਿੱਚ ਇੱਕ ਅਸਾਵੀਂ ਮਾਨਸਿਕਤਾ ਪੈਦਾ ਹੋ ਚੁੱਕੀ ਹੈ। ਨੌਜਵਾਨਾਂ ਵਿੱਚ ਆਪਸੀ, ਸਾਥ ਸੰਗਤ ਦੀ ਤਾਂਘ 'ਤੇ ਸਾਡੇ ਸਮਾਜ ਨੇ ਬੇਸ਼ਰਮੀ ਦਾ ਲੇਬਲ ਲਾ ਰੱਖਿਆ ਹੈ। ਜੇ ਇਨ੍ਹਾਂ ਭਾਵਨਾਵਾਂ ਦੀ ਪੂਰਤੀ ਵਾਸਤੇ ਸਮਾਜਿਕ ਪ੍ਰਵਾਨਗੀ ਦਾ ਕੋਈ ਰਾਹ ਨਾ ਹੋਵੇ ਤਾਂ ਲੋਕ ਪੁੱਠੇ ਚੋਰ-ਮਘੋਰਿਆਂ ਦੇ ਰਾਹਾਂ ਦੀ ਤਲਾਸ਼ ਕਰਨਗੇ। ਔਰਤਾਂ ਪ੍ਰਤੀ ਹਿੰਸਾ, ਲੱਚਰ ਗੀਤ ਅਤੇ ਅਸ਼ਲੀਲ ਫਿਲਮਾਂ ਇਸੇ ਬਿਮਾਰ ਮਾਨਸਿਕਤਾ ਦੀ ਪੈਦਾਵਾਰ ਹਨ। ਭਾਰਤੀ ਸਿਨਮਿਆਂ ਦੀ ਸਕਰੀਨ ਉੱਤੇ ਨੱਚਦੀ ਕੁੜੀ ਦਾ ਕੋਈ ਅੰਗ ਨੰਗਾ ਰਹਿ ਜਾਵੇ ਤਾਂ ਅੰਦਰ ਬੈਠੇ ਮਰਦ ਭੂਸਰ ਕੇ ਦਹਾੜਾਂ ਮਾਰਦੇ ਹਨ। ਪੱਛਮੀ ਦੇਸ਼ਾਂ ਦੀਆਂ ਔਰਤਾਂ ਕਈ ਵਾਰ ਕਹਿੰਦੀਆਂ ਹਨ ਕਿ ਏਸ਼ੀਅਨ ਮਰਦਾਂ ਦੀ ਝਕਾਣੀ ਬਹੁਤ ਅਜੀਬ ਹੈ। ਔਰਤ ਦੇ ਕੱਪੜਿਆਂ ਵਿੱਚ ਦੀ ਲੰਘ ਕੇ ਓਹਦੇ ਜਿਸਮ ਨੂੰ ਛੋਂਹਦੀ ਹੈ। ਇਸੇ ਮਾਨਸਿਕਤਾ ਕਾਰਨ ਫੌਜ ਦੇ ਸਿਪਾਹੀ ਨੂੰ ਆਪਣੀ ਪਲਟਣ ਦੀ ਮਹਿਲਾ ਅਫਸਰ ਦੀ ਵਰਦੀ ਅਤੇ ਉਹਦੇ ਵੱਡਾ ਰੁਤਬਾ ਨਹੀਂ ਦਿਸਦਾ। ਓਹਨੂੰ ਸਿਰਫ ਔਰਤ ਦਾ ਸਰੀਰ ਦਿਸਦੈ।

ਇਸ ਦਾ ਹੱਲ ਕੀ ਹੋਵੇ? ਇੱਕ ਗੱਲ ਸਾਫ ਹੈ ਕਿ ਸਾਡੇ ਸੰਤ, ਮਹਾਤਮਾ, ਲੀਡਰ ਅਤੇ ਸਮਾਜ ਸੁਧਾਰਕ ਸਦੀਆਂ ਤੋਂ ਔਰਤਾਂ ਪ੍ਰਤੀ ਸਤਿਕਾਰ ਅਤੇ ਬਰਾਬਰੀ ਦੇ ਸੁਨੇਹੇ ਦਿੰਦੇ ਆ ਰਹੇ ਹਨ। ਦਾਨਿਸ਼ਵਰ ਨਿੱਤ ਦਿਨ ਇਨ੍ਹਾਂ ਮਸਲਿਆਂ ਬਾਰੇ ਸੈਮੀਨਾਰ ਕਰਵਾਉਂਦੇ ਹਨ, ਪਰਚੇ-ਪੁਸਤਕਾਂ ਲਿਖਦੇ ਹਨ, ਪਰ ਇਹ ਮਸਲਾ ਇਨ੍ਹਾਂ ਸਭ ਕੋਸ਼ਿਸ਼ਾਂ ਦੇ ਬਾਵਜੂਦ ਹੱਲ ਨਹੀਂ ਹੋਇਆ ਅਤੇ ਨਾ ਹੋਣੈ। ਪੰਜ ਹਜ਼ਾਰ ਸਾਲ ਪਹਿਲਾਂ ਸੀਤਾ ਇੱਕ ਹਲਵਾਹਕ ਨੂੰ ਆਪਣੇ ਖੇਤ ਵਿੱਚ ਇੱਕ ਘੜੇ ਵਿੱਚ ਦੱਬੀ ਲੱਭੀ ਸੀ। ਵੇਖ ਲਓ, ਇਹੋ ਕੁੜੀਮਾਰ ਰੁਝਾਨ ਸਦੀਆਂ ਤੋਂ ਸਾਡੀ ਮਾਨਸਿਕਤਾ ਅਤੇ ਸਾਡੇ ਸਮਾਜੀ ਡੀ ਐਨ ਏ ਦਾ ਹਿੱਸਾ ਬਣਿਆ ਤੁਰਿਆ ਆ ਰਿਹੈ। ਪੱਛਮੀ ਔਰਤਾਂ ਦੀ ਮਿਸਾਲ ਸਾਡੇ ਸਾਹਮਣੇ ਹੈ। ਉਨ੍ਹਾਂ ਨੂੰ ਬਰਾਬਰੀ ਅਤੇ ਆਜ਼ਾਦੀ ਉਨ੍ਹਾਂ ਦੇ ਵਡੇਰਿਆਂ ਜਾਂ ਸੰਸਥਾਵਾਂ ਨੇ ਲੈ ਕੇ ਨਹੀਂ ਦਿੱਤੀ। ਇਸ ਆਜ਼ਾਦੀ ਦਾ ਹੱਕ ਉਨ੍ਹਾਂ ਆਪ ਲਿਆ ਹੈ। ਹਾਲਾਤ ਇਹੋ ਜਿਹੇ ਬਣੇ ਕਿ ਪਹਿਲੀ ਵੱਡੀ ਸੰਸਾਰ ਜੰਗ ਦੌਰਾਨ ਇਨ੍ਹਾਂ ਦੇ ਲੱਖਾਂ-ਕਰੋੜਾਂ ਮਰਦ ਜੰਗ ਵਿੱਚ ਮਾਰੇ ਗਏ। ਮਜ਼ਬੂਰੀ ਵੱਸ ਇਨ੍ਹਾਂ ਦੀਆਂ ਔਰਤਾਂ ਨੂੰ ਦੇਸ਼ ਦੀਆਂ ਹਥਿਆਰ ਬਣਾਉਣ ਵਾਲੀਆਂ ਫੈਕਟਰੀਆਂ ਤੇ ਸਨਅਤੀ ਕਾਰਖਾਨਿਆਂ ਤੋਂ ਲੈ ਕੇ ਬੱਸਾਂ, ਗੱਡੀਆਂ, ਦਫਤਰਾਂ ਵਿੱਚ ਕੰਮ ਕਰਨਾ ਪਿਆ। ਮਿਹਨਤ-ਮਜ਼ਦੂਰੀ ਕਰਦਿਆਂ ਇਨ੍ਹਾਂ ਨੂੰ ਤਨਖਾਹਾਂ ਮਿਲਣ ਲੱਗਆਂ। ਇਨ੍ਹਾਂ ਤਨਖਾਹਾਂ ਸਦਕਾ ਪੱਛਮੀ ਔਰਤਾਂ ਨੂੰ ਪਹਿਲੀ ਵਾਰ ਆਜ਼ਾਦੀ ਦਾ ਅਹਿਸਾਸ ਹੋਇਆ। ਆਪ ਖੁਦ ਕਮਾਇਆ ਪੈਸਾ ਆਪ ਕਿਤੇ ਵੀ ਖਰਚਣ, ਕਿਸੇ ਨਾਲ ਦੋਸਤੀ ਕਰਨ। ਇਸ ਆਰਥਿਕ ਆਜ਼ਾਦੀ ਨਾਲ ਇੱਥੋਂ ਦੀਆਂ ਔਰਤਾਂ ਹੌਲੀ-ਹੌਲੀ ਸ਼ਖਸੀ ਆਜ਼ਾਦੀ ਰਾਹੀਂ ਆਪਣੇ ਸਰੀਰ ਦੀਆਂ ਮਾਲਕ ਬਣ ਗਈਆਂ। ਔਰਤਾਂ ਦੀ ਭਾਰਤੀ ਆਜ਼ਾਦੀ ਦੀ ਸ਼ੁਰੂਆਤ ਔਰਤਾਂ ਨੇ ਹੀ ਕਰਨੀ ਹੈ। ਇਹ ਸ਼ੁਰੂਆਤ ਵੀ ਆਰਥਿਕ ਆਜ਼ਾਦੀ ਤੋਂ ਤੁਰਨੀ ਹੈ। ਧੀਆਂ-ਭੈਣਾਂ ਪੜ੍ਹਨਗੀਆਂ ਤਾਂ ਆਪਣੇ ਪੈਰਾਂ 'ਤੇ ਖੜ੍ਹਨ ਦੇ ਯੋਗ ਹੋ ਜਾਣਗੀਆਂ। ਫਿਰ ਉਨ੍ਹਾਂ ਦੇ ਸਰੀਰ ਦੀ ਰਾਖੀ ਕਰਨ ਦੀ ਲੋੜ ਨਹੀਂ ਰਹਿਣੀ। ਖਾਨਦਾਨੀ ਇੱਜ਼ਤ ਦਾ ਔਰਤ ਦੀ ਕਾਮੁਕਤਾ ਨਾਲ ਕੋਈ ਸਬੰਧ ਨਹੀਂ ਹੋਵੇਗਾ। ਕੁੜੀਆਂ ਆਪਣੇ ਜੀਵਨ ਸਾਥੀ ਆਪ ਚੁਣਨਗੀਆਂ ਤਾਂ ਦਹੇਜ ਦਾ 'ਕੋਹੜ' ਵੀ ਖਤਮ ਹੋਵੇਗਾ ਅਤੇ ਮਾਪਿਆਂ ਦੇ ਸਿਰਾਂ ਤੋਂ ਕਿੰਨਾ ਹੀ ਭਾਰ ਲਹਿ ਜਾਵੇਗਾ।

ਮੁੰਡੇ-ਕੁੜੀਆਂ ਜਦ ਕੁਦਰਤੀ ਸਹਿਜ ਨਾਲ ਸਾਥ-ਸੰਗਤ ਕਰਨਗੇ ਤਾਂ ਉਨ੍ਹਾਂ ਵਿੱਚ ਆਪਣੇ ਸਬੰਧਾਂ ਨੂੰ ਇਖਲਾਕੀ ਤੌਰ 'ਤੇ ਨਿਯਮਤ ਕਰਨ ਦੀ ਸੋਝੀ ਖੁਦ-ਬ-ਖੁਦ ਪੈਦਾ ਹੋਵੇਗੀ। ਚੰਗੀ ਗੱਲ ਕਿ ਧੀਆਂ-ਭੈਣਾਂ ਨੂੰ ਪੜ੍ਹਾਉਣ ਦਾ ਵਰਤਾਰਾ ਤੇਜ਼ ਹੋ ਰਿਹਾ ਹੈ। ਪੜ੍ਹੀਆਂ-ਲਿਖੀਆਂ ਅਤੇ ਆਰਥਿਕ ਤੌਰ 'ਤੇ ਆਜ਼ਾਦ ਮਾਵਾਂ ਭਾਵੇਂ 'ਸਤੀ-ਸਵਿੱਤਰੀ' ਦੀਆਂ ਕਿੰਨੀਆਂ ਕਥਾਵਾਂ ਸੁਣੀ ਜਾਣ ਅਤੇ 'ਕਰਵਾ ਚੌਥ' ਦੇ ਵਰਤ ਰੱਖੀ ਜਾਣ, ਉਹ ਕਦੇ ਆਪਣੀਆਂ ਧੀਆਂ ਨੂੰ ਰੋਕਾਂ-ਟੋਕਾਂ ਦੀ ਸਾਹ ਘੋਟੂ ਜ਼ਿੰਦਗੀ ਜਿਊਣ ਲਈ ਮਜਬੂਰ ਨਹੀਂ ਕਰਨਗੀਆਂ। ਔਰਤਾਂ ਦੇ ਆਰਥਿਕ ਜ਼ੋਰ ਸਾਹਮਣੇ ਮਰਦ-ਪ੍ਰਧਾਨ ਸਮਾਜ ਦੀਆਂ ਕਦਰਾਂ-ਕੀਮਤਾਂ ਅੜ ਨਹੀਂ ਸਕਣਗੀਆਂ। ਇਹੋ ਜਿਹੇ ਸਮਾਜ ਵਿੱਚ ਸ਼ਿਵ ਕੁਮਾਰ ਵਾਲੀ 'ਭੱਜੀ ਨਾਰ' ਨੂੰ ਖੋਲਿਆਂ 'ਚ ਸੁੱਟਣ ਦੀ ਲੋੜ ਵੀ ਨਹੀਂ ਪਵੇਗੀ। ਸ਼ੁਰੂਆਤ ਹੋ ਚੁੱਕੀ ਹੈ, ਪਰ ਮੰਜ਼ਿਲ ਹਾਲੇ ਦੂਰ ਹੈ।

-ਰਣਜੀਤ ਧੀਰ-

# ਮਿੰਨੀ ਕਹਾਣੀ

## ਤੰਦੂਆ

-ਮੁਖਤਾਰ ਗਿੱਲ

ਬੋਰਡ ਵੱਲੋਂ ਐਲਾਨੇ ਦਸਵੀਂ ਤੇ ਬਾਰ੍ਹਵੀਂ ਦੇ ਨਤੀਜੇ ਬਹੁਤ ਮਾੜੇ ਆਏ ਤਾਂ ਸਰਕਾਰ ਦਾ ਧਿਆਨ ਸਰਕਾਰੀ ਸਕੂਲਾਂ ਦੀ ਕਾਰਗੁਜ਼ਾਰੀ ਵੱਲ ਗਿਆ। ਫਿਰ ਤੁਰੰਤ ਸਰਕਾਰੀ ਸਕੂਲਾਂ ਦੀ ਪੜ੍ਹਾਈ ਨੂੰ ਲੀਹ 'ਤੇ ਲਿਆਉਣ ਲਈ ਕਈ ਯੋਜਨਾਵਾਂ ਉਲੀਕੀਆਂ ਗਈਆਂ। ਇਨ੍ਹਾਂ ਵਿੱਚੋਂ ਇਕ ਸਰਕਾਰੀ ਸਕੂਲਾਂ ਵਿੱਚ ਦਾਖਲਾ ਵਧਾਉਣ ਦੇ ਲਈ ਮਾਪਿਆਂ ਨੂੰ ਜਾਗਰੂਕ ਕਰਨ ਲਈ 'ਚੇਤਨਾ ਰੈਲੀਆਂ' ਕੱਢਣਾ ਸੀ।

ਮੈਂ ਵੀ ਕਾਹਲੀ ਵਿੱਚ ਤਖਤੀਆਂ ਤੇ ਬੈਨਰ ਬਣਵਾਏ। ਆਪਣੇ ਸਰਕਾਰੀ ਐਲੀਮੈਂਟਰੀ ਸਕੂਲ ਦੇ ਪੰਜਵੀਂ ਦੇ ਬੱਚਿਆਂ ਦੇ ਹੱਥਾਂ ਵਿੱਚ ਤਖਤੀਆਂ ਅਤੇ ਬੈਨਰ ਫੜਾਏ ਜਿਨ੍ਹਾਂ 'ਤੇ 'ਪੜ੍ਹਾਈ, ਵਰਦੀਆਂ, ਕਿਤਾਬਾਂ, ਦੁਪਹਿਰ ਦਾ ਖਾਣਾਂ, ਵਜੀਫੇ ਪਾਓ, ਬੱਚੇ ਸਰਕਾਰੀ ਸਕੂਲ ਵਿੱਚ ਦਾਖਲ ਕਰਵਾਓ' ਆਦਿ ਨਾਅਰੇ ਲਿਖੇ ਸਨ। ਮੈਂ ਚੇਤਨਾ ਰੈਲੀ ਲਈ ਨਿਕਲ ਤੁਰਿਆ। ਜਦੋਂ ਰੈਲੀ ਨੂੰ ਫਿਰਨੀ ਦਾ ਚੱਕਰ ਕੱਢਵਾ ਸੰਪਰਕ ਸੜਕ 'ਤੇ ਪੁੱਜਾ ਤਾਂ ਅੱਗੋਂ ਸਾਧਾਰਨ ਜਿਹਾ ਕਿਸਾਨ ਨਿੱਜੀ ਸਕੂਲ ਵਿੱਚ ਪੜ੍ਹੇ ਆਪਣੇ ਬੱਚੇ ਦੀ ਸਕੂਲ ਬੱਸ ਲੰਘ ਜਾਣ ਕਰਕੇ ਵਾਪਸ ਘਰ ਨੂੰ ਲਿਜਾ ਰਿਹਾ ਮਿਲ ਪਿਆ। ਮੈਂ ਉਸ ਨੂੰ ਸਰਕਾਰੀ ਸਹੂਲਤਾਂ ਬਾਰੇ ਦੱਸਦਿਆਂ ਬੱਚੇ ਨੂੰ ਸਰਕਾਰੀ ਸਕੂਲ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕਰਨ ਲੱਗਾ।

'ਮਾਸਟਰ ਜੀ! ਇਕ ਗੱਲ ਆਖਾਂ ਤਾਂ ਗੁੱਸਾ ਨਾ ਕਰਿਓ। ਤੁਸੀਂ ਅੱਜ ਆਪਣੇ ਦੋਵਾਂ ਬੱਚਿਆਂ ਨੂੰ ਸਰਕਾਰੀ ਸਕੂਲ 'ਚ ਦਾਖਲ ਕਰ ਲਓ। ਕੱਲ੍ਹ ਮੈਂ ਵੀ ਆਪਣੇ ਬੱਚੇ ਨੂੰ ਦਾਖਲ ਕਰਵਾ ਜਾਵਾਂਗਾ।'

ਅਧਪੜ੍ਹ ਕਿਸਾਨ ਦੇ ਆਖੇ ਕੌੜੇ ਸੱਚ ਕਾਰਨ ਮੇਰੀ ਜ਼ੁਬਾਨ ਨੂੰ ਜਿਵੇਂ ਤੰਦੂਆ ਪੈ ਗਿਆ।

# ਹਲਕਾ ਫੁਲਕਾ

ਮਦਾਰੀ ਨੇ ਤਮਾਸ਼ਾ ਦੇਖਣ ਵਾਲਿਆਂ ਨੂੰ ਇਹ ਦੱਸਣ ਲਈ ਕਿ ਉਸ ਨੇ ਸਾਥੀ ਉਨ੍ਹਾਂ ਵਿੱਚੋਂ ਹੀ ਲੈਣਾ ਹੈ, ਆਪਣਾ ਕੋਈ ਬੰਦਾ ਨਹੀਂ ਲਿਆਂਦਾ, ਉਨ੍ਹਾਂ ਵਿੱਚੋਂ ਇੱਕ ਲੜਕੇ ਨੂੰ ਆਪਣੇ ਕੋਲ ਬੁਲਾ ਕੇ ਪੁੱਛਿਆ, 'ਤੂੰ ਮੇਰਾ ਕੋਈ ਰਿਸ਼ਤੇਦਾਰ ਤਾਂ ਨਹੀਂ? ਤੂੰ ਪਹਿਲਾਂ ਕਦੇ ਮੈਨੂੰ ਦੇਖਿਆ ਤਾਂ ਨਹੀਂ?''

ਲੜਕਾ ਬੋਲਿਆ, ''ਕਦੇ ਨਹੀਂ, ਅੱਬਾ ਜਾਨ।''

*********

ਮਾਂ, ''ਬੇਟਾ, ਸੋਫਾ ਲੇਟਣ ਨਹੀਂ ਹੁੰਦਾ, ਬੈਠਣ ਲਈ ਹੁੰਦਾ ਹੈ।''

ਕਮਲ, ''ਹਾਂ ਜੀ, ਚੱਪਲ ਵੀ ਮਾਰਨ ਲਈ ਨਹੀਂ ਹੁੰਦੀ, ਪਹਿਨਣ ਲਈ ਹੁੰਦੀ ਹੈ।''

ਉੱਡਦੀ ਹੋਈ ਇੱਕ ਚੱਪਲ ਹੋਰ ਆਣ ਪਈ।



# ਕੋਆਪਰੇਟਿਵ ਬੈਂਕ ਨੇ ਚਾਰ ਹਜ਼ਾਰ ਤੋਂ ਵੱਧ ਕਿਸਾਨਾਂ ਦੇ ਵਾਰੰਟ ਜਾਰੀ ਕਰਵਾਏ

ਚੰਡੀਗੜ੍ਹ, 18 ਨਵੰਬਰ (ਪੋਸਟ ਬਿਊਰੋ)- ਕੋਆਪਰੇਟਿਵ ਬੈਂਕ ਨੇ ਕਿਸਾਨਾਂ ਉਤੇ ਉਗਰਾਹੀ ਦਾ ਦਬਾਅ ਬਣਾਉਣ ਲਈ 4298 ਕਿਸਾਨਾਂ ਦੇ ਵਾਰੰਟ ਕਢਵਾਏ ਹਨ ਤੇ 48 ਵਿਰੁੱਧ ਕਾਰਵਾਈ ਕੀਤੀ ਗਈ ਹੈ।



ਪਤਾ ਲੱਗਾ ਹੈ ਕਿ ਸਰਕਾਰ ਵੱਲੋਂ ਫਸਲੀ ਕਰਜ਼ੇ ਮੁਆਫ ਕਰਨ ਦੇ ਵਾਅਦੇ ਕਾਰਨ ਮੁਆਫੀ ਨੂੰ ਉਡੀਕਦੇ ਕਿਸਾਨ ਡਿਫਾਲਟਰ ਹੋ ਗਏ ਹਨ। ਬੈਂਕ ਦਾ 58 ਫੀਸਦੀ ਕਰਜ਼ਾ ਵੀ ਵਾਪਸ ਨਹੀਂ ਹੋਇਆ ਅਤੇ ਡਿਫਾਲਟਰਾਂ ਨੂੰ ਨੋਟਿਸ ਕੱਢ ਕੇ ਵਾਰੰਟ ਜਾਰੀ ਕਰਨ ਦਾ ਤਰੀਕਾ ਅਪਣਾਇਆ ਜਾਣ ਲੱਗ ਪਿਆ ਹੈ। ਇਸ ਨਾਲ ਕਰਜ਼ੇ ਦੇ ਬੋਝ ਹੇਠ ਖੁਦਕੁਸ਼ੀ ਕਰ ਰਹੇ ਕਿਸਾਨਾਂ ਤੇ ਮਜ਼ਦੂਰਾਂ ਦੀ ਹਾਲਤ ਹੋਰ ਬਦਤਰ ਹੁੰਦੀ ਜਾ ਰਹੀ ਹੈ। ਕਈ ਥਾਵਾਂ ਉਤੇ ਬੈਂਕ ਅਧਿਕਾਰੀਆਂ ਅਤੇ ਕਿਸਾਨ ਜਥੇਬੰਦੀਆਂ ਵਿਚਾਲੇ ਟਕਰਾਅ ਦੀ ਹਾਲਤ ਵੀ ਪੈਦਾ ਹੋ ਰਹੀ ਹੈ।

ਕੋਆਪਰੇਟਿਵ ਬੈਂਕ ਦੇ ਮੈਨੇਜਿੰਗ ਡਰਾਇਰੈਕਟਰ ਚਰਨਜੀਵ ਸਿੰਘ ਮਾਨ ਨੇ ਦੱਸਿਆ ਕਿ ਕਰਜ਼ਾ ਉਗਰਾਹੀ ਵਿੱਚ ਤੇਜ਼ੀ ਲਿਆਉਣ ਲਈ ਯਤਨ ਕੀਤੇ ਜਾ ਰਹੇ ਹਨ ਤੇ ਕਿਸਾਨਾਂ ਨੂੰ ਕਰਜ਼ੇ ਮੋੜਨ ਨੂੰ ਪ੍ਰੇਰਿਆ ਜਾ ਰਿਹਾ ਹੈ, ਪਰ ਅਜੇ ਤੱਕ ਰੋਜ਼ ਦੀ ਉਗਰਾਹੀ 1.33 ਕਰੋੜ ਰੁਪਏ ਤੱਕ ਪਹੁੰਚੀ ਹੈ। ਸਰਕਾਰ ਦਾ ਟੀਚਾ 688 ਕਰੋੜ ਰੁਪਏ ਇਕੱਠੇ ਕਰਨ ਦਾ ਹੈ ਪਰ ਅਜੇ 121.93 ਕਰੋੜ ਰੁਪਏ ਹੀ ਇਕੱਠੇ ਹੋਏ ਹਨ। ਇਸ ਮੁਹਿੰਮ ਨੂੰ ਤੇਜ਼ ਕਰਨ ਲਈ ਹੈਂਡਕੁਆਰਟਰ ਤੋਂ ਵੀਹ ਅਧਿਕਾਰੀਆਂ ਦੀ ਫੀਲਡ ਵਿੱਚ ਡਿਊਟੀ ਲਾਈ ਗਈ ਹੈ ਤਾਂ ਕਿ ਟੀਚੇ ਦੇ ਨੇੜੇ ਪਹੁੰਚਿਆ ਜਾ ਸਕੇ। ਇਸ ਦੇ ਬਾਵਜੂਦ ਬੈਂਕ ਦੇ ਅਫਸਰਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਕਈ ਥਾਵਾਂ ਤੇ ਕਿਸਾਨ ਇਕੱਠੇ ਹੋ ਕੇ ਉਗਰਾਹੀ ਕਰਨ ਗਏ ਬੈਂਕ ਦੇ ਸਟਾਫ ਵਿਰੁੱਧ ਰੋਸ ਜ਼ਾਹਿਰ ਕਰਦੇ ਹਨ। ਮਾਨ ਨੇ ਕਿਹਾ ਕਿ ਸਰਕਾਰ ਦੀ ਨੀਤੀ ਹੈ ਕਿ ਨਾ ਕਿਸਾਨਾਂ ਦੀ ਜ਼ਮੀਨ ਦੀ ਕੁਰਕੀ ਕੀਤੀ ਜਾ ਸਕਦੀ ਹੈ ਤੇ ਨਾ ਕਿਸੇ ਕਿਸਾਨ ਨੂੰ ਜੇਲ੍ਹ ਭੇਜਿਆ ਜਾ ਸਕਦਾ ਹੈ। ਇਸ ਕਰਕੇ ਕਰਜ਼ੇ ਦੀ ਉਗਰਾਹੀ ਠੀਕ ਤਰ੍ਹਾਂ ਨਹੀਂ ਹੋ ਰਹੀ। ਇਹ ਪੁੱਛੇ ਜਾਣ 'ਤੇ ਕਿ ਕੁਝ ਕਿਸਾਨਾਂ ਨੂੰ ਜੇਲ੍ਹਾਂ ਵਿੱਚ ਵੀ ਭੇਜਿਆ ਗਿਆ ਹੈ ਤਾਂ ਉਨ੍ਹਾਂ ਕਿਹਾ ਕਿ ਕਿਸੇ ਕਿਸਾਨਾਂ ਨੂੰ ਸਹਿਕਾਰੀ ਕਰਜ਼ੇ ਦੇ ਸਬੰਧ 'ਚ ਜੇਲ੍ਹ ਨਹੀਂ ਭੇਜਿਆ।

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਸੱਤਾ ਸੰਭਾਲਣ ਤੋਂ ਪਹਿਲਾਂ ਹਰ ਤਰ੍ਹਾਂ ਦਾ ਕਿਸਾਨੀ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਸੀ, ਪਰ ਕਰਜ਼ਾ ਮੁਆਫੀ ਦੀ ਉਡੀਕ ਕਰਦੇ ਬਹੁਤ ਸਾਰੇ ਕਿਸਾਨਾਂ ਨੂੰ ਕਾਫੀ ਨੁਕਸਾਨ ਹੋਇਆ ਹੈ ਤੇ ਉਨ੍ਹਾਂ ਨੂੰ ਵੱਧ ਵਿਆਜ਼ ਦੇਣਾ ਪੈ ਰਿਹਾ ਹੈ। ਇਸ ਦੇ ਨਾਲ ਰਾਜ ਸਰਕਾਰ ਨੇ ਖੇਤ ਮਜ਼ਦੂਰਾਂ ਦੇ ਪੰਜਾਹ ਹਜ਼ਾਰ ਰੁਪਏ ਤੱਕ ਦੇ ਸਹਿਕਾਰੀ ਕਰਜ਼ੇ ਮੁਆਫ ਕਰਨ ਦਾ ਐਲਾਨ ਕੀਤੇ ਸੀ, ਪਰ ਉਸ 'ਤੇ ਵੀ ਅਮਲ ਨਹੀਂ ਹੋ ਸਕਿਆ। ਸਰਕਾਰੀ ਐਲਾਨ ਨਾਲ ਪੰਜਾਬ ਖੇਤੀਬਾੜੀ ਵਿਕਾਸ ਬੈਂਕ ਦੀਆਂ ਚੂਲਾਂ ਹਿਲ ਗਈਆਂ ਹਨ ਕਿਉਂਕਿ ਕਿਸਾਨਾਂ ਨੂੰ ਆੜ੍ਹਤੀਆਂ ਦੇ ਕਰਜ਼ੇ ਸਮੇਤ ਸਾਰਾ ਕਰਜ਼ਾ ਮੁਆਫੀ ਦੀ ਆਸ ਸੀ, ਜਿਸ ਕਰਕੇ ਉਨ੍ਹਾਂ ਨੇ ਕਰਜ਼ਿਆਂ ਦੀਆਂ ਕਿਸ਼ਤਾਂ ਭਰਨੀਆਂ ਬੰਦ ਕਰ ਦਿੱਤੀਆਂ। ਇਸ ਵੇਲੇ ਸਹਿਕਾਰੀ ਬੈਂਕ ਦਾ 58 ਫੀਸਦੀ ਪੈਸਾ ਖਾਤੇ ਪਿਆ ਹੈ।

# ਈਰਾਨ ਵੱਲੋਂ ਭਾਰਤੀ ਚੌਲ ਲੈਣੇ ਬੰਦ ਕਰਨ ਨਾਲ ਬਾਸਮਤੀ ਚੌਲਾਂ ਦੇ ਮੁੱਲ 1500 ਤੱਕ ਡਿੱਗੇ



ਅੰਮ੍ਰਿਤਸਰ, 18 ਨਵੰਬਰ (ਪੋਸਟ ਬਿਊਰੋ)- ਪਿਛਲੇ ਸਮੇਂ ਵਿੱਚ ਅਮਰੀਕਾ ਦਾ ਸਮਰਥਨ ਕਰਦੇ ਹੋਏ ਭਾਰਤ ਸਰਕਾਰ ਨੇ ਜਦੋਂ ਈਰਾਨ ਤੋਂ ਤੇਲ ਲੈਣਾ ਬੰਦ ਕੀਤਾ ਤਾਂ ਈਰਾਨ ਨੇ ਵੀ ਭਾਰਤੀ ਚੌਲਾਂ ਦੀ ਖਰੀਦ ਬੰਦ ਕਰ ਦਿੱਤੀ ਹੈ। ਇਸ ਨਾਲ ਪੰਜਾਬੇ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਦੋਹਰੀ ਮਾਰ ਪਈ ਹੈ।

ਮਿਲੀ ਜਾਣਕਾਰੀ ਅਨੁਸਾਰ ਪਹਿਲਾਂ ਅਨਾਜ ਮੰਡੀਆਂ ਵਿੱਚ 3500 ਤੋਂ 3800 ਰੁਪਏ ਨੂੰ ਵਿਕਦੀ ਪੂਸਾ-1121 ਬਾਸਮਤੀ ਦੇ ਮੁੱਲ ਵਿੱਚ 1500 ਰੁਪਏ ਤੱਕ ਦੀ ਗਿਰਾਵਟ ਆ ਗਈ ਹੈ। ਖਰੀਦਦਾਰ ਨਾ ਹੋਣ ਕਾਰਨ ਕੁਝ ਮੰਡੀਆ 'ਚ ਤਾਂ ਇਸ ਤੋਂ ਵੀ ਘੱਟ ਮੁੱਲ ਉੱਤੇ ਇਸ ਨੂੰ ਵੇਚਿਆ ਜਾ ਰਿਹਾ ਹੈ। ਵਰਨਣ ਯੋਗ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਲੱਖਾਂ ਕਿਸਾਨ ਪੂਸਾ 1121 ਅਤੇ ਹੋਰ ਕਿਸਮ ਦੀ ਬਾਸਮਤੀ ਦੀ ਫਸਲ ਅਰਬ ਦੇਸ਼ ਈਰਾਨ ਆਦਿ ਨੂੰ ਭੇਜਣ ਲਈ ਹੀ ਬੀਜਦੇ ਹਨ। ਕੇਂਦਰ ਸਰਕਾਰ ਵੱਲੋਂ ਸਿਰਫ ਪਰਮਲ ਚੌਲ ਦੀ ਖਰੀਦ ਕੀਤੀ ਜਾਂਦੀ ਹੈ। ਬਾਸਮਤੀ ਦੀ ਖਰੀਦ ਆੜ੍ਹਤੀਆਂ ਰਾਹੀਂ ਰਾਈਸ ਸ਼ੈਲਰਾਂ ਦੇ ਮਾਲਕ ਕਰਦੇ ਹਨ। ਸਥਾਨਕ ਭਗਤਾਂਵਾਲਾ ਅਨਾਜ ਮੰਡੀ ਦੇ ਸਾਬਕਾ ਪ੍ਰਧਾਨ ਨਰਿੰਦਰ ਕੁਮਾਰ ਬਹਿਲ ਨੇ ਦੱਸਿਆ ਕਿ ਇਸ ਵਾਰ ਮੀਂਹ ਕਾਰਨ ਬਾਸਮਤੀ ਦੀ ਫਸਲ ਦਾ ਝਾੜ 14 ਤੋਂ 15 ਕੁਇੰਟਲ ਤੱਕ ਰਹਿ ਗਿਆ ਹੈ, ਜੋ ਕਿ ਪਹਿਲਾਂ 20 ਤੋਂ 22 ਕੁਇੰਟਲ ਹੁੰਦਾ ਸੀ। ਇਕੱਲਾ ਈਰਾਨ ਹੀ ਭਾਰਤ ਤੋਂ ਅੱਠ ਲੱਖ ਮੀਟ੍ਰਿਕ ਟਨ ਬਾਸਮਤੀ ਖਰੀਦ ਕਰਦਾ ਸੀ, ਜੋ ਬੰਦ ਹੋ ਗਈ ਹੈ। ਕਿਸਾਨਾਂ ਦੀ ਬਾਸਮਤੀ ਦਾ ਪਹਿਲਾਂ ਝਾੜ ਘੱਟ ਹੋਇਆ ਤੇ ਫਿਰ ਮੁੱਲ ਵਿੱਚ ਵੀ 1500 ਰੁਪਏ ਤੱਕ ਦੀ ਗਿਰਾਵਟ ਆ ਜਾਣ ਨਾਲ ਉਨ੍ਹਾਂ ਨੂੰ ਦੋਹਰੀ ਮਾਰ ਵੱਜੀ ਹੈ। ਰਾਈਸ ਮਿੱਲਰ ਰਾਜੇਸ਼ ਸੇਤੀਆ ਨੇ ਦੱਸਿਆ ਕਿ ਭਾਰਤੀ ਬਾਸਮਤੀ ਦੀ ਵੱਡੀ ਮੰਡੀ ਈਰਾਨ ਹੈ, ਜੋ ਇਸ ਸਮੇਂ ਖਤਮ ਹੋ ਚੁੱਕੀ ਹੈ।

# ਕਾਂਗਰਸੀ ਆਗੂ ਨਾਨੋਵਾਲ ਦੇ ਪਿਤਾ ਦਾ ਕਤਲ




ਬਲਾਚੌਰ, 18 ਨਵੰਬਰ (ਪੋਸਟ ਬਿਊਰੋ)- ਬਲਾਕ ਸੜੋਆ ਦੇ ਪਿੰਡ ਨਾਨੋਵਾਲ ਦੇ ਸੀਨੀਅਰ ਕਾਂਗਰਸੀ ਆਗੂ ਅਸ਼ੋਕ ਨਾਨੋਵਾਲ ਦੇ ਪਿਤਾ ਦਾ ਭੇਤ ਭਰੀ ਹਾਲਤ ਵਿੱਚ ਕਤਲ ਹੋਣ ਦਾ ਸਮਾਚਾਰ ਹੈ।

ਥਾਣਾ ਪੋਜੇਵਾਲ ਦੇ ਐੱਸ ਐੱਚ ਓ ਜਾਹਰ ਸਿੰਘ ਨੇ ਦੱਸਿਆ ਕਿ ਅਸ਼ੋਕ ਕੁਮਾਰ ਨਾਨੋਵਾਲ ਨੇ ਬਿਆਨ ਦਿੱਤੇ ਹਨ ਕਿ ਉਨ੍ਹਾਂ ਦੇ ਪਿਤਾ ਗੁਲਜ਼ਾਰੀ ਲਾਲ (78) ਉਨ੍ਹਾਂ ਦੀ ਰਿਹਾਇਸ਼ ਗੜ੍ਹਸ਼ੰਕਰ ਤੋਂ ਕੁਝ ਦਿਨ ਪਹਿਲਾਂ ਪਿੰਡ ਨਾਨੋਵਾਲ ਆਏ ਸੀ ਅਤੇ ਰੋਜ਼ ਦੀ ਤਰ੍ਹਾਂ ਆਪਣੇ ਘਰ ਅੰਦਰ ਸੌਂ ਗਏ। ਜਦੋਂ ਉਹ ਕੱਲ੍ਹ ਸਵੇਰੇ ਉਨ੍ਹਾਂ ਦੇ ਫੋਨ ਨਾ ਚੁੱਕਣ 'ਤੇ ਰੋਟੀ ਲੈ ਕੇ 12.30 ਵਜੇ ਆਇਆ ਤਾਂ ਉਨ੍ਹਾਂ ਨੂੰ ਆਪਣੇ 'ਤੇ ਰਜਾਈ ਲਿਆ ਵੇਖਿਆ। ਉਸ ਦੇ ਪਿਤਾ ਖੂਨ ਨਾਲ ਲਥਪਥ ਸੀ, ਗਰਦਨ ਉਤੇ ਟੱਕ, ਮੱਥੇ ਉੱਤੇ ਕੱਟ ਅਤੇ ਹੋਰ ਕਈ ਜਗ੍ਹਾ ਸੱਟਾਂ ਸਨ। ਉਨ੍ਹਾਂ ਨੇ ਆਲੇ ਦੁਆਲੇ ਦੇ ਲੋਕਾਂ ਨੂੰ ਇਕੱਠੇ ਕੀਤਾ ਤੇ ਥਾਣਾ ਪੋਜੇਵਾਲ ਵਿਖੇ ਸੂਚਨਾ ਦਿੱਤੀ ਕਿ ਉਸ ਦੇ ਪਿਤਾ ਦਾ ਕਿਸੇ ਨੇ ਕਤਲ ਕੀਤਾ ਹੈ। ਉਸ ਨੇ ਕਿਹਾ ਕਿ ਉਸ ਨੂੰ ਸ਼ੱਕ ਹੈ ਕਿ ਕਿਸੇ ਲੁਟੇਰੇ ਜਾਂ ਨਸ਼ੇੜੀਆਂ ਨੇ ਮੇਰੇ ਪਿਤਾ ਦਾ ਕਤਲ ਕੀਤਾ ਹੈ ਅਤੇ ਉਨ੍ਹਾਂ ਦੀ ਜੇਬ 'ਚੋਂ ਰੁਪਏ ਵੀ ਕੱਢ ਕੇ ਲੈ ਗਏ ਹਨ। ਪੁਲਸ ਨੇ ਮ੍ਰਿਤਕ ਦੇ ਪੁੱਤਰ ਦੇ ਬਿਆਨਾਂ ਦੇ ਆਧਾਰ 'ਤੇ ਪਰਚਾ ਦਰਜ ਕਰ ਕੇ ਕਾਰਵਾਈ ਸ਼ੁਰੂ ਕੀਤੀ ਹੈ।

ਮੌਕੇ 'ਤੇ ਪੁੱਜੇ ਐੱਸ ਐੱਸ ਪੀ ਨਵਾਂ ਸ਼ਹਿਰ ਅਲਕਾ ਮੀਨਾ ਅਤੇ ਐੱਸ ਪੀ ਵਜ਼ੀਰ ਸਿੰਘ ਖਹਿਰਾ ਨਾਲ ਆਈਆਂ ਪੁਲਸ ਦੀਆਂ ਟੀਮਾਂ ਨੇ ਉਂਗਲਾਂ ਦੇ ਨਿਸ਼ਾਨ ਅਤੇ ਹੋਰ ਐਂਗਲਾਂ 'ਤੇ ਸਰਚ ਕਰ ਕੇ ਕਾਤਲ ਨੂੰ ਲੱਭਣਾ ਸ਼ੁਰੂ ਕਰ ਦਿੱਤਾ ਹੈ। ਐੱਸ ਐੱਸ ਪੀ ਨਵਾਂ ਸ਼ਹਿਰ ਅਲਕਾ ਮੀਨਾ ਨੇ ਕਿਹਾ ਕਿ ਪੁਲਸ ਕਾਤਲਾਂ ਦੀ ਭਾਲ ਕਰ ਰਹੀ ਹੈ, ਜਲਦ ਫੜੇ

# ਡਿਊਟੀ ਉੱਤੇ ਜਾਂਦੇ ਕਮਾਂਡੋ ਫੋਰਸ ਦੇ ਸਿਪਾਹੀ ਦੀ ਰਾਈਫਲ ਚੋਰੀ

ਖੰਨਾ, 18 ਨਵੰਬਰ (ਪੋਸਟ ਬਿਊਰੋ)- ਡਿਊਟੀ ਉਤੇ ਜਾ ਰਹੇ ਕਮਾਂਡੋ ਫੋਰਸ ਦੇ ਇੱਕ ਸਿਪਾਹੀ ਦੀ ਅਸਾਲਟ ਏ ਕੇ 47 ਰਾਈਫਲ ਦੇ ਨਾਲ 100 ਜ਼ਿੰਦਾ ਕਾਰਤੂਸ, ਪੁਲਸ ਵਰਦੀ ਅਤੇ ਚਾਰ ਮੈਗਜ਼ੀਨ ਬਸ ਯਾਤਰਾ ਦੌਰਾਨ ਕਿਸੇ ਨੇ ਚੋਰੀ ਕਰ ਲਏ। ਪੁਲਸ ਨੇ ਲਾਪਰਵਾਹੀ ਦੇ ਦੋਸ਼ ਵਿੱਚ ਕਾਂਸਟੇਬਲ ਤਸਵੀਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ।

ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਅਤੇ ਡੀ ਜੀ ਪੀ ਪੰਜਾਬ ਦੇ ਨਿਰਦੇਸ਼ਾਂ ਉੱਤੇ ਪੂਰੇ ਪੰਜਾਬ ਦੇ ਸਿਟੀ ਥਾਣਿਆਂ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਬਾਰੇ ਪੁਲਸ ਮੁਲਾਜ਼ਮਾਂ ਦੀਆਂ ਸੁਲਤਾਨਪੁਰ ਲੋਧੀ 'ਚ ਡਿਊਟੀਆਂ ਲਾਈਆਂ ਗਈਆਂ ਸਨ, ਜਿਸ ਕਾਰਨ ਇਹ ਮੁਲਾਜ਼ਮ ਵੀ ਡਿਊਟੀ 'ਤੇ ਗਿਆ ਸੀ। ਇੱਕ ਪਾਸੇ ਉਸ ਦੇ ਸਾਰੇ ਸਾਥੀਆਂ ਨੇ ਡਿਊਟੀ ਖਤਮ ਕਰਨ ਪਿੱਛੋਂ ਆਪੋ-ਆਪਣੇ ਹੈਡਕੁਆਰਟਰ ਵਿੱਚ ਆਪਣੀ ਹਾਜ਼ਰੀ ਯਕੀਨੀ ਬਣਾ ਲਈ, ਦੂਜੇ ਪਾਸੇ ਫਰਲੋ ਮਾਰਨ ਦੇ ਉਦੇਸ਼ ਨਾਲ ਤਸਵੀਰ ਸਿੰਘ ਹਥਿਆਰ ਸਮੇਤ ਜ਼ਿਲਾ ਬਟਾਲਾ 'ਚ ਆਪਣੇ ਘਰ ਚਲਾ ਗਿਆ ਸੀ। ਇਸ ਦੌਰਾਨ ਸੰਬੰਧਤ ਅਧਿਕਾਰੀਆਂ ਨੇ ਡਿਊਟੀ 'ਤੇ ਨਾ ਪਰਤਣ ਕਾਰਨ ਜਦੋਂ ਉਸ ਦੇ ਮੋਬਾਈਲ 'ਤੇ ਕਾਲ ਕੀਤੀ ਤਾਂ ਉਸ ਦਾ ਫੋਨ ਸਵਿੱਚ ਆਫ ਮਿਲਿਆ। ਕੱਲ੍ਹ ਉਹ ਬਟਾਲਾ ਤੋਂ ਜਲੰਧਰ-ਲੁਧਿਆਣਾ ਹੁੰਦਾ ਵਾਪਸ ਪਟਿਆਲਾ ਜਾ ਰਿਹਾ ਸੀ ਤਾਂ ਖੰਨਾ ਨੇੜੇ ਪੁੱਜਣ 'ਤੇ ਉਸ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਉਸ ਦਾ ਬੈਗ, ਜਿਸ ਵਿੱਚ ਹਥਿਆਰ ਅਤੇ ਹੋਰ ਸਾਮਾਨ ਸੀ, ਗਾਇਬ ਹੈ। ਘਬਰਾਹਟ ਵਿੱਚ ਉਹ ਖੰਨਾ ਉਤਰਨ ਪਿੱਛੋਂ ਬੈਗ ਲੱਭਣ ਲਈ ਇਧਰ ਉਧਰ ਭਟਕਦਾ ਰਿਹਾ, ਜਦੋਂ ਉਸ ਨੂੰ ਪਤਾ ਨਾ ਲੱਗਾ ਤਾਂ ਘਟਨਾ ਦੀ ਸੂਚਨਾ ਆਪਣੇ ਹੈਡਕੁਆਰਟਰ ਦੇ ਨਾਲ ਸਿਟੀ-1 ਪੁਲਸ ਨੂੰ ਦਿੱਤੀ। ਪੁਲਸ ਨੇ ਵੀ ਕਾਫੀ ਖੋਜ ਕੀਤੀ, ਪਰ ਬੈਗ ਨਾ ਮਿਲਣ ਕਾਰਨ ਮਾਮਲਾ ਐਸ ਐਸ ਪੀ ਅਤੇ ਹੋਰ ਅਧਿਕਾਰੀਆਂ ਦੇ ਸਾਹਮਣੇ ਲਿਆਂਦਾ ਗਿਆ, ਜਿਨ੍ਹਾਂ ਦੇ ਹੁਕਮਾਂ ਉੱਤੇ ਪੁਲਸ ਨੇ ਕੇਸ ਦਰਜ ਕਰ ਕੇ ਮੁਲਾਜ਼ਮ ਨੂੰ ਗ੍ਰਿਫਤਾਰ ਕਰ ਲਿਆ। ਪੁੱਛਗਿੱਛ ਦੌਰਾਨ ਤਸਵੀਰ ਨੇ ਦੱਸਿਆ ਕਿ ਲੁਧਿਆਣੇ ਤੋਂ ਬਾਅਦ ਬਸ ਕਾਫੀ ਖਾਲੀ ਹੋ ਗਈ ਸੀ, ਪਰ ਉਸ ਦੇ ਨਾਲ ਇੱਕ ਔਰਤ ਬੈਠੀ ਸੀ। ਉਸ ਨੂੰ ਸ਼ੱਕ ਹੈ ਕਿ ਉਸੇ ਔਰਤ ਨੇ ਬੈਗ ਚੋਰੀ ਕੀਤਾ ਹੈ। ਔਰਤ ਇਸ ਗੱਲ ਤੋਂ ਜਾਣੂ ਸੀ ਕਿ ਬੈਗ ਵਿੱਚ ਅਸਲੇ ਦੇ ਨਾਲ ਪੁਲਸ ਵਰਦੀ ਵੀ ਸੀ। ਹੋ ਸਕਦਾ ਹੈ ਕਿ ਉਸ ਨੇ ਨਕਦੀ ਹੋਣ ਦੇ ਸ਼ੱਕ ਨਾਲ ਬੈਗ ਨੂੰ ਚੋਰੀ ਕਰ ਲਿਆ ਹੋਵੇ।

# ਪੰਜਾਬ ਯੂਥ ਕਾਂਗਰਸ ਦੀ ਚੌਧਰ ਲਈ ਮੰਤਰੀਆਂ ਤੇ ਵਿਧਾਇਕਾਂ ਦੇ ਕਾਕਿਆਂ ਵਿੱਚ ਮੁਕਾਬਲਾ

ਪਟਿਆਲਾ, 18 ਨਵੰਬਰ (ਪੋਸਟ ਬਿਊਰੋ)- ਪੰਜਾਬ ਯੂਥ ਕਾਂਗਰਸ ਦੀਆਂ ਚੋਣਾਂ ਦੇ ਲਈ ਮੰਤਰੀਆਂ, ਵਿਧਾਇਕਾਂ, ਮੁੱਖ ਮੰਤਰੀ ਦੇ ਸਲਾਹਕਾਰਾਂ ਅਤੇ ਓ ਐੱਸ ਡੀਜ਼ ਦੇ ਕਾਕੇ ਜਾਂ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਮੈਦਾਨ ਵਿੱਚ ਹਨ।

ਇਸ ਸੰਬੰਧ ਵਿੱਚ ਆਲ ਇੰਡੀਆ ਯੂਥ ਕਾਂਗਰਸ ਨੇ ਸੂਬਾ ਪ੍ਰਧਾਨਗੀ ਦੀ ਚੋਣ ਲਈ ਜੋ ਪ੍ਰਫਾਰਮਰ ਲਿਸਟ ਜਾਰੀ ਕੀਤੀ ਹੈ, ਉਸ ਵਿੱਚ ਰੋਪੜ ਦੇ ਬਰਿੰਦਰ ਸਿੰਘ ਢਿੱਲੋਂ, ਸੰਗਰੂਰ ਦੇ ਦਮਨ ਬਾਜਵਾ, ਪਟਿਆਲਾ ਦੇ ਧਨਵੰਤ ਸਿੰਘ ਜਿੰਮੀ ਡਕਾਲਾ, ਲੁਧਿਆਣਾ ਦੇ ਇਕਬਾਲ ਸਿੰਘ ਗਰੇਵਾਲ, ਮੋਗਾ ਦੇ ਜਸਵਿੰਦਰ ਸਿੰਘ ਜੱਸੀ, ਲੁਧਿਆਣਾ ਦੇ ਪਰਵਿੰਦਰ ਲਾਪਰਾਂ, ਪਟਿਆਲਾ ਦੇ ਬੰਨੀ ਖਹਿਰਾ ਅਤੇ ਮੋਹਾਲੀ ਦੇ ਗੁਰ-ਜੋਤ ਢੀਂਡਸਾ ਮੈਦਾਨ ਵਿੱਚ ਹਨ। ਇਸੇ ਤਰ੍ਹਾਂ ਸੂਬਾਈ ਜਨਰਲ ਸਕੱਤਰ ਦੀਆਂ ਚੋਣਾਂ ਵਿੱਚ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਦੇ ਸਪੁੱਤਰ ਤੇ ਪੰਜਾਬ ਯੂਥ ਕਾਂਗਰਸ ਦੇ ਮੌਜੂਦਾ ਜਨਰਲ ਸਕੱਤਰ ਮੋਹਿਤ ਮਹਿੰਦਰਾ, ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦਾ ਸਪੁੱਤਰ ਅਤੇ ਮਾਲ ਮੰਤਰੀ ਸੁੱਖ ਸਰਕਾਰੀਆ ਦੇ ਸਪੁੱਤਰ ਸਮੇਤ ਕਈ ਵਿਧਾਇਕਾਂ ਦੇ ਨਜ਼ਦੀਕੀ ਰਿਸ਼ਤੇਦਾਰ ਮੈਦਾਨ ਵਿੱਚ ਹਨ।

ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਰੋਪੜ ਦੇ ਵਰਿੰਦਰ ਸਿੰਘ ਢਿੱਲੋਂ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਓ ਐੱਸ ਡੀ ਕੈਪਟਨ ਸੰਦੀਪ ਸੰਧੂ ਦਾ ਅਸ਼ੀਰਵਾਦ ਹੈ ਤੇ ਸੰਗਰੂਰ ਦੇ ਦਮਨ ਬਾਜਵਾ ਨੂੰ ਮੁੱਖ ਮੰਤਰੀ ਦੇ ਓ ਐੱਸ ਡੀ ਮੇਜਰ ਅਮਰਦੀਪ ਸਿੰਘ ਦੀ ਹਮਾਇਤ ਹੈ। ਏਸੇ ਤਰ੍ਹਾਂ ਲੁਧਿਆਣਾ ਦੇ ਇਕਬਾਲ ਸਿੰਘ ਗਰੇਵਾਲ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਭ ਤੋਂ ਨੇੜਲੇ ਸਲਾਹਕਾਰ ਭਰਤਇੰਦਰ ਸਿੰਘ ਚਹਿਲ ਦਾ ਅਸ਼ੀਰਵਾਦ ਪ੍ਰਾਪਤ ਹੈ। ਇਕਬਾਲ ਸਿੰਘ ਗਰੇਵਾਲ ਅਸਲ ਵਿੱਚ ਭਰਤਇੰਦਰ ਸਿੰਘ ਦੇ ਪੁੱਤਰ ਬਿਕਰਮਜੀਤਇੰਦਰ ਸਿੰਘ ਦਾ ਸਾਲਾ ਹੈ। ਇਸ ਸਮੇਂ ਉਹ ਕਾਂਗਰਸ ਦੇ ਵਿਦਿਆਰਥੀ ਸੰਗਠਨ ਐੱਨ ਐੱਸ ਯੂ ਆਈ ਦਾ ਆਲ ਇੰਡੀਆ ਸਕੱਤਰ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਜ਼ਿਲਾ ਪਟਿਆਲਾ ਦਿਹਾਤੀ ਦੀ ਯੂਥ ਕਾਂਗਰਸ ਪ੍ਰਧਾਨਗੀ ਲਈ ਬੜੀ ਦਿਲਚਸਪ ਹਾਲਤ ਹੈ। ਇਥੇ ਜੀਜਾ-ਸਾਲਾ ਆਹਮੋ-ਸਾਹਮਣੇ ਹਨ। ਜ਼ਿਲਾ ਪਟਿਆਲਾ ਦਿਹਾਤੀ ਦੇ ਦੋ ਦਹਾਕਾ ਪ੍ਰਧਾਨ ਰਹੇ ਅਤੇ ਰਾਜਪੁਰਾ ਦੇ ਵਿਧਾਇਕ ਹਰਦਿਆਲ ਸਿੰਘ ਕੰਬੋਜ ਦੇ ਸਪੁੱਤਰ ਨਿਰਭੈ ਸਿੰਘ ਮਿਲਟੀ ਜ਼ਿਲਾ ਪ੍ਰਧਾਨਗੀ ਦੀ ਚੋਣ ਲੜ ਰਹੇ ਹਨ।

# ਫੂਲਕਾ ਨੇ ਡਿਕਸ਼ਨਰੀ ਵਿੱਚੋਂ ਪੰਥ ਦਾ ਅੰਗਰੇਜ਼ੀ ਸ਼ਬਦ ਬਦਲਾਉਣ ਦੀ ਮੰਗ ਕੀਤੀ

*** ਅਕਾਲ ਤਖਤ ਦੇ ਜਥੇਦਾਰ ਨੂੰ ਵਿਦਵਾਨਾਂ ਦੀ ਕਮੇਟੀ ਬਣਾਉਣ ਦੀ ਸਲਾਹ**



ਅੰਮ੍ਰਿਤਸਰ, 18 ਨਵੰਬਰ (ਪੋਸਟ ਬਿਊਰੋ)- ਸਿੱਖ ਪੰਥ ਬਾਰੇ ਡਿਕਸ਼ਨਰੀ ਵਿੱਚ 'ਕਲਟ' ਸ਼ਬਦ ਦੀ ਵਰਤੋਂ ਉਤੇ ਸਵਾਲ ਚੁੱਕਦੇ ਹੋਏ ਸੀਨੀਅਰ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਲਿਖ ਕੇ ਇਹ ਸ਼ਬਦ ਡਿਕਸ਼ਨਰੀ ਵਿੱਚੋਂ ਬਦਲਾਉਣ ਲਈ ਸਿੱਖ ਵਿਦਵਾਨਾਂ ਦੀ ਕਮੇਟੀ ਬਣਾਉਣ ਦੀ ਸਲਾਹ ਦਿੱਤੀ ਹੈ।

ਉਨ੍ਹਾਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ 14 ਨਵੰਬਰ ਨੂੰ ਲਿਖੀ ਚਿੱਠੀ ਦੇ ਹਵਾਲੇ ਨਾਲ ਕਿਹਾ ਕਿ ਸੁਪਰੀਮ ਕਰੋਟ ਵੱਲੋਂ ਅਯੁੱਧਿਆ ਮਾਮਲੇ ਵਿੱਚ ਦਿੱਤੇ ਗਏ ਫੈਸਲੇ ਦੇ ਜੋੜ ਵਿੱਚ ਸ਼ਬਦ 'ਸਿੱਖ ਕਲਟ' ਦੀ ਵਰਤੋਂ ਕੀਤੀ ਗਈ ਹੈ, ਜਿਸ ਦਾ ਪੰਜਾਬੀ 'ਚ ਅਰਥ ਡਿਕਸ਼ਨਰੀ ਵਿੱਚ ਪੰਥ ਲਿਖਿਆ ਹੋਇਆ ਹੈ।

ਐੱਚ ਐੱਸ ਫੂਲਕਾ ਨੇ ਕਿਹਾ ਕਿ ਇਹ ਸ਼ਬਦ ਕਿਸੇ ਇੱਕ ਡਿਕਸ਼ਨਰੀ ਵਿੱਚ ਨਹੀਂ, ਸਗੋਂ ਮੰਨੀਆਂ-ਪ੍ਰਮੰਨੀਆਂ ਕਈ ਡਿਕਸ਼ਨਰੀਆਂ ਵਿੱਚ ਸ਼ਾਮਲ ਹੈ। ਅੰਗਰੇਜ਼ੀ ਵਿੱਚ ਇਸ ਲਫਜ਼ ਨੂੰ ਬਹੁਤਾ ਚੰਗਾ ਨਹੀਂ ਸਮਝਿਆ ਜਾਂਦਾ, ਪਰ ਅਸੀ ਪੰਜਾਬੀ ਵਿੱਚ 'ਸਿੱਖ ਪੰਥ' ਸ਼ਬਦ ਸਿੱਖ ਧਰਮ ਲਈ ਵਰਤਦੇ ਹੋਣ ਕਰ ਕੇ ਜਾਂ ਡਿਕਸ਼ਨਰੀ ਵਿੱਚ ਸਿੱਖ ਪੰਥ ਨੂੰ ਰਿਲੀਜਨ ਲਿਖਵਾਇਆ ਜਾਵੇ ਜਾਂ ਇਸ ਸ਼ਬਦ ਨੂੰ ਡਿਕਸ਼ਨਰੀ ਵਿੱਚੋਂ ਹਟਾਇਆ ਜਾਵੇ। ਐਡਵੋਕੇਟ ਫੂਲਕਾ ਨੇ ਕਿਹਾ ਕਿ ਇਹ ਉਨ੍ਹਾਂ ਦਾ ਨਿੱਜੀ ਵਿਚਾਰ ਹੈ, ਇਸ ਦੇ ਲਈ ਸਿੱਖ ਵਿਦਵਾਨਾਂ ਦੀ ਇੱਕ ਕਮੇਟੀ ਬਣਾ ਕੇ ਇਸ ਮੁੱਦੇ 'ਤੇ ਵਿਚਾਰ ਕੀਤਾ ਜਾਵੇ ਤਾਂ ਕਿ ਅੱਗੇ ਤੋਂ ਕੋਈ ਸਿੱਖ ਪੰਥ ਦਾ ਗਲਤ ਤਜਰਮਾ ਨਾ ਕਰ ਸਕੇ।

# ਕੈਨੇਡਾ ਦੀ ਥਾਂ ਵੀਅਤਨਾਮ ਭੇਜ ਕੇ ਦਸ ਲੱਖ ਠੱਗਣ ਵਾਲਾ ਏਜੰਟ ਗ੍ਰਿਫਤਾਰ



ਜਲੰਧਰ, 18 ਨਵੰਬਰ (ਪੋਸਟ ਬਿਊਰੋ)- ਥਾਣਾ ਗੋਰਾਇਆ ਹੇਠਲੀ ਪੁਲਸ ਚੌਕੀ ਦੁਸਾਂਝ ਕਲਾਂ ਦੀ ਪੁਲਸ ਨੇ ਕੈਨੇਡਾ ਭੇਜਣ ਦੇ ਨਾਂਅ ਉੱਤੇ ਇੱਕ ਨੌਜਵਾਨ ਨੂੰ ਵੀਅਤਨਾਮ ਭੇਜ ਕੇ ਦਸ ਲੱਖ ਰੁਪਏ ਦੀ ਠੱਗੀ ਕਰਨ ਵਾਲੇ ਟਰੈਵਲ ਏਜੰਟ ਨੂੰ ਗ੍ਰਿਫਤਾਰ ਕੀਤਾ ਹੈ। ਏਜੰਟ ਦੀ ਪਛਾਣ ਠੱਗੀ ਦੇ 20 ਕੇਸਾਂ ਵਿੱਚ ਨਾਮਜ਼ਦ ਪੰਜਾਬੀ ਬਾਗ ਮਕਸੂਦਾਂ ਦੇ ਅਵਤਾਰ ਸਿੰਘ ਮੁੰਡੀ ਵਜੋਂ ਹੋਈ ਹੈ। ਇਸ ਧੰਦੇ ਵਿੱਚ ਉਸ ਦਾ ਸਾਥ ਦੇਣ ਵਾਲੀ ਉਸ ਦੀ ਪਤਨੀ ਬਲਦੀਪ ਕੌਰ ਫਰਾਰ ਹੈ।

ਕੱਲ੍ਹ ਪੁਲਸ ਨੂੰ ਸੂਚਨਾ ਮਿਲੀ ਕਿ ਦੋਸ਼ੀ ਅਵਤਾਰ ਸਿੰਘ ਪਠਾਨਕੋਟ ਰੋਡ ਉਤੇ ਪਿੰਡ ਰਾਏਪੁਰ ਬੱਲਾਂ ਵਿੱਚ ਰਹਿ ਰਿਹਾ ਹੈ। ਪੁਲਸ ਨੇ ਰੇਡ ਕਰ ਕੇ ਦੋਸ਼ੀ ਨੂੰ ਉਸ ਸਮੇਂ ਗ੍ਰਿਫਤਾਰ ਕੀਤਾ, ਜਦ ਉਹ ਕਾਰ ਵਿੱਚ ਹੀ ਸੁੱਤਾ ਪਿਆ ਸੀ। ਚੌਕੀ ਇੰਚਾਰਜ ਏ ਐੱਸ ਆਈ ਲਾਭ ਸਿੰਘ ਨੇ ਦੱਸਿਆ ਕਿ ਪਿੰਡ ਵਿਰਕ ਬਹੋਦੀਪੁਰ, ਗੋਰਾਇਆ ਦੀ ਕਿਰਨਦੀਪ ਕੌਰ ਪਤਨੀ ਬਲਜਿੰਦਰ ਸਿੰਘ ਨੇ ਮਈ 2019 ਵਿੱਚ ਐੱਸ ਐੱਸ ਪੀ ਦਫਤਰ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸ ਜੋੜੇ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਉਸ ਦੇ ਬੇਟੇ ਸੁਖਪ੍ਰੀਤ ਸਿੰਘ ਨੂੰ ਕੈਨੇਡਾ ਭਿਜਵਾ ਦੇਣਗੇ, ਜਿਸ ਦਾ ਖਰਚ 25 ਲੱਖ ਰੁਪਏ ਆਏਗਾ। ਉਨ੍ਹਾਂ ਨੇ ਦੋਸ਼ੀਆਂ ਦੀ ਗੱਲ ਮੰਨ ਲਈ ਅਤੇ ਸੌਦੇ ਮੁਤਾਬਕ ਚਾਰ ਕਿਸ਼ਤਾਂ ਵਿੱਚ 21.50 ਲੱਖ ਰੁਪਏ ਦੇ ਦਿੱਤੇ, ਪਰ ਉਨ੍ਹਾਂ ਨੇ ਉਸ ਦੇ ਬੇਟੇ ਨੂੰ ਨਵੀਂ ਦਿੱਲੀ ਤੋਂ ਵੀਅਤਨਾਮ ਭੇਜ ਦਿੱਤਾ ਅਤੇ ਅੱਗੇ ਕੈਨੇਡਾ ਨਹੀਂ ਭਿਜਵਾਇਆ। ਵੀਅਤਨਾਮ ਵਿੱਚ ਉਨ੍ਹਾਂ ਦੇ ਬੇਟੇ ਨੂੰ ਆਪਣੀ ਰੋਟੀ ਦੇ ਲਾਲੇ ਪੈ ਗਏ ਤਾਂ ਵਾਪਸ ਮੁੜਨਾ ਪਿਆ। ਏ ਐੱਸ ਆਈ ਲਾਭ ਨੇ ਦੱਸਿਆ ਕਿ ਉਕਤ ਸ਼ਿਕਾਇਤ ਦੀ ਜਾਂਚ ਆਰਥਿਕ ਅਪਰਾਧ ਸੈੱਲ ਨੇ ਕੀਤੀ ਸੀ। ਜਿਸ ਵਿੱਚ ਸ਼ਿਕਾਇਤ ਕਰਤਾ ਧਿਰ ਸਿਰਫ ਦਸ ਲੱਖ ਰੁਪਏ ਸਾਬਿਤ ਕਰ ਸਕੀ। ਐਸ ਐਸ ਪੀ ਦਫਤਰ ਦੇ ਹੁਕਮ ਉਤੇ ਉਕਤ ਦੋਸ਼ੀ ਜੋੜੇ ਦੇ ਖਿਲਾਫ ਥਾਣਾ ਗੋਰਾਇਆ ਵਿੱਚ ਦਸ ਲੱਖ ਦੀ ਠੱਗੀ ਦਾ ਕੇਸ ਦਰਜ ਕਰ ਲਿਆ ਸੀ। ਮਕਸੂਦਾਂ ਵਾਸੀ ਇਹ ਜੋੜਾ ਪਿਛਲੇ 19 ਸਾਲ ਤੋਂ ਵੱਧ ਸਮੇਂ ਤੋਂ ਲੋਕਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਕਰੋੜਾਂ ਰੁਪਏ ਠੱਗ ਚੁੱਕਾ ਹੈ। ਪੁਲਸ ਰਿਕਾਰਡ ਦੇ ਅਨੁਸਾਰ ਦੋਸ਼ੀ ਅਵਤਾਰ ਸਿੰਘ ਦੇ ਖਿਲਾਫ ਸਾਲ 2000 ਤੋਂ 2019 ਦੇ ਵਿੱਚ ਜਲੰਧਰ, ਅੰਮ੍ਰਿਤਸਰ ਅਤੇ ਕਪੂਰਥਲਾ ਵਿੱਚ ਵਿਦੇਸ਼ ਭੇਜਣ ਦੇ ਨਾਂਅ 'ਤੇ 13, ਪ੍ਰਾਪਰਟੀ ਫਰਾਡ ਦੇ ਚਾਰ ਅਤੇ ਬੈਂਕ ਫਰਾਡ ਦੇ ਤਿੰਨ ਕੇਸ ਦਰਜ ਹੋ ਚੁੱਕੇ ਹਨ, ਜਿਨ੍ਹਾਂ ਵਿੱਚੋਂ ਨੌਂ ਮਾਮਲਿਆਂ ਵਿੱਚ ਉਸ ਦੇ ਨਾਲ ਉਸ ਦੀ ਪਤਨੀ ਬਲਦੀਪ ਕੌਰ ਵੀ ਨਾਮਜ਼ਦ ਸੀ।

# ਕਤਲ ਕੇਸ ਵਿੱਚ ਲੋੜੀਂਦੇ ਪਿਤਾ-ਪੁੱਤਰ ਰਿਵਾਲਵਰ ਸਮੇਤ ਕਾਬੂ

ਕੋਟਕਪੂਰਾ, 18 ਨਵੰਬਰ (ਪੋਸਟ ਬਿਊਰੋ)- ਕੱਲ੍ਹ ਸ਼ਾਮ ਨੇੜਲੇ ਪਿੰਡ ਲਾਲੇਆਣਾ ਤੋਂ ਢੈਪਈ ਨੂੰ ਜਾਣ ਵਾਲੀ ਸੜਕ 'ਤੇ ਕਿਸਾਨ ਰਾਈਸ ਮਿਲ ਵਿਖੇ ਹੋਈ ਗੋਲੀਬਾਰੀ ਵਿੱਚ ਮਾਰੇ ਗਏ ਨੌਜਵਾਨ ਦੇ ਕਤਲ ਕੇਸ ਵਿੱਚ ਨਾਮਜ਼ਦ ਪਿਓ-ਪੁੱਤਰ ਨੂੰ ਪੁਲਸ ਨੇ ਕਾਬੂ ਕਰ ਕੇ ਉਨ੍ਹਾਂ ਕੋਲੋਂ ਕਤਲ ਲਈ ਵਰਤਿਆ ਗਿਆ ਰਿਵਾਲਵਰ ਵੀ ਬਰਾਮਦ ਕਰ ਲਿਆ ਹੈ।

ਵਰਨਣ ਯੋਗ ਹੈ ਕਿ ਕੱਲ੍ਹ ਸ਼ਾਮ ਆਪਣੇ ਰਿਵਾਲਵਰ ਨਾਲ ਗੋਲੀ ਮਾਰ ਕੇ ਸ਼ੈਲਰ ਮਾਲਕਾਂ ਨੇ ਮਨਦੀਪ ਸਿੰਘ ਨਾਂਅ ਦੇ ਨੌਜਵਾਨ ਨੂੰ ਮਾਰ ਦਿੱਤਾ ਸੀ। ਇਸ ਬਾਰੇ ਸੁਖਦੀਪ ਸਿੰਘ ਪੁੱਤਰ ਇੰਦਰਜੀਤ ਸਿੰਘ ਵਾਸੀ ਫਰੀਦਕੋਟ ਵੱਲੋਂ ਪੁਲਸ ਨੂੰ ਦਿੱਤੇ ਬਿਆਨ ਅਨੁਸਾਰ ਉਸ ਦਾ ਵੱਡਾ ਭਰਾ ਮਨਦੀਪ ਸਿੰਘ ਆਪਣੇ ਦੋਸਤ ਰਣਦੀਪ ਸਿੰਘ ਨਾਲ ਮਿਲ ਕੇ ਪ੍ਰਾਪਰਟੀ ਡੀਲਰ ਦਾ ਕੰਮ ਕਰਦਾ ਸੀ। ਉਸ ਨੇ ਦੱਸਿਆ ਕਿ ਮਨਦੀਪ ਸਿੰਘ ਹੁਰਾਂ ਨੇ ਗਗਨਦੀਪ ਸਿੰਘ ਤੇ ਉਸ ਦੇ ਪਿਤਾ ਗੁਰਦੇਵ ਸਿੰਘ ਦੀ ਫਰੀਦਕੋਟ ਵਿੱਚ ਨਿਊ ਹਰਿੰਦਰਾ ਨਗਰ ਦੀ ਕੋਠੀ ਵਿਕਵਾਉਣ ਤੋਂ ਬਾਅਦ ਉਨ੍ਹਾਂ ਨੂੰ ਇੱਕ ਕੋਠੀ ਨਵੀਂ ਕਲੋਨੀ ਵਿਖੇ ਦਿਵਾਈ ਸੀ, ਜਿਸ ਦੀ ਸਾਢੇ ਪੰਜ ਲੱਖ ਰੁਪਏ ਦੀ ਰਕਮ ਲੈਣੀ ਸੀ। ਕਤਲ ਕੇਸ ਵਿੱਚ ਨਾਮਜ਼ਦ ਗਗਨਦੀਪ ਹੁਰਾਂ ਨੇ ਰਣਦੀਪ ਸਿੰਘ ਨੂੰ ਫੋਨ ਕਰ ਕੇ ਕਿਹਾ ਕਿ ਆਪਣੀ ਬਣਦੀ ਦਲਾਲੀ ਸਾਡੇ ਲਾਲੇਆਣਾ ਵਾਲੇ ਸ਼ੈਲਰ ਤੋਂ ਆ ਕੇ ਲੈ ਜਾਓ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਉਹ (ਸੁਖਦੀਪ), ਮਨਦੀਪ ਸਿੰਘ ਅਤੇ ਰਣਦੀਪ ਸਿੰਘ ਦਲਾਲੀ ਦੇ ਪੈਸੇ ਲੈਣ ਲਈ ਉਨ੍ਹਾਂ ਦੇ ਸ਼ੈਲਰ ਪਹੁੰਚੇ ਤਾਂ ਉਕਤ ਵਿਅਕਤੀਆਂ ਨੇ ਫਾਇਰਿੰਗ ਕਰ ਦਿੱਤੀ, ਜਿਸ ਨਾਲ ਗੋਲੀ ਲੱਗਣ ਕਰ ਕੇ ਮਨਦੀਪ ਸਿੰਘ ਪੁੱਤਰ ਇੰਦਰਜਦੀਤ ਸਿੰਘ ਵਾਸੀ ਫਰੀਦਕੋਟ ਦੀ ਮੌਤ ਹੋ ਗਈ। ਪੁਲਸ ਵੱਲੋਂ ਸੁਖਦੀਪ ਸਿੰਘ ਦੇ ਬਿਆਨਾਂ 'ਤੇ ਗਗਨਦੀਪ ਸਿੰਘ ਪੁੱਤਰ ਗੁਰ-ਦੇਵ ਸਿੰਘ ਅਤੇ ਉਸ ਦੇ ਪਿਤਾ ਗੁਰਦੇਵ ਸਿੰਘ ਪੁੱਤਰ ਸੱਜਣ ਸਿੰਘ ਪਿੰਡ ਹਰੀਨੌਂ ਹਾਲ ਆਬਾਦ ਫਰੀਦਕੋਟ ਦੇ ਖਿਲਾਫ ਕੇਸ ਦਰਜ ਕਰ ਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ। ਇਸ ਸੰਬੰਧ ਵਿੱਚ ਥਾਣਾ ਸਿਟੀ ਦੇ ਐੱਸ ਐੱਚ ਓ ਜਸਵੀਰ ਸਿੰਘ ਨੇ ਦੱਸਿਆ ਕਿ ਗਗਨਦੀਪ ਸਿੰਘ ਅਤੇ ਗੁਰਦੇਵ ਸਿੰਘ ਨੂੰ ਰਿਵਾਲਵਰ ਸਮੇਤ ਕੱਲ੍ਹ ਸਵੇਰੇ ਸ਼ੈਲਰ ਨੇੜਿਓਂ ਹੀ ਗ੍ਰਿਫਤਾਰ ਕਰ ਲਿਆ ਗਿਆ ਹੈ।

# ਮਸਕਟ ਤੋਂ ਪਰਤੀ ਜਸਪ੍ਰੀਤ ਕੌਰ ਨੇ ਦਿਲ ਹਿਲਾਊ ਖੁਲਾਸੇ ਕੀਤੇ

ਮੋਗਾ, 18 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਨੌਜਵਾਨ ਮੁੰਡੇ-ਕੁੜੀਆਂ ਏਜੰਟਾਂ ਦੇ ਧੱਕੇ ਚੜ੍ਹ ਕੇ ਛੋਟੇ ਦੇਸ਼ਾਂ ਵਿੱਚ ਜਾ ਫਸਦੇ ਹਨ ਜਿੱਥੇ ਉਨ੍ਹਾਂ 'ਤੇ ਤਸ਼ੱਦਦ ਹੀ ਨਹੀਂ ਹੁੰਦਾ, ਸਗੋਂ ਪੇਟ ਭਰ ਖਾਣਾ ਵੀ ਨਹੀਂ ਮਿਲਦਾ। ਅਜਿਹੀ ਘਟਨਾ ਮੋਗਾ ਜ਼ਿਲ੍ਹੇ ਦੇ ਪਿੰਡ ਰਣੀਆ ਦੀ ਹੈ, ਜਿੱਥੇ ਜਸਪ੍ਰੀਤ ਕੌਰ ਪੁੱਤਰੀ ਕ੍ਰਿਸ਼ਨ ਸਿੰਘ ਕਿਸੇ ਏਜੰਟ ਦੇ ਰਾਹੀਂ ਆਪਣੇ ਪਰਿਵਾਰ ਨੂੰ ਗੁਰਬਤ ਦੀ ਜ਼ਿੰਦਗੀ 'ਚੋਂ ਬਾਹਰ ਕੱਢਣ ਲਈ ਰੋਜ਼ੀ ਕਮਾਉਣ ਲਈ ਤਿੰਨ ਮਹੀਨੇ ਪਹਿਲਾਂ ਮਸਕਟ ਗਈ ਸੀ, ਪਰ ਉਕਤ ਏਜੰਟ ਵੱਲੋਂ ਲਾਏ ਲਾਰਿਆਂ ਤੋਂ ਬਾਅਦ ਉਸ ਨੂੰ ਵਰਕ ਪਰਮਿਟ ਨਾ ਮਿਲਿਆ ਤਾਂ ਉਸ ਨੂੰ ਇੱਕ ਘਰ 'ਚ ਕੈਦੀ ਵਾਂਗ ਕੰਮ 'ਤੇ ਲਾ ਦਿੱਤਾ ਗਿਆ। ਓਥੇ ਉਸ 'ਤੇ ਤਸ਼ੱਦਦ ਢਾਹਿਆ ਜਾਂਦਾ ਅਤੇ ਪੇਟ ਭਰ ਖਾਣਾ ਵੀ ਨਸੀਬ ਨਾ ਹੁੰਦਾ ਤੇ ਨਾ ਉਸ ਨੂੰ ਕੋਈ ਮਿਹਨਤਾਨਾ ਮਿਲਿਆ। ਸਿਰੋਂ ਪਾਣੀ ਲੰਘਦਾ ਵੇਖ ਕੇ ਜਦੋਂ ਜਸਪ੍ਰੀਤ ਨੇ ਮਸਕਟ ਤੋਂ ਆਪਣੇ ਪਰਿਵਾਰ ਨੂੰ ਹੱਡਬੀਤੀ ਦੱਸੀ ਤਾਂ ਪਿੰਡ ਰਣੀਆ ਦੇ ਆਮ ਆਦਮੀ ਪਾਰਟੀ ਦੇ ਨੌਜਵਾਨ ਆਗੂ ਰਾਜਪਾਲ ਸਿੰਘ ਨੇ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾ-ਸਪੁਰ, ਨਿਹਾਲ ਸਿੰਘ ਵਾਲਾ ਅਤੇ ਆਮ ਪਾਰਟੀ ਦੇ ਬੁਲਾਰੇ ਨਵਦੀਪ ਸਿੰਘ ਸੰਘਾ ਤੇ ਨਸੀਬ ਬਾਵਾ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੂੰ ਇਸ ਬਾਰੇ ਦੱਸਿਆ। ਉਨ੍ਹਾਂ ਵੱਲੋਂ ਕੀਤੀ ਚਾਰਾਜੋਈ ਤੋਂ ਬਾਅਦ ਜਸਪ੍ਰੀਤ ਆਪਣੇ ਪਰਿਵਾਰ ਨੂੰ ਮਿਲ ਸਕੀ ਅਤੇ ਪੰਜ ਹੋਰ ਕੁੜੀਆਂ ਵੀ ਪੰਜਾਬ ਪਰਤੀਆਂ ਹਨ। ਇਸ ਸਬੰਧੀ ਜਸਪ੍ਰੀਤ ਕੌਰ ਨੇ ਦੱਸਿਆ ਕਿ ਉਹ ਇਕੱਲੀ ਨਹੀਂ, ਏਜੰਟ ਦੇ ਰਾਹੀਂ ਗਈਆਂ 25-30 ਕੁੜੀਆਂ ਹੋਰ ਵੀ ਮਸਕਟ ਦੇ ਵੱਖ-ਵੱਖ ਸ਼ਹਿਰਾਂ ਵਿੱਚ ਰੁਲ ਰਹੀਆਂ ਹਨ।

# ਜਲੰਧਰ ਦਾ ਟਿੱਕੀ ਵਾਲਾ ਚੌਕ ਨਿਗਮ ਨੇ ਤੜਕੇ ਤਿੰਨ ਵਜੇ ਢਾਹਿਆ

*** ਫੜ੍ਹੀ-ਰੇਹੜੀ ਵਾਲਿਆਂ ਦੇ ਨਾਜਾਇਜ਼ ਕਬਜ਼ੇ ਹਟਾਏ ਗਏ**

ਜਲੰਧਰ, 18 ਨਵੰਬਰ (ਪੋਸਟ ਬਿਊਰੋ)- ਨਗਰ ਨਿਗਮ ਦੀ ਤਹਿ ਬਾਜ਼ਾਰੀ ਟੀਮ ਨੇ ਕੱਲ੍ਹ ਦਾ ਦਿਨ ਚੜ੍ਹਨ ਤੋਂ ਪਹਿਲਾਂ ਹੀ ਰੈਣਕ ਬਾਜ਼ਾਰ ਵਿਚਲੇ ਟਿੱਕੀ ਵਾਲਾ ਚੌਕ 'ਤੇ ਡਿਚ ਚਲਾ ਕੇ ਨਾਜਾਇਜ਼ ਕਬਜ਼ਾ ਹਟਾ ਦਿੱਤਾ। ਪਤਾ ਲੱਗਾ ਹੈ ਕਿ ਨਿਗਮ ਦੀ ਇਹ ਕਾਰਵਾਈ ਤੜਕੇ ਕਰੀਬ ਤਿੰਨ ਵਜੇ ਸ਼ੁਰੂ ਹੋਈ ਅਤੇ ਰੇਹੜੀ-ਫੜ੍ਹੀ ਲਾਉਣ ਵਾਲਿਆਂ ਨੂੰ ਜਦੋਂ ਤੱਕ ਇਸ ਦਾ ਪਤਾ ਲੱਗਾ, ਨਿਗਮ ਦੀ ਟੀਮ ਕਬਜ਼ੇ ਹਟਾ ਚੁੱਕੀ ਸੀ। ਇਸ ਨਾਲ ਟਿੱਕੀ ਵਾਲਾ ਚੌਕ 'ਤੇ ਬਣੇ ਅੱਡਿਆਂ ਨੂੰ ਚਲਾਉਣ ਵਾਲਿਆਂ ਅਤੇ ਹੋਰ ਕਰੀਬ 50 ਵਿਅਕਤੀਆਂ ਦਾ ਰੁਜ਼ਗਾਰ ਖੁੱਸ ਗਿਆ। ਇਸ ਮੌਕੇ ਇਕੱਠੇ ਹੋਏ ਲੋਕਾਂ ਨੇ ਨਿਗਮ ਖਿਲਾਫ ਨਾਅਰੇਬਾਜ਼ੀ ਕਰਦਿਆਂ ਧਰਨਾ ਦਿੱਤਾ ਤਾਂ ਕਾਂਗਰਸੀ ਕੌਂਸਲਰ ਸ਼ੈਰੀ ਚੱਢਾ ਅਤੇ ਕੌਂਸਲਰ ਦੇ ਪਤੀ ਪਾਠਕ, ਸਾਬਕਾ ਮੰਤਰੀ ਮਨੋਰੰਜਨ ਕਾਲੀਆ ਐ ਸਾਬਕਾ ਵਿਧਾਇਕ ਕੇ ਡੀ ਭੰਡਾਰੀ ਨੇ ਮੌਕੇ ਉਤੇ ਪੁੱਜ ਕੇ ਜਿੱਥੇ ਪ੍ਰਭਾਵਿਤ ਲੋਕਾਂ ਨਾਲ ਹਮਰਦਰਦੀ ਪ੍ਰਗਟ ਕੀਤੀ, ਉਥੇ ਇਸ ਕਾਰਵਾਈ ਨੂੰ ਧੱਕੇਸ਼ਾਹੀ ਕਰਾਰ ਦਿੱਤਾ।



ਉਕਤ ਕਾਰਵਾਈ ਤਹਿ ਬਾਜ਼ਾਰੀ ਦੀ ਟੀਮ ਨੇ ਜਾਇੰਟ ਕਮਿਸ਼ਨਟ ਹਰਚਰਨ ਸਿੰਘ ਤੇ ਸੁਪਰਡੈਂਟ ਮਨਦੀਪ ਸਿੰਘ ਮਿੱਠੂ ਦੀ ਨਿਗਰਾਨੀ ਹੇਠ ਭਾਰੀ ਪੁਲਸ ਲੈ ਕੇ ਕੀਤੀ, ਜਿਹੜੀ ਸੂਰਜ ਨਿਕਲਣ ਤੋਂ ਪਹਿਲਾਂ ਛੇ ਵਜੇ ਤੱਕ ਚੱਲਦੀ ਰਹੀ। ਪ੍ਰਸ਼ਾਸਨ ਨੇ ਐਕਸ਼ਨ ਟੀਮ ਨੂੰ ਤੜਕੇ ਤਿੰਨ ਵਜੇ ਦਫਤਰ ਸੱਦਿਆ ਸੀ ਤੇ ਉਸ ਐਕਸ਼ਨ ਦੀ ਭਿਣਕ ਤੱਕ ਕਿਸੇ ਨੂੰ ਨਹੀਂ ਲੱਗਣ ਦਿੱਤੀ ਗਈ। ਫੜ੍ਹੀ ਵਾਲਿਆਂ ਦਾ ਦੋਸ਼ ਸੀ ਕਿ ਨਿਗਮ ਨੇ ਕਾਰਵਾਈ ਕਰਨ ਤੋਂ ਪਹਿਲਾਂ ਉਨ੍ਹਾਂ ਦਾ ਸਾਮਾਨ ਨਹੀਂ ਚੁੱਕਣ ਦਿੱਤਾ, ਜਿਸ ਕਾਰਨ ਉਨ੍ਹਾਂ ਦਾ ਨੁਕਸਾਨ ਹੋ ਗਿਆ। ਇਸ ਮੌਕੇ ਪੁੱਜੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਤੇ ਸਾਬਕਾ ਵਿਧਾਇਕ ਕੇ ਡੀ ਭੰਡਾਰੀ ਨੇ ਨਗਰ ਨਿਗਮ ਦੀ ਕਾਰਵਾਈ ਨੂੰ ਧੱਕਾ ਦੱਸ ਕੇ ਕਿਹਾ ਕਿ ਨਿਗਮ ਨੇ ਬਿਨ੍ਹਾਂ ਕਿਸੇ ਨੋਟਿਸ ਦੇ ਕਾਰਵਾਈ ਕਰਕੇ ਗਰੀਬਾਂ ਨੂੰ ਬੇਰੁਜ਼ਗਾਰ ਕਰ ਦਿੱਤਾ ਹੈ।



# ਵਿਵਾਦਤ ਗੁਰੂ ਸਵਾਮੀ ਨਿਤਿਆਨੰਦ ਦੇ ਆਸ਼ਰਮ ਤੋਂ ਗੁੰਮ ਲੜਕੀ ਤ੍ਰਿਨੀਦਾਦ ਵਿੱਚ

ਅਹਿਮਦਾਬਾਦ, 18 ਨਵੰਬਰ (ਪੋਸਟ ਬਿਊਰੋ)- ਵਿਵਾਦਤ ਗੁਰੂ ਨਿਤਿਆਨੰਦ ਦੇ ਅਹਿਮਦਾਬਾਦ ਆਸ਼ਰਮ ਤੋਂ ਗੁੰਮ ਹੋਈ ਇਕ ਲੜਕੀ ਨੰਦਿਤਾ ਇਸ ਵੇਲੇ ਤ੍ਰਿਨੀਦਾਦ ਵਿਚ ਹੈ। ਪੁਲਿਸ ਨੇ ਸਕਾਈਪ ਰਾਹੀਂ ਉਸ ਲੜਕੀ ਨਾਲ ਸੰਪਰਕ ਕੀਤਾ ਹੈ। ਆਸ਼ਰਮ ਤੋਂ ਦੋ ਲੜਕੀਆਂ ਦੇ ਗੁੰਮ ਹੋਣ ਦੇ ਕੇਸ ਵਿਚ ਸਵਾਮੀ ਨਿਤਿਆਨੰਦ ਅਤੇ ਉਸ ਦੀਆਂ ਦੋ ਚੇਲੀਆਂ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।

ਗੁਜਰਾਤ ਪੁਲਿਸ ਨੇ ਬੈਂਗਲੁਰੂ ਦੇ ਜਨਾਰਦਨ ਸ਼ਰਮਾ ਦੀ ਸ਼ਿਕਾਇਤ ਉੱਤੇ ਨਿਤਿਆਨੰਦ ਦੇ ਨਾਲ ਉਸ ਦੀਆਂ ਦੋ ਚੇਲੀਆਂ ਪ੍ਰਾਣਪ੍ਰਿਆ ਅਤੇ ਪ੍ਰਿਅਤਵਾ ਦੇ ਖ਼ਿਲਾਫ਼ ਅਗਵਾ, ਨਾਜਾਇਜ਼ ਬੰਦੀ ਬਣਾਉਣ, ਮਾਰਕੁੱਟ ਅਤੇ ਬਾਲ ਕਾਨੂੰਨ ਐਕਟ ਹੇਠ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਅਹਿਮਦਾਬਾਦ ਦਿਹਾਤੀ ਦੇ ਪੁਲਿਸ ਸੁਪਰਡੈਂਟ ਆਰ ਵੀ ਅੰਸਾਰੀ ਨੇ ਦੱਸਿਆ ਕਿ ਆਸ਼ਰਮ ਦੇ ਵਾਸੀਆਂ ਦੇ ਖ਼ਿਲਾਫ਼ ਬੱਚਿਆਂ ਨੂੰ ਬੰਦੀ ਬਣਾਉਣ ਅਤੇ ਦੁਰਵਿਹਾਰ ਕਰਨ ਦਾ ਕੇਸ ਦਰਜ ਕੀਤਾ ਗਿਆ ਹੈ। ਸ਼ਰਮਾ ਨੇ ਦੋ ਨਵੰਬਰ ਨੂੰ ਪੁਲਿਸ ਨੂੰ ਦੱਸਿਆ ਕਿ ਉਹ ਨਿਤਿਆਨੰਦ ਆਸ਼ਰਮ ਵਿਚ ਸ਼ਰਧਾ ਰੱਖਦਾ ਸੀ। ਇਸ ਲਈ ਛੇ ਮਹੀਨੇ ਪਹਿਲਾਂ ਆਪਣੀਆਂ ਤਿੰਨ ਵੱਡੀਆਂ ਧੀਆਂ ਅਤੇ ਇਕ ਪੁੱਤਰ ਨੂੰ ਬੈਂਗਲੁਰੂ ਦੀ ਸ਼ਾਲਾ ਵਿਚ ਦਾਖ਼ਲ ਕਰਵਾ ਗਿਆ ਸੀ। ਆਸ਼ਰਮ ਦੇ ਲੋਕ ਇਸ ਪਰਿਵਾਰ ਤੋਂ ਮਨਜ਼ੂਰੀ ਲਏ ਬਿਨਾਂ ਚਾਰਾਂ ਬੱਚਿਆਂ ਨੂੰ ਅਹਿਮਦਾਬਾਦ ਆਸ਼ਰਮ ਵਿਚ ਲੈ ਗਏ। ਪੁਲਿਸ ਨੇ ਦੋ ਨਾਬਾਲਿਗ ਬੱਚਿਆਂ ਨੂੰ ਉਨ੍ਹਾਂ ਦੇ ਚੁੰਗਲ ਤੋਂ ਛੁਡਾ ਲਿਆ, ਪ੍ਰੰਤੂ ਦੋ ਕੁੜੀਆਂ ਅਜੇ ਉਨ੍ਹਾਂ ਦੇ ਕਬਜ਼ੇ ਵਿਚ ਹਨ। 21 ਸਾਲ ਦੀ ਨੰਦਿਤਾ ਦੇ ਤ੍ਰਿਨੀਦਾਦ ਵਿਚ ਹੋਣ ਦੀ ਗੱਲ ਕਹੀ ਜਾ ਰਹੀ ਹੈ, ਪ੍ਰੰਤੂ ਉਸ ਦੀ ਛੋਟੀ ਭੈਣ ਦੇ ਬਾਰੇ ਕੋਈ ਜਾਣਕਾਰੀ ਨਹੀਂ। ਸਵਾਮੀ ਨਿਤਿਆਨੰਦ ਦੇ ਅਹਿਮਦਾ-ਬਾਦ ਆਸ਼ਰਮ ਤੋਂ ਦੋ ਕੁੜੀਆਂ ਦੇ ਲਾਪਤਾ ਹੋਣ ਦੇ ਕੇਸ ਵਿਚ ਪੀੜਤ ਪਰਿਵਾਰ ਨੇ ਹਾਈ ਕੋਰਟ ਨੂੰ ਅਰਜ਼ੀ ਦਿੱਤੀ ਹੈ। ਇਸ ਨਾਲ ਪੁਲਿਸ ਨੂੰ ਦੋਵਾਂ ਕੁੜੀਆਂ ਦੀ ਭਾਲ ਕਰ ਕੇ ਅਦਾਲਤ ਵਿੱਚ ਪੇਸ਼ ਕਰਨਾ ਹੋਵੇਗਾ। ਵੱਡੀ ਕੁੜੀ ਨੰਦਿਤਾ ਨੇ ਸੋਸ਼ਲ ਮੀਡੀਆ ਤੋਂ ਪੁਲਿਸ ਨੂੰ ਭੇਜੇ ਸੰਦੇਸ਼ ਵਿਚ ਕਿਹਾ ਹੈ ਕਿ ਉਸ ਦਾ ਅਗਵਾ ਨਹੀਂ ਹੋਇਆ, ਉਹ ਸੁਰੱਖਿਅਤ ਤੇ ਖ਼ੁਸ਼ ਹੈ। ਉਹ ਪੁਲਿਸ ਨੂੰ ਹਰ ਤਰ੍ਹਾਂ ਮਦਦ ਲਈ ਤਿਆਰ ਹੈ।

# ਜੇ ਐੱਨ ਯੂ ਦੇ 200 ਵਿਦਿਆਰਥੀ ਗ੍ਰਿਫਤਾਰ ਕਰ ਕੇ ਛੱਡੇ ਗਏ



ਫੀਸ ਵਾਧੇ ਖ਼ਿਲਾਫ਼ ਪ੍ਰਦਰਸ਼ਨ ਕਰਦੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ।

ਨਵੀਂ ਦਿੱਲੀ, 18 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਨਾਮੀ ਸੰਸਥਾਨਾਂ ਵਿੱਚੋਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਫੀਸ ਵਾਧੇ ਖ਼ਿਲਾਫ਼ ਪ੍ਰਦਰਸ਼ਨ ਜਾਰੀ ਹੈ। ਇਸ ਦੌਰਾਨ ਫੀਸ ਵਾਧੇ ਦੇ ਵਿਰੋਧ ਦੀ ਸਖ਼ਤੀ ਵਿੱਚ ਇਸ ਸੰਸਥਾ ਦੇ ਸੈਂਕੜੇ ਵਿਦਿਆਰਥੀ ਅੱਜ ਸੋਮਵਾਰ ਪਾਰਲੀਮੈਂਟ ਭਵਨ ਤਕ ਵਿਰੋਧ ਮਾਰਚ ਕਰਨ ਲੱਗੇ। ਉਨ੍ਹਾਂ ਨੇ ਆਪਣਾ ਮਾਰਚ ਸਫ਼ਲ ਬਣਾਉਣ ਲਈ ਹੋਰ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਵੀ ਇਸ ਵਿੱਚ ਸ਼ਾਮਲ ਹੋਣ ਲਈ ਅਪੀਲ ਕਰ ਦਿੱਤੀ ਅਤੇ ਜੇ ਐੱਨ ਯੂ ਨਾਰਥ ਗੇਟ ਦਾ ਬੈਰੀਕੇਡ ਤੋੜ ਕੇ ਡਫਲੀ ਵਜਾਉਂਦੇ ਅਤੇ ਨਾਅਰੇਬਾਜ਼ੀ ਕਰਦੇ ਹੋਏ ਇਨ੍ਹਾਂ ਵਿਦਿਆਰਥੀਆਂ ਦਾ ਮਾਰਚ ਅੱਗੇ ਵੱਧ ਤੁਰਿਆ।

ਦੱਸਿਆ ਜਾ ਰਿਹਾ ਹੈ ਕਿ ਪ੍ਰਦਰਸ਼ਨਕਾਰੀਆਂ ਨੇ ਦੂਜਾ ਬੈਰੀਕੇਡ ਵੀ ਤੋੜ ਦਿੱਤਾ ਅਤੇ ਤੀਜ਼ਾ ਤੋੜਨ ਦੀ ਤਿਆਰੀ ਵਿੱਚ ਸਨ ਕਿ ਪੁਲਿਸ ਨੇ ਸਖ਼ਤੀ ਦਿਖਾਉਂਦਿਆਂ ਕਰੀਬ ਤਿੰਨ ਦਰਜਨ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਨੂੰ ਬੱਸਾਂ ਵਿੱਚ ਭਰਿਆ ਗਿਆ ਅਤੇ ਪ੍ਰਦਰਸ਼ਨ ਸਥਾਨ ਤੋਂ ਥੋੜ੍ਹਾ ਦੂਰ ਲੈ ਜਾ ਕੇ ਬਦਰਪੁਰ, ਫਤਹਿਪੁਰ ਬੇਰੀ, ਕਾਲਕਾਜੀ, ਦਿੱਲੀ ਕੈਂਟ ਥਾਣਿਆਂ ਵਿੱਚ ਹਿਰਾਸਤ ਵਿੱਚ ਲਏ ਕਰੀਬ 200 ਵਿਦਿਆਰਥੀਆਂ ਨੂੰ ਛੱਡਿਆ ਗਿਆ। ਸਾਰਿਆਂ ਨੂੰ ਸਿੱਧੇ ਜੇ ਐੱਨ ਯੂ ਕੈਂਪਸ ਲਿਜਾਇਆ ਗਿਆ। ਇਸ ਦੌਰਾਨ ਮਨੁੱਖੀ ਵਸੀਲੇ ਰਾਜ ਮੰਤਰੀ ਸੰਜੇ ਧੋਤਰੇ ਨੇ ਕਿਹਾ ਕਿ ਜੇ ਐੱਨ ਯੂ ਨੇ ਕਾਫ਼ੀ ਅਜਿਹੇ ਹੋਣਹਾਰ ਵਿਦਿਆਰਥੀ ਇਸ ਦੇਸ਼ ਨੂੰ ਦਿੱਤੇ ਹਨ, ਜੋ ਦੇਸ਼-ਵਿਦੇਸ਼ ਵਿੱਚ ਨਾਂ ਕਮਾ ਰਹੇ ਹਨ, ਪਰ ਸਾਡੇ ਵਿਚਾਰ ਵੱਖਰੇ ਹੋ ਸਕਦੇ ਹਨ, ਅਜਿਹੀਆਂ ਘਟਨਾਵਾਂ ਨਹੀਂ ਵਾਪਰਨੀਆਂ ਚਾਹੀਦੀਆਂ।

# ਵੈਲੇਟ ਪਾਰਕਿੰਗ ਤੋਂ ਗੱਡੀ ਚੋਰੀ ਹੋਈ ਤਾਂ ਜ਼ਿੰਮੇਵਾਰੀ ਹੋਟਲ ਦੀ: ਸੁਪਰੀਮ ਕੋਰਟ

ਨਵੀਂ ਦਿੱਲੀ, 18 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਆਪਣੇ ਇੱਕ ਅਹਿਮ ਫੈਸਲੇ 'ਚ ਕਿਹਾ ਹੈ ਕਿ ਕੋਈ ਵੀ ਹੋਟਲ ਆਪਣੇ ਮੁਲਾਜ਼ਮ ਦੇ ਹੱਥਾਂ ਜਾਂ ਵੈਲੇਟ ਪਾਰਕਿੰਗ 'ਚ ਖੜ੍ਹੇ ਕੀਤੇ ਵਾਹਨ ਦੀ ਚੋਰੀ ਬਾਰੇ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦੇ। ਉਹ 'ਓਨਰਸ ਰਿਸਕ' ਦਾ ਕਲਾਜ਼ ਲਾ ਕੇ ਮੁਆਵਜ਼ਾ ਦੇਣ ਤੋਂ ਨਹੀਂ ਬਚ ਸਕਦੇ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਹੋਟਲ ਉੱਤੇ ਵੈਲੇਟ ਪਾਰਕਿੰਗ 'ਚ ਹੋਰ ਪਾਰਕਿੰਗ ਸਹੂਲਤਾਂ ਦੇ ਉਲਟ ਵਾਹਨ ਦੇ ਮਾਲਕ ਨੂੰ ਖੁਦ ਪਾਰਕਿੰਗ ਦੀ ਥਾਂ ਨਹੀਂ ਲੱਭਣੀ ਪੈਂਦੀ ਅਤੇ ਨਾ ਉਸ ਨੂੰ ਖੁਦ ਜਾ ਕੇ ਆਪਣਾ ਵਾਹਨ ਸਹੀ ਤਰੀਕੇ ਨਾਲ ਖੜ੍ਹਾ ਕਰਨਾ ਪੈਂਦਾ ਹੈ। ਵਾਪਸੀ ਵੇਲੇ ਵਾਹਨ ਦੀ ਪਰਚੀ ਜਾਂ ਟੋਕਨ ਦਿਖਾਉਣ ਉੱਤੇ ਹੋਟਲ ਸਟਾਫ ਖੁਦ ਹੀ ਉਨ੍ਹਾਂ ਦੀ ਗੱਡੀ ਡਰਾਈਵ ਕਰਕੇ ਉਨ੍ਹਾਂ ਦੇ ਕੋਲ ਲਿਆਉਂਦਾ ਹੈ। ਇਸ ਲਈ ਵੈਲੇਟ ਪਾਰਕਿੰਗ ਵਾਲੇ ਗਾਹਕ ਦੀ ਗੱਡੀ ਚੋਰੀ ਹੋਣ ਉੱਤੇ ਹੋਟਲ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਨਹੀਂ ਝਾੜ ਸਕਦਾ। ਕੋਰਟ ਨੇ ਸਾਫ ਕਿਹਾ ਕਿ ਇਸ ਹਾਲਤ ਵਿੱਚ ਕਿਸੇ ਦਾ ਵਾਹਨ ਚੋਰੀ ਹੋਣ ਜਾਂ ਨੁਕਸਾਨੇ ਜਾਣੇ ਦੀ ਸੂਰਤ ਵਿੱਚ ਹੋਟਲ ਦੀ ਜ਼ਿੰਮੇਵਾਰੀ ਹੈ ਕਿ ਉਹ ਸਾਬਤ ਕਰੇ ਕਿ ਉਸ ਦੇ ਪਾਰਕਿੰਗ ਕੰਪਲੈਕਸ ਤੋਂ ਵਾਹਨ ਚੋਰੀ ਹੋਣ ਜਾਂ ਨੁਕਸਾਨੇ ਜਾਣੇ 'ਤੇ ਉਸ ਦੀ ਗਲਤੀ ਕਿਵੇਂ ਨਹੀਂ। ਇਸ ਕੇਸ 'ਚ ਸਿੱਧੇ ਤੌਰ ਉੱਤੇ ਹੋਟਲ ਦੀ ਜ਼ਿੰਮੇਵਾਰੀ ਹੁੰਦੀ ਹੈ, ਕਿਉਂਕਿ ਇਸ 'ਚ ਵਾਹਨ ਮਾਲਕ ਸੁਰੱਖਿਆ ਦੇ ਭਰੋਸੇ ਨਾਲ ਆਪਣਾ ਵਾਹਨ ਹੋਟਲ ਮੁਲਾਜ਼ਮ ਨੂੰ ਸੌਂਪਦਾ ਹੈ ਅਤੇ ਉਸ ਦੀ ਪਰਚੀ ਜਾਂ ਟੋਕਨ ਉਸ ਸਮਝੌਤੇ ਦਾ ਸਬੂਤ ਹੁੰਦਾ ਹੈ।

ਜਸਟਿਸ ਐਮ ਐਮ ਸ਼ਾਂਤਰਾਗੌਰ ਅਤੇ ਜਸਟਿਸ ਅਜੈ ਰਸਤੋਗੀ ਦੇ ਬੈਂਚ ਨੇ ਕਿਹਾ ਕਿ ਹੋਟਲ ਦਾ ਮਾਲਿਕ ਇਸ ਸਮਝੌਤੇ ਦੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦਾ। ਕਿਸੇ ਵੀ ਹਾਲਤ ਵਿੱਚ ਆਪਣੀ ਜਾਂ ਆਪਣੇ ਮੁਲਾਜ਼ਮ ਦਾ ਲਾਪਰਵਾਹੀ ਤੋਂ ਆਪਣੇ ਗਾਹਕ ਨੂੰ ਨੁਕਸਾਨ ਪਹੁੰਚਣ 'ਤੇ ਉਹ ਇਸ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਬੈਂਚ ਨੇ ਕਿਹਾ ਕਿ ਜਿੱਥੇ ਆਮ ਮੱਦਾਂ ਲਾਗੂ ਹੁੰਦੀਆਂ ਹਨ ਜਾਂ ਕਿਸੇ ਤਰ੍ਹਾਂ ਦੀ ਛੋਟ ਦਾ ਕਲਾਜ਼ ਹੁੰਦਾ ਹੈ, ਉਥੇ ਪਹਿਲੀ ਨਜ਼ਰ 'ਚ ਹੋਟਲ ਦੀ ਜ਼ਿੰਮੇਵਾਰੀ ਬਣਦੀ ਹੈ। ਸੁਪਰੀਮ ਕੋਰਟ ਨੇ ਇਹ ਫੈਸਲਾ ਖਪਤਕਾਰ ਅਦਾਲਤ ਦੇ ਮੁਆਵਜ਼ਾ ਦੇਣ ਦੇ ਫੈਸਲੇ ਦੇ ਖਿਲਾਫ ਹੋਟਲ ਦੀ ਅਪੀਲ ਨੂੰ ਰੱਦ ਕਰਦਿਆਂ ਸੁਣਾਇਆ ਹੈ। ਪਿੱਛੇ ਜਿਹੇ ਜਦੋਂ ਪੀੜਤ ਆਪਣੀ ਗੱਡੀ ਇੱਕ ਪੰਜ ਤਾਰਾ ਹੋਟਲ ਦੇ ਵੈਲੇਟ ਪਾਰਕਿੰਗ 'ਚ ਖੜ੍ਹੀ ਕਰਵਾ ਕੇ ਹੋਟਲ ਦੇ ਅੰਦਰ ਗਿਆ ਤਾਂ ਵਾਪਸੀ ਉੱਤੇ ਜਦੋਂ ਉਸ ਨੇ ਪਰਚੀ ਦਿਖਾ ਕੇ ਆਪਣੀ ਗੱਡੀ ਲਿਆਉਣ ਲਈ ਕਿਹਾ ਤਾਂ ਹੋਟਲ ਸਟਾਫ ਨੇ ਦੱਸਿਆ ਕਿ ਉਸ ਦੀ ਗੱਡੀ ਪਹਿਲਾਂ ਤਿੰਨ ਮੁੰਡੇ ਡਰਾਈਵ ਕਰ ਕੇ ਲਿਜਾ ਚੁੱਕੇ ਹਨ। ਇਹ ਤਿੰਨ ਮੁੰਡੇ ਇੱਕ ਵੱਖਰੀ ਕਾਰ ਵਿੱਚ ਹੋਟਲ 'ਚ ਆਏ ਸਨ। ਜਦੋਂ ਵਾਹਨ ਮਾਲਕ ਨੇ ਬੀਮੇ ਦੀ ਰਕਮ ਮੰਗੀ ਤਾਂ ਹੋਟਲ ਨੇ ਪਾਰਕਿੰਗ ਕੂਪਨ 'ਤੇ ਲਿਖੇ 'ਓਨਰਸ ਰਿਸਕ' ਦਾ ਕਲਾਜ਼ ਦਿਖਾ ਕੇ ਜ਼ਿੰਮੇਵਾਰੀ ਤੋਂ ਪੱਲਾ ਝਾੜਨ ਦੀ ਕੋਸ਼ਿਸ਼ ਕੀਤੀ।

# ਲੱਦਾਖ ਲਈ ਖਾਸ ਡੀਜ਼ਲ: ਮਾਈਨਸ 33 ਡਿਗਰੀ ਵਿੱਚ ਵੀ ਨਹੀਂ ਜੰਮੇਗਾ

ਨਵੀਂ ਦਿੱਲੀ, 18 ਨਵੰਬਰ (ਪੋਸਟ ਬਿਊਰੋ)- ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨਵੀਂ ਦਿੱਲੀ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਕੱਲ੍ਹ ਲੱਦਾਖ ਦੇ ਲਈ 'ਵਿੰਟਰ ਗ੍ਰੇਡ ਡੀਜ਼ਲ' ਦਾ ਉਦਘਾਟਨ ਕੀਤਾ ਹੈ।

ਵਰਨਣ ਯੋਗ ਹੈ ਕਿ ਲੱਦਾਖ ਵਿੱਚ ਸਰਦੀਆਂ ਦਾ ਤਾਪਮਾਨ -25 ਤੋਂ -30 ਡਿਗਰੀ ਸੈਂਟੀਗ੍ਰੇਡ ਤੱਕ ਚਲਾ ਜਾਂਦਾ ਹੈ। ਅਜਿਹੇ ਵਿੱਚ ਡੀਜ਼ਲ ਤਰਲ ਨਹੀਂ ਰਹਿੰਦਾ ਅਤੇ ਜੰਮ ਜਾਂਦਾ ਹੈ। ਇਸ ਖੇਤਰ ਦੀ ਇਸ ਸਮੱਸਿਆ ਨੂੰ ਦੇਖਦੇ ਹੋਏ ਇੰਡੀਅਨ ਆਇਲ ਕਾਰਪੋਰੇਸ਼ਨ (ਆਈ ਓ ਸੀ ਐੱਲ) ਦੀ ਪਾਣੀਪਤ ਰਿਫਾਈਨਰੀ ਨੇ ਵਿੰਟਰ ਗ੍ਰੇਡ ਡੀਜ਼ਲ ਵਿਕਸਿਤ ਕੀਤਾ ਹੈ। ਇਸ ਡੀਜ਼ਲ ਨੂੰ ਮਾਈਨਸ 33 ਡਿਗਰੀ ਤਾਪਮਾਨ ਵਿੱਚ ਵੀ ਵਰਤਿਆ ਜਾ ਸਕਦਾ ਹੈ। ਇੰਨੇ ਘੱਟ ਤਾਪਮਾਨ ਵਿੱਚ ਵੀ ਇਹ ਜੰਮਦਾ ਨਹੀਂ ਅਤੇ ਆਪਣੀ ਤਰਲਤਾ ਨਹੀਂ ਗੁਆਉਂਦਾ।

ਇਸ ਮੌਕੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਇਸ ਕਦਮ ਨਾਲ ਲੱਦਾਖ ਵਿੱਚ ਸੈਲਾਨੀ ਵਧਣਗੇ ਤੇ ਅਰਥ ਵਿਵਸਥਾ ਬਿਹਤਰ ਹੋਵੇਗੀ। ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਬਾਰੇ ਮੰਤਰੀ ਧਰਮਿੰਦਰ ਪ੍ਰਧਾਨ ਅਤੇ ਲੱਦਾਖ ਤੋਂ ਭਾਜਪਾ ਪਾਰਲੀਮੈਂਟ ਮੈਂਬਰ ਜਾਮਯਾਂਗ ਸੇਰਿੰਗ ਨਾਮਗਿਆਲ ਵੀ ਉਨ੍ਹਾਂ ਨਾਲ ਮੌਜੂਦ ਸਨ। ਧਰਮਿੰਦਰ ਪ੍ਰਧਾਨ ਨੇ ਕਿਹਾ ਕਿ ਲੱਦਾਖ ਵਿੱਚ ਸਰਦੀਆਂ ਦੇ ਮੌਸਮ ਵਿੱਚ ਸਾਰੀਆਂ ਟੈਕਸੀਆਂ ਰੁੱਕ ਜਾਂਦੀਆਂ ਸਨ, ਕਿਉਂਕਿ ਡੀਜ਼ਲ ਜੰਮ ਜਾਂਦਾ ਸੀ। ਅੱਗੇ ਤੋਂ ਵਿੰਟਰ ਗ੍ਰੇਡ ਡੀਜ਼ਲ ਦਾ ਇਸਤੇਮਾਲ ਕੀਤਾ ਜਾ ਸਕੇਗਾ।

# ਜੰਮੂ-ਕਸ਼ਮੀਰ ਵਿਚ 34 ਸਿਆਸੀ ਕੈਦੀ ਹੋਟਲ ਤੋਂ ਐਮ ਐਲ ਏ ਹੋਸਟਲ ਭੇਜੇ ਗਏ



ਸ੍ਰੀਨਗਰ, 18 ਨਵੰਬਰ (ਪੋਸਟ ਬਿਊਰੋ)- ਜੰਮੂ ਕਸ਼ਮੀਰ ਵਿੱਚ 5 ਅਗਸਤ ਤੋਂ ਸੈਂਟੂਰ ਹੋਟਲ 'ਚ ਬੰਦ 34 ਸਿਆਸੀ ਕੈਦੀਆਂ ਨੂੰ ਐਮ ਐਲ ਏ ਹੋਸਟਲ 'ਚ ਤਬਦੀਲ ਕਰ ਦਿੱਤਾ ਗਿਆ ਹੈ। ਸ੍ਰੀਨਗਰ 'ਚ ਕੜਾਕੇ ਦੀ ਠੰਢ ਪੈਣ ਕਾਰਨ ਜੰਮੂ ਕਸ਼ਮੀਰ ਪ੍ਰਸ਼ਾਸਨ ਨੇ ਇਹ ਫੈਸਲਾ ਲਿਆ ਹੈ।

ਇਸ ਸੰਬੰਧ ਵਿੱਚ ਅਧਿਕਾਰੀਆਂ ਮੁਤਾਬਕ ਗਰਮਾਇਸ਼ ਦਾ ਢੁਕਵਾਂ ਪ੍ਰਬੰਧ ਨਾ ਹੋਣ ਕਰਕੇ ਇਹ ਕਦਮ ਉਠਾਉਣਾ ਪਿਆ ਹੈ। ਨੈਸ਼ਨਲ ਕਾਨਫਰੰਸ, ਪੀ ਡੀ ਪੀ, ਪੀਪਲਜ਼ ਕਾਨਫਰੰਸ ਦੇ ਆਗੂਆਂ ਤੇ ਸਮਾਜੀ ਕਾਰਕੁਨਾਂ ਨੂੰ ਭਾਰੀ ਸੁਰੱਖਿਆ ਹੇਠ ਬੰਦ ਰੱਖਿਆ ਗਿਆ ਹੈ। ਪ੍ਰਸ਼ਾਸਨ ਨੇ ਮੌਲਾਨਾ ਆਜ਼ਾਦ ਰੋਡ ਉੱਤੇ ਐਮ ਐਲ ਏ ਹੋਸਟਲ ਦੇ ਕਮਰਿਆਂ 'ਚ ਲੋੜੀਂਦੇ ਪ੍ਰਬੰਧ ਕੀਤੇ ਹਨ। ਇਸ ਨੂੰ ਜੰਮੂ ਕਸ਼ਮੀਰ ਦੇ ਗ੍ਰਹਿ ਵਿਭਾਗ ਦੇ ਹੁਕਮਾਂ 'ਤੇ ਸਬਸਿਡਰੀ ਜੇਲ੍ਹ ਐਲਾਨ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੂੰ ਕੱਲ੍ਹ ਸਰਕਾਰੀ ਰਿਹਾਇਸ਼ ਵਿੱਚ ਤਬਦੀਲ ਕੀਤਾ ਗਿਆ ਹੈ। ਜਾਣਕਾਰ ਸੂਤਰਾਂ ਮੁਤਾਬਕ ਇੰਡੀਅਨ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ ਦੀ ਮਾਲਕੀ ਵਾਲੇ ਸੈਂਟੂਰ ਹੋਟਲ ਨੇ ਸਿਆਸਤਦਾਨਾਂ ਨੂੰ ਬੰਦੀ ਰੱਖਣ ਦੀ ਏਵਜ਼ ਵਿੱਚ 100 ਦਿਨਾਂ ਤੋਂ ਵੱਧ ਸਮੇਂ ਦਾ ਗ੍ਰਹਿ ਵਿਭਾਗ ਨੂੰ ਕਰੀਬ ਤਿੰਨ ਕਰੋੜ ਰੁਪਏ ਦਾ ਬਿੱਲ ਸੌਂਪਿਆ ਹੈ। ਪ੍ਰਸ਼ਾਸਨ ਨੇ ਦਾਅਵੇ ਨੂੰ ਨਕਾਰਦਿਆਂ ਹੋਟਲ ਨੂੰ ਸਰਕਾਰੀ ਰੇਟ 800 ਰੁਪਏ ਅਦਾ ਕਰਨ ਦਾ ਐਲਾਨ ਕੀਤਾ ਹੈ, ਜਦ ਕਿ ਹੋਟਲ ਨੇ ਪੰਜ ਹਜ਼ਾਰ ਰੁਪਏ ਰੋਜ਼ਾਨਾ ਦੇ ਹਿਸਾਬ ਨਾਲ ਬਿੱਲ ਬਣਾਇਆ ਸੀ।

# ਭਾਰਤ ਆਈ ਪੋਪ ਸਟਾਰ ਕੈਟੀ ਪੇਰੀ ਨੇ ਸਕਿਓਰਟੀ ਨੂੰ ਪਾਸਪੋਰਟ ਨਹੀਂ ਦਿਖਾਇਆ

ਮੁੰਬਈ, 18 ਨਵੰਬਰ (ਪੋਸਟ ਬਿਊਰੋ)- ਅੰਤਰਰਾਸ਼ਟਰੀ ਪੋਪ ਸੈਂਸੇਸ਼ਨ ਮੰਨੀ ਜਾਂਦੀ ਕੈਟੀ ਪੇਰੀ ਅਤੇ ਦੁਆ ਲਿਪਾ ਵੰਨ ਪਲੱਸ ਕੰਸਰਟ ਵਿੱਚ ਆਪੋ-ਆਪਣੀ ਪੇਸ਼ਕਾਰੀ ਦੇਣ ਲਈ ਭਾਰਤ ਆਈਆਂ ਸਨ। ਦੋਵੇਂ ਵਾਪਸ ਚਲੀਆਂ ਗਈਆਂ ਹਨ। ਭਾਰਤ ਵਿੱਚ ਕੈਟੀ ਨੂੰ ਕਾਫੀ ਪਿਆਰ ਮਿ-ਲਿਆ, ਪਰ ਜਾਂਦੇ ਸਮੇਂ ਕੈਟੀ ਅਤੇ ਉਸ ਦੀ ਟੀਮ ਵੱਲੋਂ ਕੀਤੀ ਹਰਕਤ ਦੇ ਨਾਲ ਕਾਫੀ ਆਲੋਚਨਾ ਹੋ ਰਹੀ ਹੈ ਕਿ ਉਹ ਨਿਯਮਾਂ ਦੀ ਪ੍ਰਵਾਹ ਨਹੀਂ ਕਰਦੀ।

ਅਸਲ ਵਿੱਚ ਇੱਕ ਵੀਡਿਓ ਵਾਇਰਲ ਹੋ ਰਹੀ ਹੈ, ਜਿਸ ਵਿੱਚ ਦਿੱਸਦਾ ਹੈ ਕਿ ਕੈਟੀ ਏਅਰਪੋਰਟ 'ਤੇ ਆਪਣੀ ਟੀਮ ਨਾਲ ਜਾ ਰਹੀ ਹੈ। ਉਸ ਸਮੇਂ ਏਅਰਪੋਰਟ ਸਕਿਉਰਿਟੀ ਵਿੱਚ ਤੈਨਾਤ ਇੱਕ ਜਵਾਨ ਕੈਟੀ ਅਤੇ ਉਨ੍ਹਾਂ ਦੀ ਟੀਮ ਤੋਂ ਆਈ ਡੀ ਕਾਰਡ ਜਾਂ ਪਾਸਪੋਰਟ ਮੰਗਦਾ ਹੈ, ਪਰ ਉਹ ਇੰਗਨੋਰ ਕਰ ਕੇ ਅੱਗੇ ਲੰਘ ਜਾਂਦੀ ਹੈ। ਇੰਸਟਾਗ੍ਰਾਮ 'ਤੇ ਇਹ ਵੀਡਿਓ ਚਰਚਾ ਵਿੱਚ ਹੈ ਅਤੇ ਲੋਕ ਇਸ ਦੀ ਆਲੋਚਨਾ ਕਰ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਆਮ ਨਾਗਰਿਕ ਵਾਂਗ ਇਨ੍ਹਾਂ ਨੂੰ ਵੀ ਨਿਯਮਾਂ ਦਾ ਪਾਲਣ ਕਰਨਾ ਚਾਹੀਦਾ ਹੈ। ਬਹੁਤ ਸਾਰੇ ਲੋਕਾਂ ਦਾ ਇਹ ਕਹਿਣਾ ਹੈ ਕਿ ਵਿਦੇਸ਼ ਵਿੱਚ ਭਾਰਤੀ ਸੈਲੇਬ੍ਰਿਟੀ ਇਸ ਤਰ੍ਹਾਂ ਕਦੇ ਨਹੀਂ ਕਰ ਸਕਦੇ ਅਤੇ ਨਾ ਉਹ ਕਰਨ ਦੇਣਗੇ।

# ਲਾਠੀਚਾਰਜ ਤੋਂ ਨਾਰਾਜ਼ ਕਿਸਾਨਾਂ ਨੇ ਸਰਕਾਰੀ ਗੋਦਾਮ ਵਿੱਚ ਅੱਗ ਲਾਈ

ਉਨਾਵ, 18 ਨਵੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਉਨਾਵ ਜ਼ਿਲੇ ਵਿੱਚ ਟਰਾਂਸ ਗੰਗਾ ਸਿਟੀ ਵਾਸਤੇ ਲਈ ਜ਼ਮੀਨ ਦੇ ਮੁਆਵਜ਼ੇ ਬਾਰੇ ਅੰਦੋਲਨ ਕਰਦੇ ਕਿਸਾਨਾਂ ਨੇ ਖੁਦ 'ਤੇ ਲਾਠੀਚਾਰਜ ਤੋਂ ਨਾਰਾਜ ਹੋ ਕੇ ਐਤਵਾਰ ਨੂੰ ਉਤਰ ਪ੍ਰਦੇਸ਼ ਰਾਜ ਤਕਨੀਕੀ ਵਿਕਾਸ ਅਥਾਰਟੀ (ਯੂ ਪੀ ਸੀ ਡਾ) ਦੇ ਗੋਦਾਮ ਵਿੱਚ ਅੱਗ ਲਾ ਦਿੱਤੀ। ਸਮਾਜਵਾਦੀ ਪਾਰਟੀ ਅਤੇ ਕਾਂਗਰਸ ਨੇ ਇਸ ਮਾਮਲੇ 'ਤੇ ਸਰਕਾਰ ਬਾਰੇ ਕਿਹਾ ਕਿ ਉਹ ਕਿਸਾਨਾਂ ਨੂੰ ਕੁਚਲਣ ਉੱਤੇ ਤੁਲੀ ਹੋਈ ਹੈ।



ਜ਼ਿਲਾ ਉਨਾਵ ਦੇ ਐਡੀਸ਼ਨਲ ਜ਼ਿਲਾ ਮੈਜਿਸਟਰੇਟ ਰਾਕੇਸ਼ ਸਿੰਘ ਨੇ ਦੱਸਿਆ ਕਿ ਮੁਆਵਜ਼ੇ ਬਾਰੇ ਅੰਦੋਲਨ ਕਰਦੇ ਕਿਸਾਨਾਂ ਵਿੱਚ ਮੌਜੂਦ ਕੁਝ ਸ਼ਰਾਰਤੀ ਅਨਸਰਾਂ ਨੇ ਟਰਾਂਸ ਗੰਗਾ ਸਿਟੀ ਬਣਾ ਰਹੇ ਵਿਭਾਗ ਦੇ ਗੋਦਾਮ ਅਤੇ ਮਿਕਸਰ ਵਾਹਨ ਨੂੰ ਅੱਗ ਲਾ ਦਿੱਤੀ। ਇਸ ਨਾਲ ਗੋਦਾਮ ਵਿੱਚ ਰੱਖੀ ਪਲਾਸਟਿਕ ਪਾਈਪ ਦੇ ਸੜਨ ਕਾਰਨ ਅੱਗ ਨੇ ਭਿਆਨਕ ਰੂਪ ਧਾਰ ਲਿਆ। ਫਾਇਰ ਬ੍ਰਿਗੇਡ ਕਰਮਚਾਰੀਆਂ ਨੇ ਕਰੀਬ ਅੱਧੇ ਘੰਟੇ ਦੀ ਜੱਦੋਜਹਿਦ ਦੇ ਬਾਅਦ ਅੱਗ 'ਤੇ ਕਾਬੂ ਪਾ ਲਿਆ।

ਵਰਨਣ ਯੋਗ ਹੈ ਕਿ ਸ਼ਨੀਵਾਰ ਨੂੰ ਉਨਾਵ ਦੇ ਗੰਗਾ ਬੈਰਾਜ ਰੋਡ ਦੇ ਟਰਾਂਸ ਗੰਗਾ ਸਿਟੀ ਵਿੱਚ ਕੰਮ ਕਰਾਉਣ ਦੇ ਵਾਸਤੇ ਪਹੁੰਚੀ ਪ੍ਰਸ਼ਾਸਨ ਅਤੇ ਵਿਭਾਗ ਦੀ ਟੀਮ 'ਤੇ ਕਿਸਾਨਾਂ ਨੇ ਹਮਲਾ ਕਰ ਦਿੱਤਾ ਸੀ। ਪੁਲਸ ਨੇ ਭੀੜ 'ਤੇ ਲਾਠੀਚਾਰਜ ਕੀਤਾ ਤਾਂ ਭੜਕੇ ਕਿਸਾਨਾਂ ਨੇ ਪਥਰਾਓ ਕਰ ਦਿੱਤਾ, ਜਿਸ ਵਿੱਚ ਵਧੀਕ ਪੁਲਸ ਮੁਖੀ ਵਿਨੋਦ ਪਾਂਡੇ ਤੇ ਪੁਲਸ ਇਲਾਕਾ ਅਧਿਕਾਰੀ ਅੰਜਨੀ ਕੁਮਾਰ ਸਮੇਤ ਛੇ ਤੋਂ ਜ਼ਿਆਦਾ ਪੁਲਸ ਮੁਲਾਜ਼ਮ ਜ਼ਖਮੀ ਹੋ ਗਏ ਸਨ। ਜਵਾਬ ਵਿੱਚ ਪੁਲਸ ਦੇ ਲਾਠੀਚਾਰਜ ਵਿੱਚ 12 ਤੋਂ ਵੱਧ ਪਿੰਡ ਵਾਲੇ ਜ਼ਖਮੀ ਹੋ ਗਏ।

# ਜਲਵਾਯੂ ਤੇ ਜੀਵਨ ਵਿੱਚ ਜ਼ਹਿਰ ਘੋਲ ਰਹੇ ਹਨ ਘਟੀਆ ਕੀਟਨਾਸ਼ਕ

ਨਵੀਂ ਦਿੱਲੀ, 18 ਨਵੰਬਰ (ਪੋਸਟ ਬਿਊਰੋ)- ਖੁਰਾਕ ਸੁਰੱਖਿਆ ਨੂੰ ਸੁਰੱਖਿਅਤ ਕਰਨ ਵਾਲੇ ਕੀਟਨਾਸ਼ਕ ਸਾਡੀ ਸਿਹਤ ਲਈ ਗੰਭੀਰ ਖਤਰਾ ਬਣ ਗਏ ਹਨ। ਦੂਸਰੇ ਦੇਸ਼ਾਂ ਦੇ ਮੁਕਾਬਲੇ ਭਾਰਤ ਵਿੱਚ ਬਹੁਤ ਘੱਟ ਮਾਤਰਾ ਵਿੱਚ ਕੀਟਨਾਸ਼ਕਾਂ ਦਾ ਪ੍ਰਯੋਗ ਕਰਨ ਦੇ ਬਾਵਜੂਦ ਏਥੇ ਚੁਣੌਤੀਆਂ ਬਹੁਤ ਵਧ ਗਈਆਂ ਹਨ।



ਜਾਗਰੂਕਤਾ ਦੀ ਘਾਟ ਕਾਰਨ ਪਾਬੰਦੀ ਸ਼ੁਦਾ ਅਤੇ ਘਟੀਆ ਕੀਟਨਾਸ਼ਕਾਂ ਦੀ ਵਰਤੋਂ ਭਾਰਤ ਵਿੱਚ ਧੜੱਲੇ ਨਾਲ ਹੋ ਰਹੀ ਹੈ। ਇਸ ਦੇ ਉਤਪਾਦਨ, ਸਪਲਾਈ, ਵਿਕਰੀ ਅਤੇ ਪ੍ਰਯੋਗ ਲਈ ਬਣਾਏ ਨਿਯਮਾਂ ਦੀਆਂ ਹਦਾਇਤਾਂ ਜਾਰੀ ਨਾ ਹੋਣ ਕਾਰਨ ਮੁਸ਼ਕਲਾਂ ਬਹੁਤ ਵਧ ਗਈਆਂ ਹਨ। ਅਜਿਹੇ ਪਾਬੰਦੀ ਸ਼ੁਦਾ ਕੀਟਨਾਸ਼ਕਾਂ ਦੀ ਇੰਪੋਰਟ ਵੀ ਹੋ ਰਹੀ ਹੈ, ਜਿਹੜੇ ਜਲਵਾਯੂ ਅਤੇ ਲੋਕਾਂ ਦੇ ਜੀਵਨ ਵਿੱਚ ਜ਼ਹਿਰ ਘੋਲ ਰਹੇ ਹਨ। ਇਨ੍ਹਾਂ ਕੀਟਨਾਸ਼ਕਾਂ ਨਾਲ ਫਸਲਾਂ ਦੂਸ਼ਿਤ ਹੋ ਰਹੀਆਂ ਹੈ। ਖੇਤੀ ਦੇ ਬੁਨਿਆਦੀ ਢਾਂਚੇ ਮਿੱਟੀ, ਬੀਜ ਅਤੇ ਪਾਣੀ ਵਿੱਚ ਰੋਜ਼ ਜ਼ਹਿਰ ਘੁਲ ਰਿਹਾ ਹੈ। ਕੀਟਨਾਸ਼ਕਾਂ ਦੇ ਤਾਬੜਤੋੜ ਪ੍ਰਯੋਗ ਨਾਲ ਮਿੱਟੀ ਵਿਚ ਮੌਜੂਦ ਸੂਖਮ ਜੀਵਨ ਸਭ ਤੋਂ ਪਹਿਲਾਂ ਖਤਮ ਹੁੰਦੇ ਹਨ।

ਇਸ ਸੰਬੰਧ ਵਿੱਚ ਮਾਹਰਾਂ ਦਾ ਕਹਿਣਾ ਹੈ ਕਿ ਕੀਟ ਨਾਸ਼ਕਾਂ ਦੀ ਵਰਤੋਂ ਦੇ ਮਾਮਲੇ ਵਿੱਚ ਭਾਰਤ ਕਿਸੇ ਵੀ ਦੇਸ਼ ਤੋਂ ਪਿੱਛੇ ਹੈ, ਪਰ ਇਸ ਦੀ ਗਲਤ ਵਰਤੋਂ ਕਾਰਨ ਹਾਲਾਤ ਬੜੇ ਖਰਾਬ ਹਨ, ਜਿਸ 'ਤੇ ਬਿਨਾਂ ਕਿਸੇ ਦੇਰੀ ਦੇ ਰੋਕ ਲੱਗਣੀ ਚਾਹੀਦੀ ਹੈ। ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰਿਸਰਚ ਦੇ ਸਾਬਕਾ ਡਾਇਰੈਕਟਰ ਡਾ: ਮੰਗਲਾ ਰਾਏ ਕਹਿੰਦੇ ਹਨ ਕਿ ਭਾਰਤ ਵਿੱਚ ਪ੍ਰਤੀ ਹੈਕਟੇਅਰ 500 ਗਰਾਮ ਕੀਟਨਾਸ਼ਕ ਦਾ ਛਿੜਕਾ ਕੀਤਾ ਜਾਂਦਾ ਹੈ, ਜਾਪਾਨ ਵਿੱਚ ਇਹ 15 ਕਿਲੋਗਰਾਮ ਤੱਕ ਹੈ, ਪਰ ਭਾਰਤ ਵਿੱਚ ਕਿਹੜਾ ਕੀਟਨਾਸ਼ਕ ਵਰਤਿਆ ਜਾਂਦਾ ਹੈ, ਇਹ ਦੇਖਣ ਵਾਲਾ ਕੋਈ ਨਹੀਂ। ਏਥੇ ਪਿਛਲੇ ਦਿਨੀਂ ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਵੀ ਕਿਹਾ ਸੀ ਕਿ ਕੀਟਨਾਸ਼ਕਾਂ ਦੇ ਉਤਪਾਦਨ, ਸਪਲਾਈ, ਪ੍ਰਚੂਨ ਵਪਾਰੀਆਂ ਤੇ ਕਿਸਾਨਾਂ ਦਾ ਤਾਲਮੇਲ ਨਹੀਂ ਹੈ।

MICHELIN | Hankook | Continental | ROADLUX | BFGoodrich | AEOLUS | COMPASAL | Chevron Delo

Special OIL CHANGE Rates

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ

30 Truck Parking Also Available!

1715 Sismet Rd, Mississauga | Call Ranjit: 416.624.8351 | Tel: 905.625.0055

# ਹਾਂਗ ਕਾਂਗ ਵਿੱਚ ਯੂਨੀਵਰਸਿਟੀ ਵਿੱਚ ਪੁਲਸ ਉੱਤੇ ਤੀਰ ਵਰ੍ਹੇ



ਹਾਂਗ ਕਾਂਗ, 18 ਨਵੰਬਰ (ਪੋਸਟ ਬਿਊਰੋ)- ਇੱਕ ਦਿਨ ਦੀ ਸ਼ਾਂਤੀ ਪਿੱਛੋਂ ਹਾਂਗ ਕਾਂਗ ਵਿੱਚ ਫਿਰ ਹਿੰਸਾ ਭੜਕ ਉਠੀ ਹੈ। ਕਾਊਲੂਨ ਟਾਪੂ ਵਿੱਚ ਰੋਕਾਂ ਨਾਲ ਘਿਰੇ ਹਾਂਗ ਕਾਂਗ ਪਾਲੀਟੈਕਨਿਕ ਯੂਨੀਵਰਸਿਟੀ ਤੋਂ ਪੁਲਸ ਵਾਲਿਆਂ ਉਤੇ ਤੀਰਾਂ ਅਤੇ ਪੈਟਰੋਲ ਬੰਬਾਂ ਨਾਲ ਹਮਲਾ ਹੋਇਆ। ਪੁਲਸ ਨੇ ਜਵਾਬ ਵਿੱਚ ਅੰਦਲਨਕਾਰੀਆਂ 'ਤੇ ਅੱਥਰੂ ਗੈਸ ਦੇ ਗੋਲੇ ਛੱਡੇ ਤੇ ਨੀਲੇ ਰੰਗ ਦਾ ਤਰਲ ਪਦਾਰਥ ਛੱਡਿਆ। ਤੀਰ ਲੱਗਣ ਨਾਲ ਇੱਕ ਪੁਲਸ ਅਧਿਕਾਰੀ ਦੇ ਜ਼ਖਮੀ ਹੋਣ ਦੀ ਖਬਰ ਆਈ ਹੈ। ਕਰੀਬ ਛੇ ਮਹੀਨੇ ਦੇ ਅੰਦੋਲਨ ਵਿੱਚ ਪੁਲਸ 'ਤੇ ਪਹਿਲੀ ਵਾਰ ਤੀਰਾਂ ਨਾਲ ਹਮਲਾ ਹੋਇਆ ਹੈ।

ਪਤਾ ਲੱਗਾ ਹੈ ਕਿ ਅੰਦੋਲਨਕਾਰੀਆਂ ਨੇ ਇਸ ਲੜਾਈ ਦੀ ਤਿਆਰੀ ਕਈ ਦਿਨਾਂ ਤੋਂ ਕੀਤੀ ਹੋਈ ਸੀ। ਨਾਥਨ ਰੋਡ 'ਤੇ ਹੋਏ ਟਕਰਾਅ ਦੀ ਘਟਨਾ ਵਿੱਚ ਪੁਲਸ ਨੂੰ ਅੱਥਰੂ ਗੈਸ ਦੇ ਗੋਲੇ ਛੱਡਣੇ ਪਏ। ਕੁਝ ਹੋਰ ਥਾਵਾਂ 'ਤੇ ਪੁਲਸ ਅਤੇ ਅੰਦੋਲਨਕਾਰੀਆਂ ਦੀ ਟੱਕਰ ਦੀ ਖਬਰ ਮਿਲੀ ਹੈ। ਪਾਲੀਟੈਕਨਿਕ ਯੂਨੀਵਰਸਿਟੀ ਤੋਂ ਸ਼ਨੀਵਾਰ-ਐਤਵਾਰ ਵਾਲੀ ਪੂਰੀ ਰਾਤ ਪੁਲਸ 'ਤੇ ਹਮਲੇ ਹੋਏ ਸਨ। ਤੀਰਾਂ ਦੇ ਨਾਲ ਗੁਲੇਲ ਨਾਲ ਸੁੱਟ ਗਏ ਪੱਥਰਾਂ ਦੇ ਟੁਕੜੇ ਵੀ ਪੁਲਸ ਮੁਲਾਜ਼ਮਾਂ ਨੂੰ ਲੱਗੇ ਅਤੇ ਜਵਾਬ ਵਿੱਚ ਪੁਲਸ ਨੇ ਕੰਪਲੈਕਸ ਦੇ ਅੰਦਰ ਅੱਥਰੂ ਗੈਸ ਦੇ ਗੋਲੇ ਛੱਡੇ। ਪੁਲਸ ਨੇ ਕਿਹਾ ਹੈ ਕਿ ਦੰਗਾਕਾਰੀ ਲਗਾਤਾਰ ਪੱਥਰਾਂ ਅਤੇ ਪੈਟਰੋਲ ਬੰਬਾਂ ਨਾਲ ਹਮਲਾ ਕਰ ਰਹੇ ਹਨ। ਉਨ੍ਹਾਂ ਦੀਆਂ ਬਣਾਈਆਂ ਗੁਲੇਲਾਂ ਨਾਲ ਪੱਥਰ ਚਾਲੀ ਮੀਟਰ ਦੀ ਦੂਰੀ ਤੱਕ ਆ ਕੇ ਡਿੱਗ ਰਹੇ ਹਨ। ਪੁਲਸ ਨੇ ਕਿਹਾ ਕਿ ਯੂਨੀਵਰਸਿਟੀ ਕੰਪਲੈਕਸ ਤੋਂ ਹੋ ਰਹੇ ਇਹ ਹਮਲੇ ਤਣਾਅ ਵਧਾ ਰਹੇ ਹਨ।

ਯੂਨੀਵਰਸਿਟੀ ਕੰਪਲੈਕਸ ਵਿੱਚ ਬੈਠੇ ਸਿਵਲ ਇੰਜੀਨੀਅਰਿੰਗ ਦੇ ਵਿਦਿਆਰਥੀ ਜੋਰਿਸ (23) ਦੇ ਅਨੁਸਾਰ ਅੰਦੋਲਨਕਾਰੀ ਆਤਮ ਰੱਖਿਆ ਲਈ ਤੀਰ ਚਲਾ ਰਹੇ ਹਨ। ਵਿਦਿਆਰਥੀਆਂ ਦੇ ਖਿਲਾਫ ਪੁਲਸ ਦੀ ਹਿੰਸਾ ਹੱਦ ਪਾਰ ਕਰ ਗਈ ਹੈ। ਅਸੀਂ ਪੁਲਸ ਨੂੰ ਜਵਾਬ ਦੇਣਾ ਜਾਰੀ ਰੱਖਾਂਗੇ, ਬੇਸ਼ੱਕ ਜੇਲ੍ਹ ਜਾਣਾ ਪਵੇ। ਅਸੀਂ ਸਭ ਹਾਂਗਕਾਂਗ ਦੀ ਲੜਾਈ ਲੜ ਰਹੇ ਹਾਂ। ਮਹਾਨਗਰ ਦੀਆਂ ਪੰਜ ਯੂਨੀਵਰਸਿਟੀਆਂ ਦੇ ਕੰਪਲੈਕਸਾਂ ਨੂੰ ਅੰਦੋਲਨਕਾਰੀਆਂ ਨੇ ਕਬਜ਼ੇ ਵਿੱਚ ਲਿਆ ਹੋਇਆ ਹੈ। ਨਾਲ ਹੀ ਕ੍ਰਾਸ ਹਾਰਬਰ ਟਨਲ ਨੂੰ ਵੀ ਬੰਦ ਕੀਤਾ ਹੋਇਆ ਹੈ।

ਧਾਰਮਿਕ ਅਸਹਿਣਸ਼ੀਲਤਾ:

# ਪਾਕਿ ਦੀ ਈਸਾਈ ਔਰਤ ਪੱਤਰਕਾਰ ਨੇ ਤੰਗ ਆ ਕੇ ਨੌਕਰੀ ਛੱਡੀ



ਈਸਾਈ ਔਰਤ ਗੋਨਿਲਾ ਗਿੱਲ ਆਪਣੇ ਪਰਿਵਾਰ ਨਾਲ।

ਲਾਹੌਰ, 18 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿਚ ਧਾਰਮਿਕ ਅਸਹਿਣਸ਼ੀਲਤਾ ਦਾ ਇਕ ਨਵਾਂ ਮਾਮਲਾ ਸਾਹਮਣੇ ਆਇਆ ਹੈ। ਗੋਨਿਲਾ ਗਿੱਲ ਨਾਮਕ ਈਸਾਈ ਔਰਤ ਪੱਤਰਕਾਰ ਨੂੰ ਇਸ ਲਈ ਨੌਕਰੀ ਛੱਡਣੀ ਪਈ ਕਿ ਉਸ ਨੇ ਇਕ ਮੁਸਲਿਮ ਨਾਲ ਨਿਕਾਹ ਕੀਤਾ ਸੀ ਤੇ ਇਸਲਾਮ ਨਹੀਂ ਅਪਣਾਇਆ। ਇਸ ਕਾਰਨ ਉਸ ਨੂੰ ਮਾਨਸਿਕ ਤੌਰ ਉੱਤੇ ਪਰੇਸ਼ਾਨ ਕੀਤਾ ਜਾ ਰਿਹਾ ਸੀ। ਇਸ ਤੋਂ ਤੰਗ ਆ ਕੇ ਉਸ ਨੇ ਨੌਕਰੀ ਛੱਡ ਦਿੱਤੀ।

ਹੁਸਨੈਨ ਜਮੀਲ ਨਾਲ ਨਿਕਾਹ ਕਰਨ ਵਾਲੀ 38 ਸਾਲਾ ਗੋਨਿਲਾ ਗਿੱਲ 'ਦੁਨੀਆ ਨਿਊਜ਼' ਵਿਚ ਕੰਮ ਕਰਦੀ ਸੀ। ਉਸ ਨੂੰ ਕੰਮ ਵਾਲੀ ਥਾਂ ਆਪਣੇ ਧਰਮ ਅਤੇ ਇਸਲਾਮ ਨਾ ਅਪਣਾਉਣ ਬਾਰੇ ਅਪਮਾਨਿਤ ਕੀਤਾ ਜਾਂਦਾ ਸੀ। ਉਹ ਲਾਹੌਰ ਪ੍ਰੈੱਸ ਕਲੱਬ ਵਿਚ ਇਕਲੌਤੀ ਰਜਿਸਟਰਡ ਈਸਾਈ ਪੱਤਰਕਾਰ ਹੈ। ਉਸ ਦੇ ਪਤੀ ਨੇ ਕਿਹਾ ਕਿ ਗੋਨਿਲਾ ਦਾ ਕਹਿਣਾ ਹੈ ਕਿ ਮੇਰੀ ਆਸਥਾ ਦੇ ਬਾਰੇ ਫਾਲਤੂ ਗੱਲਾਂ ਕਰਦੇ ਹਨ, ਪ੍ਰੰਤੂ ਮੈਂ ਆਸ ਨਹੀਂ ਛੱਡਾਂਗੀ ਤੇ ਆਪਣੇ ਧਰਮ ਨਾਲ ਖੜ੍ਹੀ ਰਹਾਂਗੀ।

ਪਾਕਿਸਤਾਨ ਵਿਚ ਰਹਿਣ ਵਾਲੇ ਹਿੰਦੂ, ਸਿੱਖ, ਅਹਿਮਦੀਆ, ਈਸਾਈ ਤੇ ਸ਼ੀਆ ਵਰਗੇ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਦੀ ਹਾਲਤ ਚੰਗੀ ਨਹੀਂ। ਉਨ੍ਹਾਂ ਨੂੰ ਨਾ ਸਿਰਫ਼ ਕੱਟੜਪੰਥੀ ਲੋਕਾਂ, ਸਗੋਂ ਪ੍ਰਸ਼ਾਸਨ ਹੱਥੋਂ ਵੀ ਭੇਦਭਾਵ ਅਤੇ ਅਨਿਆਂ ਨਾਲ ਜੂਝਣਾ ਪੈਂਦਾ ਹੈ। ਪਿਛਲੇ ਸਮੇਂ ਵਿਚ ਘੱਟ ਗਿਣਤੀਆਂ ਦੇ ਜਬਰੀ ਧਰਮ ਪਰਿਵਰਤਨ, ਹੱਤਿਆ ਤੇ ਅਗਵਾ ਦੇ ਕਈ ਕੇਸ ਸਾਹਮਣੇ ਆਏ ਹਨ। ਇਸ ਬਾਰੇ ਅੰਤਰਰਾਸ਼ਟਰੀ ਪੱਧਰ ਉੱਤੇ ਪਾਕਿਸਤਾਨ ਦੀ ਖ਼ੂਬ ਆਲੋਚਨਾ ਹੋਈ ਹੈ।

# ਸੁਤੰਤਰ ਸਿੰਧੂ ਦੇਸ਼ ਦੀ ਮੰਗ, ਕਰਾਚੀ ਵਿੱਚ ਹਜ਼ਾਰਾਂ ਸਿੰਧੀਆਂ ਨੇ ਮਾਰਚ ਕੱਢਿਆ



ਕਰਾਚੀ, 18 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਿੰਧੀ ਭਾਈਚਾਰੇ ਨੇ ਵੱਖਰੇ ਸਿੰਧੂ ਦੇਸ਼ ਦੀ ਮੰਗ ਚੁੱਕੀ ਹੈ। ਆਜ਼ਾਦ ਸਿੰਧੂ ਦੇਸ਼ ਦੀ ਮੰਗ ਲਈ ਕਰਾਚੀ ਵਿੱਚ ਹਜ਼ਾਰਾਂ ਸਿੰਧੀਆਂ ਨੇ ਮਾਰਚ ਕੱਢਿਆ। ਆਪਣੀ ਮੰਗ ਦੇ ਸਮਰਥਨ ਵਿੱਚ ਸਾਰੇ ਦੇਸ਼ ਤੋਂ ਇਕੱਠੇ ਹੋਏ ਸਿੰਧੀ ਨਾਗਰਿਕਾਂ ਨੇ ਕਰਾਚੀ ਵਿੱਚ ਗੁਲਸ਼ਨ-ਇ-ਹਦੀਦ ਤੋਂ ਪ੍ਰੈੱਸ ਕੱਲਬ ਤਕ ਮਾਰਚ ਕੀਤਾ। ਉਨ੍ਹਾਂ ਦੇ ਹੱਥਾਂ ਵਿੱਚ ਸਿੰਧੂ ਦੇਸ਼ ਦੇ ਪ੍ਰਤੀਕ ਲਾਲ ਝੰਡੇ ਫੜੇ ਹੋਏ ਸਨ।

ਵਰਨਣ ਯੋਗ ਹੈ ਕਿ ਪਾਕਿਸਤਾਨ ਤੋਂ ਆਜ਼ਾਦ ਸਿੰਧੂ ਦੇਸ਼ ਬਣਾਉਣ ਦੀ ਮੰਗ ਪਹਿਲੀ ਵਾਰ 1972 ਵਿੱਚ ਸਿੰਧ ਦੇ ਆਗੂ ਜੀ ਐੱਮ ਸਈਦ ਨੇ ਉਠਾਈ ਸੀ। ਸਾਲ 1995 ਵਿੱਚ ਜੀ ਐੱਮ ਸਈਦ ਦੇ ਦੇਹਾਂਤ ਤੋਂ ਬਾਅਦ ਆਜ਼ਾਦ ਸਿੰਧੂ ਦੇਸ਼ ਦੇ ਅੰਦੋਲਨ ਨੂੰ ਅੱਗੇ ਜਾਰੀ ਰੱਖਣ ਲਈ ਇਕ ਪਾਰਟੀ ਜੀਏ ਸਿੰਧ ਕੌਮੀ ਮੁਹਾਜ (ਜੇ ਐੱਸ ਕਿਊ ਐੱਮ) ਦਾ ਬਣਾਈ ਗਈ ਸੀ। ਕਰਾਚੀ ਵਿੱਚ ਐਤਵਾਰ ਦਾ ਇਹ ਮਾਰਚ ਜੇ ਐੱਸ ਕਿਊ ਐੱਮ ਪਾਰਟੀ ਨੇ ਕੀਤਾ ਸੀ। ਇਸ ਪਾਰਟੀ ਦੇ ਮੌਜੂਦਾ ਪ੍ਰਧਾਨ ਸੁਨਾਨ ਕੁਰੈਸ਼ੀ ਅਤੇ ਹੋਰ ਕੌਮੀ ਨੇਤਾਵਾਂ ਨੇ ਇਸ ਮੌਕੇ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕੀਤਾ ਅਤੇ ਸਿੰਧੀ ਭਾਸ਼ਾ ਤੇ ਸਭਿਆਚਾਰ ਉੱਤੇ ਮੰਡਰਾ ਰਹੇ ਖ਼ਤਰੇ ਨੂੰ ਆਪਣੀਆਂ ਮੰਗਾਂ ਦਾ ਮੁੱਖ ਕਾਰਨ ਦੱਸਿਆ। ਸਿੰਧੀ ਭਾਈਚਾਰੇ ਦੀ ਰਾਏ ਹੈ ਕਿ ਸਿੰਧ ਆਪਣੇ ਆਪ ਵਿੱਚ ਵੱਖਰੀ ਕੌਮ ਹੈ, ਪਰ ਪਾਕਿਸਤਾਨ ਨੇ ਉਸ ਉੱਤੇ ਜ਼ਬਰੀ ਕਬਜ਼ਾ ਕੀਤਾ ਹੋਇਆ ਹੈ।

# ਪਾਕਿਸਤਾਨ ਦੀ ਮਦਦ ਯੂਰਪੀ ਯੂਨੀਅਨ ਕਰੇਗਾ

ਇਸਲਾਮਾਬਾਦ, 18 ਨਵੰਬਰ (ਪੋਸਟ ਬਿਊਰੋ)- ਅੱਤਵਾਦੀਆਂ ਨੂੰ ਸਮਰਥਨ ਦੇ ਦੋਸ਼ਾਂ ਅਤੇ ਵਿੱਤੀ ਸੰਕਟ ਨਾਲ ਜੂਝ ਰਹੇ ਪਾਕਿਸਤਾਨ ਨੂੰ ਯੂਰਪੀ ਯੂਨੀਅਨ (ਈ ਯੂ) ਨੇ ਵਿੱਤੀ ਕਾਰਵਾਈ ਕਾਰਜ ਫੋਰਸ (ਐਫ ਏ ਪੀ ਐਫ) ਦੀ ਕਾਰਜ ਯੋਜਨਾ ਨੂੰ ਲਾਗੂ ਕਰਨ ਲਈ ਤਕਨੀਕੀ ਮਦਦ ਦੇਣ ਦੀ ਪੇਸ਼ਕਸ਼ ਕੀਤੀ ਹੈ। ਪਾਕਿਸਤਾਨ ਨੇ ਐਫ ਏ ਟੀ ਐਫ ਕਾਰਜ ਯੋਜਨਾ ਨੂੰ ਲਾਗੂ ਕਰਨ ਵਿੱਚ ਈਯੂ ਦੀ ਤਕਨੀਕੀ ਮਦਦ ਦੀ ਪੇਸ਼ਕਸ਼ ਦਾ ਸਵਾਗਤ ਕੀਤਾ ਹੈ।

ਪਾਕਿਸਤਾਨੀ ਅਖਬਾਰ 'ਡਾਨ' ਵਿੱਚ ਛਪੀ ਖਬਰ ਮੁਤਾਬਕ ਬਰੱਸਲਜ਼ ਵਿੱਚ ਯੂਰਪੀ ਯੂਨੀਅਨ ਅਤੇ ਪਾਕਿ-ਸਤਾਨ ਦੇ ਸਾਂਝੇ ਕਮਿਸ਼ਨ ਦੇ 10ਵੇਂ ਸੈਸ਼ਨ ਦੀ ਸਮਾਪਤੀ ਪਿੱਛੋਂ ਜਾਰੀ ਸਾਂਝੇ ਪ੍ਰੈਸ ਬਿਆਨ ਵਿੱਚ ਇਸ ਤਰ੍ਹਾਂ ਦੀ ਮਦਦ ਦੀ ਪੇਸ਼ਕਸ਼ ਕੀਤੀ ਗਈ ਹੈ। ਬਿਆਨ ਵਿੱਚ ਕਿਹਾ ਗਿਆ ਕਿ ਦੋਵਾਂ ਧਿਰਾਂ ਨੇ ਪਾਕਿਸਤਾਨ ਵੱਲੋਂ ਐਫ ਏ ਟੀ ਐਫ ਵੱਲੋਂ ਤੈਅ ਕਾਰਜ ਯੋਜਨਾਵਾਂ ਨੂੰ ਲਾਗੂ ਕਰਨ ਦੇ ਮਹੱਤਵ 'ਤੇ ਜ਼ੋਰ ਦਿੱਤਾ ਹੈ। ਵਰਨਣ ਯੋਗ ਹੈ ਕਿ ਵਿਸ਼ਵ ਪੱਧਰ 'ਤੇ ਅੱਤਵਾਦੀ ਵਿੱਤੀ ਲੈਣ-ਦੇਣ 'ਤੇ ਨਜ਼ਰ ਰੱਖਣ ਵਾਲੇ ਐਫ ਏ ਟੀ ਐਫ ਨੇ ਪਿਛਲੇ ਮਹੀਨੇ ਹੀ ਪਾਕਿਸਤਾਨ ਨੂੰ 'ਗ੍ਰੇ ਸੂਚੀ ਯਾਨੀ ਨਿਗਰਾਨੀ ਸੂਚੀ' 'ਚ ਅਗਲੇ ਸਾਲ ਫਰਵਰੀ ਤੱਕ ਲਈ ਪਾਇਆ ਹੈ। ਅੱਤਵਾਦੀ ਸਰਗਰਮੀਆਂ ਲਈ ਧਨ ਇਕੱਠਾ ਕਰਨ ਅਤੇ ਫੰਡਿੰਗ ਕਰਾਉਣ ਦੇ ਖਿਲਾਫ ਪਾਕਿਸਤਾਨ ਵੱਲੋਂ ਢੁਕਵੀਂ ਕਾਰਵਾਈ ਨਾ ਕੀਤੇ ਜਾਣ 'ਤੇ ਐਫ ਏ ਟੀ ਐਫ ਨੇ ਇਹ ਕਦਮ ਚੁੱਕਿਆ ਸੀ।

ਅਸਲ ਵਿੱਚ ਪਾਕਿਸਤਾਨ ਨੂੰ ਪਿਛਲੇ ਸਾਲ ਜੂਨ ਵਿੱਚ ਪਾਇਆ ਸੀ ਤੇ ਇਸ ਸਬੰਧ ਵਿੱਚ ਇੱਕ ਕਾਰਜ ਯੋਜਨਾ ਵੀ ਸੌਂਪੀ ਸੀ, ਜਿਸ ਨੂੰ ਅਕਤੂਬਰ 2019 ਤੱਕ ਪੂਰਾ ਕਰਨਾ ਸੀ। ਇਸ ਕਾਰਜ ਯੋਜਨਾ ਨੂੰ ਪੂਰਾ ਨਾ ਕਰਨ 'ਤੇ ਪਾਕਿਸਤਾਨ ਨੂੰ ਈਰਾਨ ਅਤੇ ਉਤਰੀ ਕੋਰੀਆ ਦੇ ਨਾਲ 'ਕਾਲੀ ਸੂਚੀ' ਵਿੱਚ ਪਾਏ ਜਾਣ ਦੀ ਸੰਭਾਵਨਾ ਸੀ, ਪ੍ਰੰਤੂ ਐਫ ਏ ਟੀ ਐਫ ਦੀ ਮੀਟਿੰਗ ਵਿੱਚ ਸਮਰਥਕ ਦੇਸ਼ਾਂ ਦੀ ਮਦਦ ਨਾਲ ਇਹ ਕਾਲੀ ਸੂਚੀ ਵਿੱਚ ਜਾਣ ਤੋਂ ਬੱਚ ਗਿਆ ਅਤੇ ਉਸ ਨੂੰ ਅਗਲੇ ਸਾਲ ਫਰਵਰੀ ਤੱਕ ਕਾਰਜ ਯੋਜਨਾ ਨੂੰ ਪੂਰਾ ਕਰਨ ਦਾ ਸਮਾਂ ਮਿਲ ਗਿਆ।

# ਅਮਰੀਕਾ ਵਿੱਚ ਗੋਲੀਬਾਰੀ ਦੌਰਾਨ ਇੱਕੋ ਪਰਵਾਰ ਦੇ ਪੰਜ ਲੋਕਾਂ ਦੀ ਮੌਤ



ਲਾਂਸ ਏਂਜਲਸ, 18 ਨਵੰਬਰ (ਪੋਸਟ ਬਿਊਰੋ)- ਕੈਲੀਫੋਰਨੀਆਂ 'ਚ ਇੱਕ ਘਰ ਵਿੱਚ ਗੋਲੀਬਾਰੀ ਦੀ ਘਟਨਾ 'ਚ ਇੱਕ ਹੀ ਪਰਵਾਰ ਦੇ ਤਿੰਨ ਬੱਚਿਆਂ ਸਮੇਤ ਪੰਜ ਮੈਂਬਰਾਂ ਦੀ ਮੌਤ ਹੋ ਜਾਣ ਦੀ ਖਬਰ ਮਿਲੀ ਹੈ।

ਪੁਲਸ ਅਨੁਸਾਰ ਹਮਲਾਵਰ ਮ੍ਰਿਤਕਾਂ 'ਚੋਂ ਕੋਈ ਇੱਕ ਹੋ ਸਕਦਾ ਹੈ। ਇਹ ਘਟਨਾ ਪੈਰਾਡਾਈਜ਼ ਹਿੱਲ ਵਿਖੇ ਵਾਪਰੀ, ਜੋ ਅਮਰੀਕਾ-ਮੈਕਸੀਕੋ ਸਰਹੱਦ ਤੋਂ 35 ਕਿਲੋਮੀਟਰ ਦੂਰ ਉਤਰ ਵਿੱਚ ਹੈ। ਪੁਲਸ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ 6.49 ਵਜੇ ਫੋਨ ਆਇਆ, ਜਦੋਂ ਉਹ ਘਟਨਾ ਸਥਾਨ 'ਤੇ ਪਹੁੰਚੇ ਤਾਂ ਉਨ੍ਹਾਂ ਨੂੰ ਗੋਲੀ ਲੱਗਣ ਨਾਲ ਜ਼ਖਮੀ ਤਿੰਨ ਬੱਚੇ ਮਿਲੇ, ਜਦੋਂਕਿ ਤਿੰਨ ਸਾਲ ਦਾ ਬੱਚਾ, 29 ਸਾਲ ਦੀ ਔਰਤ ਤੇ 31 ਸਾਲ ਦਾ ਆਦਮੀ ਮ੍ਰਿਤਕ ਸਨ। ਉਨ੍ਹਾਂ ਦੱਸਿਆ ਕਿ ਜ਼ਖਮੀ ਪੰਜ ਅਤੇ ਨੌ ਸਾਲ ਦੇ ਬੱਚੇ ਨੂੰ ਹਸਪਤਾਲ ਲਿਜਾਇਆ ਗਿਆ ਪਰ ਦੋਵਾਂ ਨੇ ਦਮ ਤੋੜ ਦਿੱਤਾ ਅਤੇ 11 ਸਾਲ ਦੀ ਲੜਕੀ ਹਸਪਤਾਲ 'ਚ ਦਾਖਲ ਹੈ। ਪੁਲਸ ਅਨੁਸਾਰ ਇੱਕ ਮਾਂ ਤੇ ਚਾਰ ਬੱਚੇ ਮੁੱਖ ਘਰ ਦੇ ਨਜ਼ਦੀਕ ਇੱਕ ਫਲੈਟ 'ਚ ਰਹਿੰਦੇ ਸਨ, ਜਿੱਥੇ ਪਰਵਾਰ ਦੇ ਹੋਰ ਮੈਂਬਰ ਵੀ ਰਹਿੰਦੇ ਸਨ ਪਰ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਕੁੱਲ ਕਿੰਨੇ ਲੋਕ ਰਹਿੰਦੇ ਸਨ। ਪੁਲਸ ਨੂੰ ਘਰ 'ਚੋ ਇੱਕ ਬੰਦੂਕ ਵੀ ਮਿਲੀ ਹੈ।

# ਜੀਵ ਜੰਤੂਆਂ ਨੂੰ ਬਚਾਉਣ ਦੀ ਇੱਕ ਅਨੋਖੀ ਮੁਹਿੰਮ ਸ਼ੁਰੂ

ਐਡਨਬਰਾ, 18 ਨਵੰਬਰ (ਪੋਸਟ ਬਿਊਰੋ)- ਅੱਜ ਦੇ ਸਮੇਂ ਵਿੱਚ ਜਿਵੇਂ ਜੰਗਲ ਖਤਮ ਹੋ ਰਹੇ ਹਨ, ਉਸ ਨਾਲ ਜੰਗਲੀ ਜੀਵ ਜੰਤੂਆਂ ਦੀ ਹੋਂਦ 'ਤੇ ਖਤਰਾ ਲਗਾਤਾਰ ਵਧਦਾ ਜਾ ਰਿਹਾ ਹੈ। ਵਣ ਜੀਵ ਤੇ ਪਸ਼ੂਆਂ ਦੀ ਸੁਰੱਖਿਆ ਲਈ ਸਕਾਟਲੈਂਡ ਦੀ ਰਾਜਧਾਨੀ ਐਡਿਨਬਰਾ ਵਿੱਚ ਰਾਇਲ ਸਕੂਲ ਆਫ ਵੈਟਰਨਰੀ ਦੇ ਵਿਦਿਆਰਥੀਆਂ ਨੇ ਇੱਕ ਅਨੋਖੀ ਮੁਹਿੰਮ ਚਲਾਈ ਹੈ। ਕਾਲਜ ਦੇ ਕਰੀਬ 94 ਵਿਦਿਆਰਥੀਆਂ ਨੇ 2020 ਦੇ ਚੈਰਿਟੀ ਕੈਲੰਡਰ ਲਈ ਨਿਊਡ ਫੋਟੋ ਸ਼ੂਟ ਕਰਵਾਇਆ। ਇਸ 'ਚ ਉਹ ਜੰਗਲ ਵਿੱਚ ਜੀਵ ਜੰਤੂਆਂ ਦੇ ਨਾਲ ਪੋਜ ਦਿੰਦੇ ਵੀ ਨਜ਼ਰ ਆਏ।

ਇਸ ਚੈਰਿਟੀ ਦੇ ਰਾਹੀਂ ਅਜਿਹੇ ਜਾਨਵਰਾਂ ਦੀ ਦੇਖਭਾਲ ਲਈ ਪੈਸੇ ਇਕੱਠੇ ਕੀਤੇ ਜਾਣਗੇ, ਜੋ ਆਵਾਰਾ ਘੁੰਮਦੇ ਹਨ। ਨਾਲ ਬਿਮਾਰ ਅਤੇ ਜ਼ਖਮੀ ਪਸ਼ੂ ਪੰਛੀਆਂ ਦਾ ਇਲਾਜ ਵੀ ਕੀਤਾ ਜਾਵੇਗਾ। 2020 ਦੇ ਇਸ ਕੈਲੰਡਰ ਨੂੰ ਵਾਈਟਸ ਵੀਟਰੈਸ ਨਾਂਅ ਦਿੱਤਾ ਗਿਆ ਹੈ। ਸਾਰੇ ਵਿਦਿਆਰਥੀਆਂ ਨੇ ਘੋੜੇ, ਮਵੇਸ਼ੀ, ਪੰਛੀ, ਬਿੱਲੀਆਂ, ਬਾਰਾਂਸਿੰਙਾ ਦੇ ਨਾਲ ਫੋਟੋ ਖਿਚਵਾਈ। ਕਾਲਜ ਦੀ ਇੱਕ ਵਿਦਿਆਰਥਣ ਨੇ ਅੰਗਰੇਜ਼ੀ ਵੈੱਬਸਾਈਟ ਨੂੰ ਦੱਸਿਆ ਕਿ ਯੂਨੀਵਰਸਿਟੀ ਦੇ ਪਸ਼ੂ ਡਾਕਟਰ ਪਿਛਲੇ ਕੁਝ ਸਾਲਾਂ ਤੋਂ ਹਰ ਦੂਜੇ ਸਾਲ ਇੱਕ ਕੈਲੰਡਰ ਦਾ ਨਿਰਮਾਣ ਕਰਦੇ ਹਨ। ਇਸ ਸਾਲ ਵੀ ਇਸ ਨੂੰ ਤਿਆਰ ਕੀਤਾ ਜਾ ਰਿਹਾ ਹੈ। ਇਹ ਸਾਰੇ ਵਿਦਿਆਰਥੀਆਂ ਵੱਲੋਂ ਮੈਨਜ ਕੀਤਾ ਜਾਂਦਾ ਹੈ। ਉਨ੍ਹਾਂ ਨੇ ਇਸ ਆਈਡੀਆ ਨੂੰ ਐਡਿਨਬਰਗ ਯੂਨੀਵਰਸਿਟੀ ਅਤੇ ਰਾਇਲ (ਡਿਕ) ਸਕੂਲ ਆਫ ਵੈਟਰਨਰੀ ਸਟੱਡੀਜ਼ ਨੇ ਵੀ ਪੂਰਾ ਸਮਰਥਨ ਦਿੱਤਾ ਹੈ। ਇੰਟਰਨੈਟ 'ਤੇ ਵਿਦਿਆਰਥੀਆਂ ਦੇ ਇਸ ਕਦਮ ਨੂੰ ਜੰਮ ਕੇ ਸਰਾਹਿਆ ਜਾ ਰਿਹਾ ਹੈ।

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

# ਪਾਣੀਪਤ ਵਿੱਚ 155 ਕਰੋੜ ਦਾ ਟੈਕਸ ਘੋਟਾਲਾ, ਕਈ ਅਫਸਰਾਂ'ਤੇ ਕੇਸ ਦਰਜ ਹੋਵੇਗਾ



ਪਾਣੀਪਤ, 18 ਨਵੰਬਰ (ਪੋਸਟ ਬਿਊਰੋ)- ਜੀ ਐੱਸ ਟੀ ਰਿਫੰਡ ਅਤੇ ਵੈਟ ਨਾਲ ਸੰਬੰਧਤ ਸੀ-ਫਾਰਮ ਘੋਟਾਲੇ ਵਿੱਚ ਪਹਿਲੀ ਵਾਰ ਸੇਲ ਟੈਕਸ ਅਫਸਰਾਂ ਉੱਤੇ ਕੇਸ ਦਰਜ ਹੋਣ ਜਾ ਰਿਹਾ ਹੈ।

ਅਸਲ ਵਿੱਚ ਸੀ-ਫਾਰਮ ਘੋਟਾਲੇ ਵਿੱਚ ਸਰਕਾਰ ਨੇ ਪਾਣੀਪਤ ਸੇਲ ਟੈਕਸ ਵਿਭਾਗ ਵਿੱਚ ਈ ਟੀ ਓ (ਐਕਸਾਈਜ਼ ਐਂਡ ਟੈਕਸੇਸ਼ਨ ਆਫੀਸਰ) ਰਹਿ ਚੁੱਕੇ ਦਿਵਿਕ ਸ਼ਰਮਾ ਅਤੇ ਇੰਸਪੈਕਟਰ ਇੰਦਰਾਵਤੀ ਦੇ ਨਾਲ ਐਡਵੋਕੇਟ ਗੋਵਿੰਦ ਸ਼ਰਮਾ ਉੱਤੇ ਕੇਸ ਦਰਜ ਕਰਨ ਦੀ ਮਨਜ਼ੂਰੀ ਦਿੱਤੀ ਹੈ। ਸੇਲ ਟੈਕਸ ਵਿਭਾਗ ਦੀ ਜਾਂਚ ਵਿੱਚ ਦੋਸ਼ੀ ਪਾਏ ਜਾਣ ਦੇ ਬਾਅਦ ਇਨ੍ਹਾਂ 'ਤੇ ਕੇਸ ਦਰਜ ਕਰਨ ਦੇ ਲਈ ਮੁੱਖ ਮੰਤਰੀ ਤੋਂ ਮਨਜ਼ੂਰੀ ਮੰਗੀ ਸੀ। ਐਕਸਾਈਜ਼ ਅਤੇ ਅਤੇ ਟੈਕਸ ਕਮਿਸ਼ਨਰ ਤੇ ਵਿਭਾਗ ਦੇ ਵਿਸ਼ੇਸ਼ ਸੈਕਟਰੀ ਡਾਕਟਰ ਅਮਿਤ ਅਗਰਵਾਲ ਨੇ ਇਸ ਦੀ ਪੁਸ਼ਟੀ ਕੀਤੀ ਹੈ। ਡਾਕਟਰ ਅਗਰਵਾਲ ਨੇ ਕਿਹਾ ਕਿ ਪਾਣੀਪਤ ਐਕਸਾਈਜ਼ ਅਤੇ ਟੈਕਸ ਵਿਭਾਗ ਨੂੰ ਇਸ ਬਾਰੇ ਮੇਲ ਵੀ ਭੇਜ ਦਿੱਤੀ ਗਈ ਹੈ। ਪਾਣੀਪਤ ਨਾਲ ਜੁੜੇ ਇੱਕ ਅਧਿਕਾਰੀ ਨੇ ਮੇਲ ਮਿਲਣ ਦੀ ਪੁਸ਼ਟੀ ਕੀਤੀ। ਦੋਵੇਂ ਅਫਸਰ ਈ ਟੀ ਓ ਦਿਵਿਕ ਸ਼ਰਮਾ ਅਤੇ ਇੰਸਪੈਕਟਰ ਇੰਦਰਾਵਤੀ ਇਸ ਮਾਮਲੇ ਵਿੱਚ ਪਹਿਲਾਂ ਹੀ ਸਸਪੈਂਡ ਕੀਤੇ ਜਾ ਚੁੱਕੇ ਹਨ।

# ਆਸਟ੍ਰੇਲੀਆ ਦੀ ਕੁਆਂਟਸ ਨੇ ਲੰਡਨ ਤੋਂ ਸਿਡਨੀ ਤੱਕ ਸਾਢੇ 19 ਘੰਟੇ ਦੀ ਉਡਾਣ ਕੀਤੀ



ਪਰਥ, 18 ਨਵੰਬਰ (ਪੋਸਟ ਬਿਊਰੋ)- ਆਸਟ੍ਰੇਲੀਆ ਦੀ ਕੌਮੀ ਏਅਰਲਾਈਨ ਕੁਆਂਟਸ ਨੇ ਬੀਤੇ ਦਿਨੀਂ ਲੰਡਨ ਤੋਂ ਸਿਡਨੀ ਦੀ ਸਿੱਧੀ ਨਾਨ-ਸਟਾਪ ਉਡਾਣ ਸਾਢੇ 19 ਘੰਟੇ ਵਿੱਚ ਸਫਲਤਾ ਪੂਰਕ ਪੂਰੀ ਕਰ ਲਈ। ਇਹ ਟੈਸਟ ਲੰਬੀ ਦੂਰੀ ਦੀਆਂ ਸਿੱਧੀਆਂ ਨਾਨ-ਸਟਾਪ ਉਡਾਣਾਂ ਦੀ ਇਕ ਲੜੀ ਦੇ ਹਿੱਸੇ ਵਜੋਂ ਕੀਤਾ ਗਿਆ ਸੀ।

ਮਿਲੀ ਜਾਣਕਾਰੀ ਮੁਤਾਬਕ ਬੋਇੰਗ 787-9 ਡ੍ਰੀਮਲਾਈਨਰ ਵੀਰਵਾਰ ਸਵੇਰੇ ਲੰਡਨ ਦੇ ਹੀਥਰੋ ਹਵਾਈ ਅੱਡੇ ਤੋਂ ਉੱਡਿਆ ਅਤੇ ਸ਼ੁੱਕਰਵਾਰ 12:30 ਵਜੇ ਮਿੱਥੇ ਸਮੇਂ ਤੋਂ 45 ਮਿੰਟ ਦੇਰੀ ਨਾਲ ਸਿਡਨੀ ਏਅਰਪੋਰਟ ਉੱਤੇ ਪਹੁੰਚ ਗਿਆ। ਇਹ 17,800 ਕਿਲੋਮੀਟਰ (11,060 ਮੀਲ) ਦੀ ਯਾਤਰਾ ਪ੍ਰੋਜੈਕਟ ਸਨਰਾਈਜ਼ ਵਜੋਂ ਕੀਤੀ ਗਈ ਸੀ, ਜਿਸ ਦਾ ਟੀਚਾ ਆਸਟ੍ਰੇਲੀਆ ਦੇ ਪੂਰਬੀ ਤੱਟੀ ਸ਼ਹਿਰਾਂ ਬ੍ਰਿਸਬੇਨ, ਸਿਡਨੀ ਅਤੇ ਮੈਲਬੌਰਨ ਤੋਂ ਲੰਡਨ ਅਤੇ ਨਿਊਯਾਰਕ ਲਈ ਲਗਾਤਾਰ, ਨਾਨ-ਸਟਾਪ ਵਪਾਰਕ ਉਡਾਣਾਂ ਚਲਾਉਣਾ ਹੈ। ਪਿਛਲੇ ਮਹੀਨੇ, ਕੁਆਂਟਸ ਨੇ ਨਿਊਯਾਰਕ ਤੋਂ ਸਿਡਨੀ ਦੀ ਪਹਿਲੀ ਨਾਨ-ਸਟਾਪ ਉਡਾਣ ਨੂੰ ਪੂਰਾ ਕੀਤਾ ਤਾਂ ਇਸ ਨੂੰ 19 ਘੰਟੇ 16 ਮਿੰਟ ਲੱਗੇ ਸਨ। ਇਸੇ ਪ੍ਰੋਜੈਕਟ ਤੋਂ ਅਗਲੇ ਮਹੀਨੇ ਨਿਊਯਾਰਕ ਤੋਂ ਸਿਡਨੀ ਦੀ ਇਕ ਹੋਰ ਨਾਨ-ਸਟਾਪ ਉਡਾਰੀ ਭਰਨ ਦੀ ਆਸ ਹੈ।

ਪਤਾ ਲੱਗਾ ਹੈ ਕਿ ਇਸ ਟੈਸਟ ਦੌਰਾਨ ਕੁਆਂਟਸ ਦੇ ਜਹਾਜ਼ ਵਿੱਚ ਕੁੱਲ 52 ਲੋਕ ਸਵਾਰ ਸਨ, ਜਿਨ੍ਹਾਂ ਵਿੱਚ ਬਹੁਤੇ ਕੁਆਂਟਸ ਦੇ ਆਪਣੇ ਕਰਮਚਾਰੀ ਸਨ। ਇਸ ਦੌਰਾਨ ਉਨ੍ਹਾਂ ਨੇ ਵੱਖੋ ਵੱਖਰੇ ਤਜਰਬਿਆਂ ਵਿੱਚ ਹਿੱਸਾ ਲਿਆ, ਜਿਸ ਵਿੱਚ ਇਕ ਡਿਵਾਈਸ ਦੀ ਵਰਤੋਂ ਨਾਲ ਨੀਂਦ ਦੇ ਨਮੂਨੇ, ਖਾਣ-ਪੀਣ, ਰੌਸ਼ਨੀ ਅਤੇ ਸਰੀਰਕ ਕਸਰਤਾਂ ਸ਼ਾਮਲ ਸਨ। ਸਾਲ ਦੇ ਅੰਤ ਤੱਕ ਲੰਬੀ ਦੂਰੀ ਦੀਆਂ ਵਪਾਰਕ ਉਡਾਣਾਂ ਬਾਰੇ ਫੈਸਲਾ ਲਿਆ ਜਾ ਸਕਦਾ ਹੈ ਤੇ ਸਾਲ 2022 ਤੱਕ ਇਹ ਸਰਵਿਸ ਸ਼ੁਰੂ ਕੀਤੇ ਜਾਣ ਦੀ ਆਸ ਹੈ। ਇਹ ਇਸ ਰੂਟ ਉੱਤੇ ਇਸ ਤੋਂ ਪਹਿਲਾਂ ਇਕ ਹੋਰ ਵਪਾਰਕ ਫਲਾਈਟ ਉਡਾਣ ਭਰ ਚੁੱਕੀ ਹੈ। ਇਸ ਫਲਾਈਟ ਨੇ 1989 ਵਿੱਚ ਇਸ ਦੌਰਾਨ 20 ਘੰਟੇ 9 ਮਿੰਟ ਦਾ ਸਮਾਂ ਲਿਆ। ਕੁਆਂਟਸ ਦੇ ਚੀਫ ਕਾਰਜਕਾਰੀ ਅਧਿਕਾਰੀ ਅਲਾਨ ਜੌਇਸ ਅਤੇ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਸਕਾਟ ਮੌਰਿਸਨ ਨੇ ਚਾਲਕ ਦਲ ਅਤੇ ਯਾਤਰੀਆਂ ਦੇ ਆਉਣ ਉੱਤੇ ਸਵਾਗਤ ਕੀਤਾ, ਕਿਉਂਕਿ ਏਅਰਲਾਈਨ ਇਸ ਵਕਤ ਆਪਣਾ ਸ਼ਤਾਬਦੀ ਵਰ੍ਹਾ ਮਨਾ ਰਹੀ ਹੈ।

# ਸਟਾਫ ਨੂੰ ਧੋਖੇ ਵਿੱਚ ਰੱਖ ਕੇ ਜਹਾਜ਼ ਵਿੱਚ ਪੋਰਨ ਫਿਲਮ ਸ਼ੂਟ ਕਰ ਲਈ

ਲੰਡਨ, 18 ਨਵੰਬਰ (ਪੋਸਟ ਬਿਊਰੋ)- ਕੁਝ ਅਭਿਨੇਤਾਵਾਂ ਨੇ ਜਹਾਜ਼ ਦੇ ਸਟਾਫ ਨੂੰ ਧੋਖਾ ਦੇ ਕੇ ਮਿਊਜ਼ੀਅਮ ਵਿੱਚ ਰੱਖੇ ਗਏ ਇੱਕ ਜਹਾਜ਼ ਵਿੱਚ ਪੋਰਨ ਫਿਲਮ ਦੀ ਸ਼ੂਟਿੰਗ ਕਰ ਲਈ।

ਪਤਾ ਲੱਗਾ ਹੈ ਕਿ ਇਸ ਪਲੇਨ ਦੇ ਕਿਰਾਏ ਦੇ ਤੌਰ ਉਤੇ ਉਨ੍ਹਾਂ ਨੇ ਲਗਭਗ 9000 ਰੁਪਏ ਦਿੱਤੇ, ਪਰ ਅਡਲਟ ਫਿਲਮ ਦੀ ਸ਼ੂਟਿੰਗ ਦੀ ਜਾਣਕਾਰੀ ਉਨ੍ਹਾਂ ਨੂੰ ਨਹੀਂ ਦਿੱਤੀ ਸੀ। ਇਹ ਕੇਸ ਬ੍ਰਿਟੇਨ ਦੇ ਮਿਡਲੈਂਡ ਦੇ ਏਅਰ ਮਿਊਜ਼ੀਅਮ ਦਾ ਹੈ। ਇਸ ਏਅਰ ਮਿਊਜ਼ੀਅਮ ਵਿੱਚ ਆਮ ਲੋਕਾਂ ਤੇ ਬੱਚਿਆਂ ਦੀ ਮੌਜੂਦਗੀ ਵਿੱਚ ਅਡਲਟ ਫਿਲਮ ਦੀ ਸ਼ੂਟਿੰਗ 'ਤੇ ਕਈ ਸਵਾਲ ਖੜ੍ਹੇ ਹੋਏ ਹਨ। ਜਿਸ ਜਹਾਜ਼ ਵਿੱਚ ਸ਼ੂਟਿੰਗ ਕੀਤੀ ਗਈ, ਉਹ ਕਦੇ ਏਅਰ ਫਰਾਂਸ ਦਾ ਹੁੰਦਾ ਸੀ।

ਮਿਊਜ਼ੀਅਮ ਦੇ ਸਟਾਫ ਨੇ ਕਿਹਾ ਕਿ ਉਨ੍ਹਾਂ ਨੂੰ ਧੋਖੇ 'ਚ ਰੱਖ ਕੇ ਸ਼ੂਟਿੰਗ ਕੀਤੀ ਗਈ ਹੈ। ਸ਼ੂਟਿੰਗ ਲਈ ਕਲਾਕਾਰ ਪਾਇਲਟ ਤੇ ਏਅਰ ਹੋਸਟੈਸ ਦੇ ਕੱਪੜੇ ਪਹਿਨ ਕੇ ਆਏ ਸਨ। ਸਟਾਫ ਨੂੰ ਉਨ੍ਹਾਂ ਦੱਸਿਆ ਕਿ ਉਹ ਪਲੇਨ ਵਿੱਚ ਸਵਿਮ ਵੀਅਰ ਸੂਟ ਕਰਨ ਜਾ ਰਹੇ ਹਨ। ਮਿਊਜ਼ੀਅਮ ਦੇ ਮੈਨੇਜਰ ਨੇ ਕਿਹਾ ਕਿ ਅਕਸਰ ਲੋਕ ਯੂਨੀਫਾਰਮ 'ਚ ਆਉਂਦੇ ਹਨ ਤੇ ਪਲੇਨ ਦੇ ਅੰਦਰ ਐਕਟ ਕਰਦੇ ਹਨ, ਇਸ ਲਈ ਪਾਇਲਟ ਤੇ ਏਅਰਹੋਸਟੈਸ ਦੇ ਭੇਸ 'ਚ ਲੋਕਾਂ ਦੇ ਆਉਣ 'ਤੇ ਉਨ੍ਹਾਂ ਨੂੰ ਸ਼ੱਕ ਨਹੀਂ ਹੋਇਆ, ਪਰ ਉਹ ਗਲਤ ਕੰਮ ਕਰ ਕੇ ਚਲੇ ਗਏ।

# ਟਰੈਫਿਕ ਜਾਮ ਤੋਂ ਪ੍ਰੇਸ਼ਾਨ ਬੰਦਾ ਆਪਣਾ ਹੈਲੀਕਾਪਟਰ ਬਣਾ ਰਿਹੈ

ਜਕਾਰਤਾ, 18 ਨਵੰਬਰ (ਪੋਸਟ ਬਿਊਰੋ)- ਦਿਨੋ-ਦਿਨ ਸੜਕਾਂ 'ਤੇ ਗੱਡੀਆਂ ਦੀ ਗਿਣਤੀ ਵਧਦੀ ਜਾਂਦੀ ਹੈ ਅਤੇ ਇਸ ਦੇ ਕਾਰਨ ਟਰੈਫਿਕ ਜਾਮ ਦੀ ਹਾਲਤ ਗੰਭੀਰ ਹੁੰਦੀ ਜਾਂਦੀ ਹੈ। ਇਸ ਪ੍ਰੇਸ਼ਾਨੀ ਤੋਂ ਮੁਕਤੀ ਲਈ ਇੰਡੋਨੇਸ਼ੀਆ ਦੀ ਰਾਜਧਾਨੀ ਜਕਾਰਤਾ ਵਿੱਚ ਰਹਿਣ ਵਾਲੇ ਇੱਕ ਵਿਅਕਤੀ ਨੇ ਅਨੋਖਾ ਤਰੀਕਾ ਲੱਭਿਆ ਹੈ।

ਇਹ ਵਿਅਕਤੀ ਰੋਜ਼-ਰੋਜ਼ ਦੇ ਟਰੈਫਿਕ ਜਾਮ ਤੋਂ ਤੰਗ ਆ ਗਿਆ ਹੈ ਅਤੇ ਇਸ ਲਈ ਉਹ ਆਪਣਾ ਹੈਲੀਕਾਪਟਰ ਬਣਾ ਰਿਹਾ ਹੈ, ਤਾਂ ਜੋ ਉਸ ਨੂੰ ਟਰੈਫਿਕ ਜਾਮ ਵਿੱਚ ਨਾ ਫਸਣਾ ਪਵੇ। ਦੱਸਿਆ ਗਿਆ ਹੈ ਕਿ ਇਸ ਬੰਦੇ ਦਾ ਨਾਂਅ ਜੁਜੂਨ ਜੁਨੈਦੀ ਹੈ ਅਤੇ ਇਹ ਆਟੋ ਰਿਪੇਅਰ ਸ਼ਾਪ ਦਾ ਮਾਲਕ ਹੈ। ਖਬਰ ਮੁਤਾਬਕ ਅੱਠ ਮੀਟਰ ਲੰਬੇ ਇਸ ਹੈਲੀਕਾਪਟਰ ਨੂੰ ਬਣਾਉਣ ਦੇ ਪ੍ਰੋਜੈਕਟ 'ਤੇ ਕੰਮ ਕਰਦਿਆਂ ਉਸ ਨੂੰ ਤਕਰੀਬਨ ਇੱਕ ਸਾਲ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਸਾਲ 2020 ਦੀ ਸ਼ੁਰੂਆਤ ਵਿੱਚ ਉਹ ਇਸ ਕੰਮ ਨੂੰ ਪੂਰਾ ਕਰ ਦੇਵੇਗਾ। ਇਸ ਕੰਮ ਵਿੱਚ ਉਸ ਦੇ ਬੇਟੇ ਅਤੇ ਦੋਸਤ ਵੀ ਸਾਥ ਦੇ ਰਹੇ ਹਨ। ਹੁਣ ਤੱਕ ਇਸ ਕੰਮ 'ਤੇ 1.52 ਲੱਖ ਰੁਪਏ ਖਰਚ ਆ ਚੁੱਕੇ ਹਨ।

# ਗੋਰ ਸੀਨੀਅਰ ਕਲੱਬ ਨੇ ਕੁਈਨਜ਼ਪਾਰਕ ਦਾ ਟੂਰ ਲਾਇਆ



ਪਿਛਲੇ ਹਫ਼ਤੇ ਗੋਰ ਸੀਨੀਅਰਜ਼ ਕਲੱਬ ਤੇ ਡੌਨ ਮਿਨੇਕਰ ਸੀਨੀਅਰਜ਼ ਕਲੱਬ ਦੇ ਮੈਂਬਰਾਂ ਨੇ ਕੁਈਨਜ਼ ਪਾਰਕ ਦਾ ਟੂਰ ਲਾਇਆ। ਉਨ੍ਹਾਂ ਬਰੈਂਪਟਨ ਈਸਟ ਦੇ ਐਮਪੀਪੀ ਗੁਰਰਤਨ ਸਿੰਘ ਦੇ ਸਹਿਯੋਗ ਨਾਲ ਪਰਲੀਮੈਂਟ ਦੀ ਬਿਲਡਿੰਗ ਨੂੰ ਅੰਦਰੋਂ ਅਤੇ ਅੰਦਰ ਚੱਲ ਰਹੀ ਕਾਰਵਾਈ ਨੂੰ ਦੇਖਿਆ। ਸਾਰੇ ਕਲੱਬ ਮੈਂਬਰਾਂ ਨੇ ਇਸ ਟੂਰ ਦਾ ਆਨੰਦ ਮਾਣਿਆ। ਇਸ ਸਬੰਧੀ ਹੋਰ ਜਾਣਕਾਰੀ ਲਈ ਕਲੱਬ ਦੇ ਇੰਚਾਰਜ ਸੁਖਦੇਵ ਸਿੰਘ ਗਿੱਲ ਨਾਲ 416-602-5499 ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬੱਚਿਆਂ ਤੋਂ ਮਜ਼ਦੂਰੀ ਕਰਵਾਉਂਦਾ ਠੇਕੇਦਾਰ ਬੱਚੇ ਦੀ ਮੌਤ ਕਾਰਨ ਫਸ ਗਿਆ

ਲੁਧਿਆਣਾ, 18 ਨਵੰਬਰ (ਪੋਸਟ ਬਿਊਰੋ)- ਆਪਣੀ ਫੈਕਟਰੀ ਵਿੱਚ ਠੇਕੇਦਾਰ ਨੇ ਪੰਦਰਾਂ ਸਾਲਾਂ ਦੇ ਬੱਚੇ ਨੂੰ ਏਨੇ ਤਸੀਹੇ ਦਿੱਤੇ ਕਿ ਉਸ ਦੀ ਮੌਤ ਹੋ ਗਈ। ਇਸ ਬਾਰੇ ਥਾਣਾ ਲਾਡੋਵਾਲ ਦੀ ਪੁਲਿਸ ਨੇ ਝਾਰਖੰਡ ਵਾਸੀ ਮ੍ਰਿਤਕ ਲਵਕੁਸ਼ ਦੇ ਪਿਤਾ ਜੁਗਲ ਰਾਜਵਾਰ ਦੇ ਬਿਆਨਾਂ ਉੱਤੇ ਹੰਬੜਾਂ ਦੀ ਪਲਾਈਵੁੱਡ ਫੈਕਟਰੀ ਦੇ ਠੇਕੇਦਾਰ ਰਘਬੀਰ ਸਿੰਘ ਦੇ ਖ਼ਿਲਾਫ਼ ਗੈਰ-ਇਰਾਦਨ ਕਤਲ ਦਾ ਕੇਸ ਦਰਜ ਕਰਕੇ ਉਸ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਮੁਤਾਬਕ ਝਾਰਖੰਡ ਦਾ ਵਾਸੀ ਲਵਕੁਸ਼ ਬੀਤੇ ਛੇ ਮਹੀਨਿਆਂ ਤੋਂ ਹੰਬੜਾਂ ਦੀ ਮੈਸੂਰ ਪਲਾਈਵੁੱਡ ਫੈਕਟਰੀ ਵਿੱਚ ਮਜ਼ਦੂਰੀ ਕਰ ਰਿਹਾ ਸੀ। ਫੈਕਟਰੀ ਦਾ ਠੇਕੇਦਾਰ ਰਘਬੀਰ ਸਿੰਘ ਬੱਚੇ ਤੋਂ ਦੋ ਮਜ਼ਦੂਰਾਂ ਦੇ ਕਰਨ ਜਿੰਨਾ ਕੰਮ ਕਰਾਉਂਦਾ ਸੀ। ਜੇ ਉਹ ਮਨ੍ਹਾਂ ਕਰਦਾ ਤਾਂ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਦਾ ਸੀ। ਕੁਝ ਦਿਨ ਪਹਿਲਾ ਠੇਕੇਦਾਰ ਨੇ ਬੱਚੇ ਨੂੰ ਫਿਰ ਕੁੱਟਿਆ ਤਾਂ ਸੱਟਾਂ ਵੱਧ ਲੱਗਣ ਨਾਲ ਉਹ ਬੇਹੋਸ਼ ਹੋ ਗਿਆ। ਬੇਹੋਸ਼ੀ ਦੀ ਹਾਲਤ ਵਿੱਚ ਠੇਕੇਦਾਰ ਬੱਚੇ ਨੂੰ ਲੈ ਕੇ ਏਧਰ ਉਧਰ ਘੁੰਮਦਾ ਰਿਹਾ। ਜਦੋਂ ਉਸ ਦੀ ਹਾਲਤ ਨਾਜ਼ੁਕ ਹੋ ਗਈ ਤਾਂ ਠੇਕੇਦਾਰ ਨੇ ਬੱਚੇ ਨੂੰ ਚੰਡੀਗੜ੍ਹ ਪੀ ਜੀ ਆਈ ਹਸਪਤਾਲ ਚੰਡੀਗੜ੍ਹ ਭੇਜਿਆ, ਜਿੱਥੇ ਜ਼ਖ਼ਮਾਂ ਦੇ ਕਾਰਨ ਬੱਚੇ ਦੀ ਮੌਤ ਹੋ ਗਈ। ਇਸ ਬਾਰੇ ਥਾਣਾ ਲਾਡੋਵਾਲ ਦੀ ਪੁਲਿਸ ਨੇ ਬੱਚੇ ਦੇ ਪਿਤਾ ਦੇ ਬਿਆਨਾਂ ਉੱਤੇ ਠੇਕੇਦਾਰ ਰਘਬੀਰ ਸਿੰਘ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਏ ਸੀ ਪੀ ਸਮੀਰ ਵਰਮਾ ਦਾ ਕਹਿਣਾ ਹੈ ਕਿ ਦੋਸ਼ੀ ਦੀ ਤਲਾਸ਼ ਕੀਤੀ ਜਾ ਰਹੀ ਹੈ, ਉਸ ਨੂੰ ਜਲਦੀ ਫੜ ਲਿਆ ਜਾਵੇਗਾ।

# ਡਿਊਟੀ ਖਤਮ ਕਰ ਕੇ ਘਰ ਮੁੜਦੇ ਪੁਲਸ ਦੇ ਹੌਲਦਾਰ ਦੀ ਹਾਦਸੇ ਵਿੱਚ ਮੌਤ

ਮਮਦੋਟ, 18 ਨਵੰਬਰ (ਪੋਸਟ ਬਿਊਰੋ)- ਫਿਰੋਜ਼ਪੁਰ-ਫਾਜ਼ਿਲਕਾ ਸੜਕ 'ਤੇ ਪਿੰਡ ਹਾਮਦ ਦੇ ਨੇੜੇ ਇੱਕ ਕਾਰ ਚਾਲਕ ਨੇ ਬਾਈਕ ਸਵਾਰ ਨੌਜਵਾਨ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ ਤਾਂ ਬਾਈਕ ਸਵਾਰ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਪੰਜਾਬ ਪੁਲਸ ਵਿੱਚ ਹੌਲਦਾਰ ਸੀ ਅਤੇ ਉਸ ਦੀ ਡਿਊਟੀ ਫਿਰੋਜ਼ਪੁਰ ਕੇਂਦਰੀ ਜੇਲ੍ਹ ਵਿੱਚ ਸੀ।

ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਹਰਦੀਪ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਬੋਦਲ (ਮਮਦੋਟ) ਪੰਜਾਬ ਪੁਲਸ ਵਿੱਚ ਹੌਲਦਾਰ ਸੀ ਅਤੇ ਉਸ ਦੀ ਡਿਊਟੀ ਫਿਰੋਜ਼ਪੁਰ ਪੁਲਸ ਲਾਈਨ ਵਿੱਚ ਸੀ। ਐਤਵਾਰ ਦੁਪਹਿਰ ਸਮੇਂ ਉਹ ਡਿਊਟੀ ਖਤਮ ਹੋਣ ਦੇ ਬਾਅਦ ਬਾਈਕ 'ਤੇ ਫਿਰੋਜ਼ਪੁਰ ਤੋਂ ਆਪਣੇ ਪਿੰਡ ਬੋਦਲ ਜਾ ਰਿਹਾ ਸੀ। ਜਦ ਉਹ ਹਾਮਦ ਪਿੰਡ ਨੇੜੇ ਪਹੁੰਚਿਆ ਤਾਂ ਉਸ ਦੀ ਬਾਈਕ ਨੂੰ ਪਿੱਛੋਂ ਆਈ ਤੇਜ਼ ਰਫਤਾਰ ਕਾਰ ਨੇ ਟੱਕਰ ਮਾਰ ਦਿੱਤੀ। ਘਟਨਾ ਵਿੱਚ ਮ੍ਰਿਤਕ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਆਪਣੇ ਪਿੱਛੇ ਤਿੰਨ ਲੜਕੀਆਂ ਛੱਡ ਗਿਆ ਹੈ। ਹਰਦੀਪ ਸਿੰਘ 2011 ਵਿੱਚ ਸਿਪਾਹੀ ਭਰਤੀ ਹੋਇਆ ਸੀ ਅਤੇ ਉਸ ਦੀ ਡਿਊਟੀ ਜ਼ਿਆਦਾਤਰ ਵੀ ਆਈ ਪੀ ਨਾਲ ਹੀ ਰਹੀ। ਅਜੇ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤੈਨਾਤ ਸੀ। ਮ੍ਰਿਤਕ ਦੇ ਭਰਾ ਨੇ ਦੱਸਿਆ ਕਿ 2016 ਵਿੱਚ ਹਰਦੀਪ ਹੌਲਦਾਰ ਤਰੱਕੀ ਹੋਇਆ ਸੀ। ਇਸ ਤੋਂ ਪਹਿਲਾਂ ਉਸ ਦੀ ਡਿਊਟੀ ਪੁਲਸ ਲਾਈਨ ਵਿੱਚ ਸੀ। ਉਹ ਰੋਜ਼ਾਨਾ ਆਪਣੇ ਘਰ ਤੋਂ ਆਉਂਦਾ ਜਾਂਦਾ ਸੀ।

# ਨੌਜਵਾਨ ਨੇ ਲੜਕੀ ਨੂੰ ਗੋਲੀ ਮਾਰਨ ਪਿੱਛੋਂ ਖੁਦਕੁਸ਼ੀ ਕਰ ਲਈ

* ਜ਼ਖਮੀ ਹੋਈ ਲੜਕੀ ਦੀ ਹਾਲਤ ਗੰਭੀਰ

ਬਟਾਲਾ, 18 ਨਵੰਬਰ (ਪੋਸਟ ਬਿਊਰੋ)- ਬਟਾਲਾ ਵਿੱਚ ਇੱਕ ਲੜਕੇ ਵੱਲੋਂ ਲੜਕੀ ਨੂੰ ਭੇਦਭਰੀ ਹਾਲਤ 'ਚ ਗੋਲੀ ਮਾਰਨ ਦੀ ਖਬਰ ਹੈ। ਇਸ ਦੇ ਬਾਅਦ ਇਸ ਲੜਕੇ ਨੇ ਆਪਣੇ-ਆਪ ਨੂੰ ਵੀ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ।

ਪਤਾ ਲੱਗਾ ਹੈ ਕਿ ਇਹ ਲੜਕੀ ਬਟਾਲਾ ਦੇ ਮੁਰਗੀ ਮੁਹੱਲਾ ਵਿੱਚ ਕਿਰਾਏ ਦੇ ਮਕਾਨ 'ਚ ਇਕੱਲੀ ਰਹਿ ਰਹੀ ਸੀ। ਇਸ ਬਾਰੇ ਬਟਾਲਾ ਪੁਲਸ ਕਾਰਵਾਈ ਕਰ ਰਹੀ ਹੈ। ਮ੍ਰਿਤਕ ਲੜਕੀ ਦੀ ਮਕਾਨ ਮਾਲਕ ਰਣਜੀਤ ਕੌਰ ਨੇ ਦੱਸਿਆ ਕਿ ਲੜਕੀ ਮੀਨਾ (30) ਪਿੰਡ ਦਾਬਾਂਵਾਲੀ ਏਥੇ ਬਿਊਟੀ ਪਾਰਲਰ ਦਾ ਕੰਮ ਕਰਦੀ ਸੀ ਅਤੇ ਪਿਛਲੇ ਚਾਰ ਕੁ ਮਹੀਨਿਆਂ ਤੋਂ ਉਨ੍ਹਾਂ ਦੇ ਘਰ ਉਪਰਲੀ ਮੰਜਿਲ 'ਤੇ ਕਿਰਾਏ ਉੱਤੇ ਰਹਿ ਰਹੀ ਸੀ। ਉਨ੍ਹਾਂ ਦੱਸਿਆ ਕਿ ਮੇਜਰ ਸਿੰਘ (35) ਪਿੰਡ ਡੋਗਰ ਦੀਵਾਲੀ ਵਾਲੇ ਦਿਨ ਇਥੇ ਆਇਆ ਸੀ ਤੇ ਮੀਨਾ ਉਸ ਲੜਕੇ ਨੂੰ ਆਪਣਾ ਰਿਸ਼ਤੇ 'ਚ ਮਾਮਾ ਦੱਸਦੀ ਸੀ। ਮਕਾਨ ਮਾਲਕ ਨੇ ਦੱਸਿਆ ਕਿ ਕੱਲ੍ਹ ਫਿਰ ਜਦੋਂ ਮੇਜਰ ਸਿੰਘ ਇੱਥੇ ਆਇਆ ਤਾਂ ਉਸ ਨੇ ਕੋਠੇ 'ਤੇ ਜਾ ਕੇ ਮੀਨਾ ਨੂੰ ਗੋਲੀ ਮਾਰ ਦਿੱਤੀ ਤੇ ਖੁਦ ਨੂੰ ਵੀ ਗੋਲੀ ਮਾਰ ਲਈ। ਉਨ੍ਹਾਂ ਦੱਸਿਆ ਕਿ ਮੇਜਰ ਸਿੰਘ ਦੀ ਮੌਤ ਹੋ ਗਈ ਅਤੇ ਮੀਨਾ ਨੂੰ ਸਰਕਾਰੀ ਹਸਪਤਾਲ ਭੇਜਿਆ ਗਿਆ, ਜਿੱਥੇ ਡਾਕਟਰਾਂ ਵੱਲੋਂ ਉਸ ਦੀ ਹਾਲਤ ਗੰਭੀਰ ਵੇਖਦਿਆਂ ਉਸ ਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ। ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਡੀ ਐਸ ਪੀ ਸਿਟੀ ਬਾਲਕਿਸ਼ਨ ਸਿੰਗਲਾ ਨੇ ਕਿਹਾ ਕਿ ਪੁਲਸ ਵੱਲੋਂ 12 ਬੋਰ ਰਾਈਫਲ ਨੂੰ ਕਬਜ਼ੇ 'ਚ ਲੈ ਕੇ ਘਟਨਾ ਸਬੰਧੀ ਤਫਤੀਸ਼ ਕੀਤੀ ਜਾ ਰਹੀ ਹੈ।

# 12 ਸਾਲ ਤੋਂ ਸੀਨੇ ਵਿੱਚ ਗੋਲੀ ਲੈ ਕੇ ਡਿਊਟੀ ਕਰ ਰਹੇ ਹਨ ਐੱਸ ਐੱਸ ਪੀ ਮਿਨਹਾਸ

ਰਾਜੌਰੀ, 18 ਨਵੰਬਰ (ਪੋਸਟ ਬਿਊਰੋ)- ਅੱਤਵਾਦੀ ਹਮਲੇ ਵਿੱਚ ਜ਼ਖਮੀ ਹੋਇਆ ਇੱਕ ਪੁਲਸ ਅਧਿਕਾਰੀ ਪਿਛਲੇ 12 ਸਾਲਾਂ ਤੋਂ ਸੀਨੇ ਵਿੱਚ ਗੋਲੀ ਲੈ ਕੇ ਡਿਊਟੀ ਕਰ ਰਿਹਾ ਹੈ ਅਤੇ ਉਸ ਦੇ ਸੀਨੇ ਵਿੱਚੋਂ ਗੋਲੀ ਨੂੰ ਕੱਢਣ ਦੀ ਕੋਸ਼ਿਸ਼ ਕੀਤੀ ਜਾਏ ਤਾਂ ਉਸ ਦੀ ਜਾਨ ਜਾ ਸਕਦੀ ਹੈ। ਇਸ ਲਈ ਡਾਕਟਰਾਂ ਨੇ ਗੋਲੀ ਕੱਢਣ ਤੋਂ ਮਨ੍ਹਾ ਕਰ ਦਿੱਤਾ ਹੈ। ਸੀਨੇ ਵਿੱਚ ਗੋਲੀ ਕਾਰਨ ਜਦ ਕਦੇ ਉਨ੍ਹਾਂ ਨੂੰ ਦਰਦ ਹੁੰਦਾ ਹੈ ਤਾਂ ਉਹ ਦਵਾਈ ਲੈ ਕੇ ਥੋੜ੍ਹਾ ਆਰਾਮ ਕਰ ਲੈਂਦੇ ਹਨ ਤੇ ਜਦੋਂ ਦਰਦ ਘੱਟ ਹੋ ਜਾਂਦਾ ਹੈ ਤਾਂ ਫਿਰ ਤੋਂ ਆਪਣੀ ਡਿਊਟੀ ਉੱਤੇ ਹਾਜ਼ਰ ਹੁੰਦੇ ਹਨ।

ਐੱਸ ਐੱਸ ਪੀ ਰਾਜੌਰੀ ਜੁਗਲ ਮਿਨ-ਹਾਸ ਆਪਣੀ ਡਿਊਟੀ ਬਿਨਾਂ ਕਿਸੇ ਗੱਲ ਦੀ ਪ੍ਰਵਾਹ ਕਰਦੇ ਹੋਏ ਤਨਦੇਹੀ ਨਾਲ ਨਿਭਾ ਰਹੇ ਅਤੇ ਕਈ ਮੈਡਲ ਪ੍ਰਾਪਤ ਕਰ ਚੁੱਕੇ ਹਨ। ਜੁਗਲ ਮਿਨਹਾਸ ਇਸ ਤੋਂ ਪਹਿਲਾਂ ਕਿਸ਼ਤਵਾੜ ਐੱਸ ਐੱਸ ਪੀ ਰਹਿ ਚੁੱਕੇ ਹਨ ਤੇ ਉਹ ਅੱਤਵਾਦੀਆਂ ਨਾਲ ਮੁਕਾਬਲਾ ਕਰਨ ਵਾਲੇ ਆਪਰੇਸ਼ਨ ਗਰੁੱਪ ਐੱਸ ਓ ਜੀ ਵਿੱਚ ਵੀ ਤੈਨਾਤ ਰਹਿ ਚੁੱਕੇ ਹਨ। 23 ਮਾਰਚ 2007 ਨੂੰ ਉਹ ਪੁਣਛ ਦੇ ਮੇਂਢਰ ਵਿੱਚ ਐੱਸ ਡੀ



ਪੀ ਓ ਵਜੋਂ ਤੈਨਾਤ ਸਨ ਅਤੇ ਉਸੇ ਸਮੇਂ ਅੱਤਵਾਦੀ ਹਮਲਾ ਹੋਇਆ ਸੀ। ਉਹ ਘਰ ਤੋਂ ਆਪਣੇ ਦਫਤਰ ਵੱਲ ਨਿਕਲੇ ਸਨ, ਕਰੀਬ 9.30 ਵਜੇ ਉਨ੍ਹਾਂ ਦੇ ਦਫਤਰ ਦੇ ਨੇੜੇ ਲੁਕ ਕੇ ਬੈਠੇ ਅੱਤਵਾਦੀਆਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਉਨ੍ਹਾਂ ਦੀ ਜਿਪਸੀ 'ਤੇ ਅੰਧਾਧੁੰਦ ਫਾਇਰਿੰਗ ਕੀਤੀ ਗਈ ਅਤੇ ਉਨ੍ਹਾਂ ਨੂੰ ਏ ਕੇ 56 ਰਾਈਫਲ ਦੀਆਂ ਪੰਜ ਗੋਲੀਆਂ ਲੱਗੀਆਂ ਸਨ। ਅੱਤਵਾਦੀ ਉਨ੍ਹਾਂ ਨੂੰ ਆਪਣੇ ਵੱਲੋਂ ਮਾਰ ਕੇ ਭੱਜ ਗਏ ਸਨ। ਹਮਲੇ ਦੇ ਬਾਅਦ ਜਦ ਮੌਕੇ 'ਤੇ ਪੁਲਸ ਟੀਮ ਪਹੁੰਚੀ ਤਾਂ ਜੁਗਲ ਮਿਨਹਾਸ ਦੇ ਸਾਹ ਚੱਲ ਰਹੇ ਸਨ ਅਤੇ ਪੁਲਸ ਉਨ੍ਹਾਂ ਨੂੰ ਤੁਰੰਤ ਹਸਪਤਾਲ ਲੈ ਗਈ। ਹਸਪਤਾਲ ਵਿੱਚ ਮੁੱਢਲੇ ਇਲਾਜ ਦੇ ਬਾਅਦ ਉਨ੍ਹਾਂ ਨੂੰ ਹੈਲੀਕਾਪਟਰ ਰਾਹੀਂ ਜੰਮੂ ਵਿੱਚ ਜੀ ਐੱਮ ਸੀ ਹਸਪਤਾਲ ਰੈਫਰ ਕਰ ਦਿੱਤਾ ਗਿਆ। ਓਥੇ ਡਾਕਟਰਾਂ ਨੇ ਉਨ੍ਹਾਂ ਦੀਆਂ ਚਾਰ ਗੋਲੀਆਂ ਕੱਢੀਆਂ, ਪਰ ਇੱਕ ਗੋਲੀ ਉਨ੍ਹਾਂ ਦੇ ਸਰੀਰ ਦੇ ਅੰਦਰ ਰਹਿ ਗਈ। ਇਸ ਮਗਰੋਂ ਦਿੱਲੀ ਏਮਜ਼ ਵਿੱਚ ਵੀ ਉਨ੍ਹਾਂ ਦਾ ਕਾਫੀ ਸਮਾਂ ਇਲਾਜ ਚੱਲਿਆ, ਪ੍ਰੰਤੂ ਉਥੇ ਵੀ ਡਾਕਟਰ ਉਨ੍ਹਾਂ ਦੀ ਗੋਲੀ ਨਹੀਂ ਕੱਢ ਸਕੇ। ਡਾਕਟਰਾਂ ਨੇ ਦੱਸਿਆ ਕਿ ਗੋਲੀ ਨਾਲ ਉਨ੍ਹਾਂ ਦੀ ਜਾਨ ਜਾ ਸਕਦੀ ਹੈ।

A/Z CITY DRIVER WANTED
INNOVATION Transportation
∘A/Z City Drivers Needed
∘Good Pay and good Mileage
∘Day, Afternoon & Weekend Shifts
∘Weekly Pay
$22 /Hour
∘7 Days Work ∘All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

Girl Needed for Sharing Room
25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ
1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲੱਬਧ ਹੈ।
Brampton (Airport & Bovaird)
437-236-8153




## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
IMMIGRATION SERVICES
✲ Visitor Visa
✲ Super Visa
✲ Study,Work,Visitor Extension Visa
✲ Spousal Applications
✲ Family Sponsorship
✲ Permanent Residence Card Renewal
✲ Citizenship Application
✲ All Invitation Letters
OTHER PRACTICES
✲ Criminal Law
✲ Family Law
✲ Power of Attorney
✲ Change of Name
✲ Notarization
✲ Travel Consent
✲ Affidavit
✲ Landlord and Tenant Matters
AVTAR UPPAL Manager
AMAN UPPAL Barrister,Solicitor
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
FREE Consultation
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢੇਸਾ

# ਭਾਰਤੀ ਮੂਲ ਦੇ ਅਮਰੀਕੀ ਸਿੱਖਾਂ ਵਿਰੁਧ ਨਫ਼ਰਤੀ ਅਪਰਾਧਾਂ ਵਿਚ ਨਿਰੰਤਰ ਵਾਧਾ



ਕੈਲੀਫੋਰਨੀਆ ਹੁਸਨ ਲੜੋਆ ਬੰਗਾ)- 2017 ਤੋਂ ਬਾਅਦ ਭਾਰਤੀ ਮੂਲ ਦੇ ਅਮਰੀਕੀਆਂ ਵਿਰੁੱਧ ਨਫ਼ਰਤੀ ਅਪਰਾਧਾਂ ਵਿਚ ਵਾਧਾ ਹੋਇਆ ਹੈ। ਇਹ ਖੁਲਾਸਾ ਐਫ ਬੀ ਆਈ ਵੱਲੋਂ ਜਾਰੀ ਇਕ ਤਾਜ਼ਾ ਰਿਪੋਰਟ ਵਿਚ ਕੀਤਾ ਗਿਆ ਹੈ। ਸਿੱਖ ਹਲਕਿਆਂ ਵਿਚ ਇਸ ਰਿਪੋਰਟ ਨੂੰ ਸਹੀ ਨਹੀਂ ਸਮਝਿਆ ਜਾ ਰਿਹਾ। ਇਨਾਂ ਹਲਕਿਆਂ ਦਾ ਕਹਿਣਾ ਹੈ ਕਿ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਦੀ ਗਿਣਤੀ ਬਹੁਤ ਜਿਆਦਾ ਹੈ। ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ (ਸਾਲਡੈਫ) ਦੇ ਕਮਿਊਨੀਕੇਸ਼ਨ ਡਾਇਰੈਕਟਰ ਗੁਜਾਰੀ ਸਿੰਘ ਨੇ ਇਸ ਰਿਪੋਰਟ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਐਫ ਬੀ ਆਈ ਦੇ ਯੁਨਾਈਟਿਡ ਕਰਾਈਮ ਰਿਪੋਰਟਿੰਗ ਪ੍ਰੋਗਰਾਮ ਤਹਿਤ 16000 ਤੋਂ ਵਧ ਲਾਅ ਇਨਫੋਰਸਮੈਂਟ ਤੇ ਹੋਰ ਏਜੰਸੀਆਂ ਨੂੰ ਨਫ਼ਰਤੀ ਅਪਰਾਧ ਦੇ ਅੰਕੜੇ ਦੇਣ ਲਈ ਕਿਹਾ ਗਿਆ ਸੀ ਪਰ ਇਹ ਏਜੰਸੀਆਂ ਇਹ ਅੰਕੜੇ ਦੇਣ ਲਈ ਪਾਬੰਦ ਨਹੀਂ ਹਨ। ਇਸ ਲਈ ਨਫ਼ਰਤੀ ਅਪਰਾਧਾਂ ਦੇ ਜਾਰੀ ਅੰਕੜੇ ਠੀਕ ਨਹੀਂ ਹੋ ਸਕਦੇ। ਸਾਲਡੈਫ ਨੇ ਅਮਰੀਕੀ ਸਿੱਖਾਂ ਨੂੰ ਉਨਾਂ ਨਾਲ ਵਾਪਰਦੇ ਨਫ਼ਰਤੀ ਅਪਰਾਧਾਂ ਦੀ ਰਿਪਰੋਟ ਹਰ ਹਾਲਤ ਵਿਚ ਦਰਜ ਕਰਵਾਉਣ ਲਈ ਪ੍ਰੇਰਤ ਕੀਤਾ ਹੈ। ਸਿੱਖ ਕੁਲੀਸ਼ਨ ਅਨੁਸਾਰ ਸਿੱਖ ਤੀਸਰਾ ਭਾਈਚਾਰਾ ਹੈ ਜਿਸ ਉਪਰ ਸਭ ਤੋਂ ਵਧ ਨਫ਼ਰਤੀ ਹਮਲੇ ਹੁੰਦੇ ਹਨ। 2017 ਤੋਂ ਬਾਅਦ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ 'ਚ 200% ਦਾ ਵਾਧਾ ਹੋਇਆ ਹੈ। ਸਿੱਖ ਕੁਲੀਸ਼ਨ ਅਨੁਸਾਰ ਇਹ ਵੇਖਕੇ ਮਾਯੂਸੀ ਹੁੰਦੀ ਹੈ ਕਿ ਐਫ.ਬੀ.ਆਈ ਇਕ ਪਾਸੇ ਕਹਿੰਦੀ ਹੈ ਕਿ ਅਮਰੀਕਾ ਵਿਚ ਹਰ ਸਾਲ ਔਸਤ 2,50,000 ਘਟਨਾਵਾਂ ਨਫ਼ਰਤੀ ਅਪਰਾਧ ਦੀਆਂ ਹੁੰਦੀਆਂ ਹਨ, ਜਦ ਕਿ ਤਾਜਾ ਰਿਪੋਰਟ ਵਿਚ ਇਸ ਦੇ ਉਲਟ ਨਫ਼ਰਤੀ ਅਪਰਾਧਾਂ ਦੀਆਂ ਕੇਵਲ 7120 ਘਟਨਾਵਾਂ ਹੋਣ ਦਾ ਇੰਕਸ਼ਾਫ ਕੀਤਾ ਗਿਆ ਹੈ। ਐਫ.ਬੀ.ਆਈ ਵੱਲੋਂ ਜਾਰੀ ਰਿਪੋਰਟ ਅਨੁਸਾਰ 2017 ਦੀ ਤੁਲਨਾ ਵਿਚ 2018 ਵਿਚ ਨਫ਼ਰਤੀ ਅਪਰਾਧਾਂ ਵਿਚ ਮਾਮੂਲੀ ਕਮੀ ਹੋਈ ਹੈ। 2017 ਵਿਚ ਨਫ਼ਰਤੀ ਅਪਰਾਧਾਂ ਦੀਆਂ 7175 ਘਟਨਾਵਾਂ ਵਾਪਰੀਆਂ ਸਨ। ਜਦ ਕਿ ਹਕੀਕਤ ਇਸ ਤੋਂ ਵੱਖਰੀ ਹੈ। 2017 ਵਿਚ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧ ਦੀਆਂ 60 ਘਟਨਾਵਾਂ ਹੋਈਆਂ ਜਿਨਾਂ ਵਿਚ 69 ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਪਰ ਤਾਜਾ ਰਿਪੋਰਟ ਵਿਚ 20 ਘਟਨਾਵਾਂ ਵਾਪਰਨ ਦੀ ਹੀ ਗੱਲ ਕੀਤੀ ਗਈ ਹੈ ਜਿਨਾਂ ਵਿਚ 26 ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ।

TransExpert NOW HIRING! Skylark Logistics Inc.
Full Time Mechanic Also Needed
Highway US Drivers & Owner Operators Wanted
- 2 year experience must.
- Drivers paid 60C per mile.
- Midwest runs.
- Direct deposit payments.
- Friendly dispatch and flexible schedule.
- Brand new automatic trucks.
- New trailers so no hastle at scales.
- On site fuel and scale.
Also Flatbed owner operators are needed.
Regular flatbed freight.
*Yards located in Milton ON and Puslinch both on Highway 401
Contact 6474064420 or 6479220000
if busy send txt message.

JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਮਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.
FOR SALE $1,279,900 Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੂਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੇਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।
FOR SALE $129,900 Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।
FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
- Disability Insurance
- Travel Insurance
- Medical Benefits
- Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆਂ

## ਅਨੁਸ਼ਕਾ ਸਟਾਰਰ 'ਅਰੁੰਧਤੀ' ਦੇ ਹਿੰਦੀ ਰੀਮੇਕ ਵਿੱਚ ਕੰਮ ਕਰੇਗੀ ਦੀਪਿਕਾ



ਦੀਪਿਕਾ ਪਾਦੁਕੋਣ ਆਪਣੀ ਅਗਲੀ ਫਿਲਮ 'ਛਪਾਕ' ਅਤੇ '83' ਦੀ ਸ਼ੂਟਿੰਗ ਪੂਰੀ ਕਰ ਚੁੱਕੀ ਹੈ। ਪਿੱਛੇ ਜਿਹੇ ਉਸ ਦੀ ਅਗਲੀ ਫਿਲਮ 'ਮਹਾਭਾਰਤ' ਦਾ ਐਲਾਨ ਹੋਇਆ ਹੈ, ਜਿਸ ਵਿੱਚ ਉਹ ਦਰੋਪਦੀ ਦੇ ਰੋਲ ਵਿੱਚ ਨਜ਼ਰ ਆਏਗੀ। ਸੁਣਨ ਵਿੱਚ ਆਇਆ ਹੈ ਕਿ ਉਹ ਜਲਦੀ ਹੀ ਇੱਕ ਹਾਰਰ ਫਿਲਮ ਵਿੱਚ ਵੀ ਦਿਖਾਈ ਦੇਵੇਗੀ।
ਇੱਕ ਰਿਪੋਰਟ ਦੀ ਮੰਨੀਏ ਤਾਂ ਇਹ ਫਿਲਮ ਅਨੁਸ਼ਕਾ ਸ਼ੈੱਟੀ ਸਟਾਰਰ ਸੁਪਰਹਿੱਟ ਤੇਲਗੂ ਫਿਲਮ 'ਅਰੁੰਧਤੀ' ਦੀ ਹਿੰਦੀ ਰੀਮੇਕ ਹੋਵੇਗੀ। ਫਿਲਮ ਨੂੰ ਲੈ ਕੇ ਜ਼ਿਆਦਾ ਜਾਣਕਾਰੀ ਤਾਂ ਸਾਹਮਣੇ ਨਹੀਂ ਆਈ, ਪਰ ਦੱਸਿਆ ਜਾ ਰਿਹਾ ਹੈ ਕਿ ਇਸ ਰੀਮੇਕ ਦੇ ਲਈ ਦੀਪਿਕਾ ਨੂੰ ਕਾਸਟ ਕਰ ਲਿਆ ਗਿਆ ਹੈ। ਫਿਲਮ 'ਅਰੁੰਧਤੀ' ਸਾਲ 2009 ਵਿੱਚ ਰਿਲੀਜ਼ ਹੋਈ ਸੀ ਅਤੇ ਇਸ ਦਾ ਬੰਗਾਲੀ ਰੀਮੇਕ ਵੀ ਬਣਾਇਆ ਜਾ ਚੁੱਕਾ ਹੈ।

## ਤਾਪਸੀ ਦੇ ਹੱਥ ਆਇਆ ਕ੍ਰਿਕਟਰ ਮਿਤਾਲੀ ਦਾ ਰੋਲ

ਅਭਿਨੇਤਰੀ ਤਾਪਸੀ ਪਨੂੰ ਦੀ ਪਿਛਲੀ ਫਿਲਮ 'ਸਾਂਢ ਕੀ ਆਂਖ' ਨੇ ਬਾਕਸ ਆਫਿਸ 'ਤੇ ਵਧੀਆ ਪ੍ਰਦਰਸ਼ਨ ਕੀਤਾ ਹੈ। ਇਸ ਨੂੰ ਕ੍ਰਿਟੀਕਸ ਦੇ ਨਾਲ ਹੀ ਦਰਸ਼ਕਾਂ ਨੇ ਵੀ ਕਾਫੀ ਪਸੰਦ ਕੀਤਾ ਹੈ।
ਇਨ੍ਹਾਂ ਦਿਨੀਂ ਉਹ ਆਪਣੀ ਅਗਲੀ ਫਿਲਮ 'ਰਸ਼ਮੀ ਰਾਕੇਟ' ਦੀ ਸ਼ੂਟਿੰਗ ਵਿੱਚ ਬਿਜ਼ੀ ਹੈ। ਇਹ ਇੱਕ ਫਿਕਸ਼ਨਲ ਸਪੋਰਟਸ ਫਿਲਮ ਹੈ ਜਿਸ ਵਿੱਚ ਉਹ ਦੌੜਾਕ ਦੇ ਰੋਲ ਵਿੱਚ ਨਜ਼ਰ ਆਏਗੀ। ਸੁਣਨ ਵਿੱਚ ਆਇਆ ਹੈ ਕਿ ਤਾਪਸੀ ਇੰਡੀਅਨ ਕ੍ਰਿਕਟ ਟੀਮ ਦੀ ਸਾਬਕਾ






ਕਪਤਾਨ ਮਿਤਾਲੀ ਰਾਜ ਦੀ ਬਾਇਓਪਿਕ ਵਿੱਚ ਉਸ ਦੇ ਰੋਲ ਵਿੱਚ ਨਜ਼ਰ ਆਏਗੀ। ਇਸ ਫਿਲਮ ਦਾ ਵਾਇਆਕਾਮ 18 ਪ੍ਰੋਡਿਊਸ ਕਰਨਗੇ।
ਚਰਚਾ ਹੈ ਕਿ ਇਸ ਫਿਲਮ ਦੇ ਡਾਇਰੈਕਟਰ ਨੂੰ ਵੀ ਫਾਈਨਲ ਕੀਤਾ ਜਾ ਚੁੱਕਾ ਹੈ। ਜੇ ਸਭ ਕੁਝ ਠੀਕ ਰਿਹਾ ਤਾਂ ਇਹ ਫਿਲਮ ਅਗਲੇ ਸਾਲ ਤੱਕ ਫਲੋਰ 'ਤੇ ਜਾਏਗੀ ਅਤੇ 2021 ਵਿੱਚ ਰਿਲੀਜ਼ ਹੋ ਸਕਦੀ ਹੈ। ਇਹ 'ਸੂਰਮਾ' ਅਤੇ 'ਸਾਂਢ ਕੀ ਆਂਖ' ਦੇ ਬਾਅਦ ਤਾਪਸੀ ਦੀ ਤੀਸਰੀ ਬਾਇਓਪਿਕ ਹੋਵੇਗੀ।

## ਅਜਿਹਾ ਸੀ ਪਹਿਲਾ ਆਡੀਸ਼ਨ



ਕਰੀਨਾ ਕਪੂਰ ਨੇ ਪਿੱਛੇ ਜਿਹੇ ਇਹ ਦਿਲਚਸਪ ਖੁਲਾਸਾ ਕੀਤਾ ਕਿ ਆਪਣੇ ਲੰਬੇ ਕਰੀਅਰ ਦੇ ਬਾਅਦ ਉਸ ਨੇ ਪਿੱਛੇ ਜਿਹੇ ਕਿਸੇ ਫਿਲਮ ਲਈ ਆਪਣਾ ਆਡੀਸ਼ਨ ਦਿੱਤਾ ਹੈ। ਉਸ ਨੇ ਇਹ ਆਡੀਸ਼ਨ ਆਮਿਰ ਖਾਨ ਦੀ ਅਗਲੀ ਫਿਲਮ 'ਲਾਲ ਸਿੰਘ ਚੱਢਾ' ਲਈ ਦਿੱਤਾ ਹੈ। ਉਸ ਨੇ ਕਿਹਾ ਕਿ ਉਸ ਨੂੰ ਆਪਣੀ ਪਹਿਲੀ ਫਿਲਮ 'ਰਫਿਊਜੀ' ਦਾ ਵੀ ਆਡੀਸ਼ਨ ਨਹੀਂ ਦੇਣਾ ਪਿਆ ਸੀ, ਪਰ ਆਮਿਰ ਚਾਹੁੰਦਾ ਸੀ ਕਿ ਉਹ ਆਪਣੀ ਅਗਲੀ ਫਿਲਮ ਦੇ ਹਰ ਕਿਰਦਾਰ ਲਈ ਐਕਟ੍ਰੈੱਸ ਨੂੰ ਪੂਰੀ ਤਰ੍ਹਾਂ ਨਾਲ ਜਾਂਚ ਪਰਖ ਕੇ ਸਾਈਨ ਕਰੇ।
ਆਪਣੇ ਆਡੀਸ਼ਨ ਬਾਰੇ ਕਰੀਨਾ ਨੇ ਦੱਸਿਆ ਕਿ ਇੱਕ ਦਿਨ ਆਮਿਰ ਦਾ ਉਸ ਨੂੰ ਫੋਨ ਆਇਆ ਤੇ ਉਸ ਨੇ ਕਿਹਾ ਕਿ ਇੱਕ ਬਹੁਤ ਚੰਗੀ ਕਹਾਣੀ ਹੈ, ਜਿਸ ਨੂੰ ਕਰੀਨਾ ਨੂੰ ਸੁਣਾਉਣਾ ਚਾਹੇਗਾ। ਉਸ ਤੋਂ ਬਾਅਦ ਆਮਿਰ ਨੇ ਕਿਹਾ ਕਿ ਉਹ ਚਾਹੁੰਦਾ ਹੈ ਕਿ ਕਰੀਨਾ ਕੁਝ ਸੀਨਜ਼ 'ਤੇ ਐਕਟਿੰਗ ਕਰ ਕੇ ਦਿਖਾਵੇ। ਕਰੀਨਾ ਦਾ ਇਸ ਫਿਲਮ ਲਈ ਸਿਲੈਕਸ਼ਨ ਤਾਂ ਹੋ ਗਿਆ, ਪਰ ਕੁਝ ਸਮੇਂ ਲਈ ਉਸ ਦੇ ਮਨ ਵਿੱਚ ਆਪਣੀ ਅਭਿਨੈ ਪ੍ਰਤਿਭਾ 'ਤੇ ਸ਼ੱਕ ਪੈਦਾ ਹੋਣ ਲੱਗਾ। ਉਸ ਦੇ ਪਤੀ ਸੈਫ ਨੇ ਸਮਝਾਇਆ ਕਿ ਇੰਨ ਨਾ ਸੋਚੇ, ਹਾਲੀਵੁੱਡ ਵਿੱਚ ਕਈ ਵੱਡੇ ਐਕਟਰ ਵੀ ਆਡੀਸ਼ਨ ਦੇਣ ਤੋਂ ਝਿਜਕਦੇ ਨਹੀਂ ਹਨ।

## ਜੋੜੀ ਦਿਵਿਆ-ਸਵਰਾ ਦੀ



ਫਿਲਮ 'ਸ਼ੀਰ ਕੋਰਮਾ' ਦਾ ਪਹਿਲਾ ਪੋਸਟਰ ਜਾਰੀ ਹੋ ਚੁੱਕਾ ਹੈ, ਜਿਸ 'ਚ ਸਵਰਾ ਭਾਸਕਰ ਅਤੇ ਦਿਵਿਆ ਦੱਤਾ ਲੀਡ ਰੋਲ ਵਿੱਚ ਹਨ। ਫਿਲਮ ਦੇ ਪੋਸਟਰ ਤੋਂ ਕਾਫੀ ਹੱਦ ਤੱਕ ਇਹ ਸਾਫ ਹੋ ਗਿਆ ਹੈ ਕਿ ਇਸ ਵਿੱਚ ਦਰਸ਼ਕਾਂ ਨੂੰ ਕੁਝ ਵੱਖਰੀ ਕਹਾਣੀ ਦੇਖਣ ਨੂੰ ਮਿਲੇਗੀ। ਪੋਸਟਰ ਨੂੰ ਦੇਖ ਕੇ ਸਾਫ ਤੌਰ 'ਤੇ ਲੱਗ ਰਿਹਾ ਹੈ ਕਿ ਇਹ ਦੋਵੇਂ ਇਕੱਠੀਆਂ ਕੋਈ ਖ਼ੂਬਸੂਰਤ ਪਲ ਸਾਂਝਾ ਕਰ ਰਹੀਆਂ ਹਨ। ਦੋਵਾਂ ਦੇ ਹੱਥਾਂ 'ਤੇ ਮਹਿੰਦੀ ਲੱਗੀ ਹੋਈ ਹੈ ਅਤੇ ਦੋਵਾਂ ਦੇ ਸਿਰ 'ਤੇ ਹਿਜ਼ਾਬ ਹੈ।
ਇਸ ਫਿਲਮ ਦਾ ਨਿਰਦੇਸ਼ਨ ਫਰਾਜ ਆਰਿਫ ਅੰਸਾਰੀ ਨੇ ਕੀਤਾ ਹੈ। ਪੋਸਟਰ ਦੇਖ ਕੇ ਲੱਗ ਰਿਹਾ ਕਿ ਇਹ ਇੱਕ ਵੱਖਰੀ ਤਰ੍ਹਾਂ ਦੀ ਲਵ ਸਟੋਰੀ ਹੋਵੇਗੀ, ਜਿਸ ਵਿੱਚ ਸਵਰਾ ਤੇ ਦਿਵਿਆ ਦੇ ਕਿਰਦਾਰ ਰਵਾਇਤੀ ਪ੍ਰਥਾਵਾਂ ਦੀਆਂ ਬੇੜੀਆਂ ਨੂੰ ਤੋੜਨ ਦੀ ਕੋਸ਼ਿਸ਼ ਕਰਦੇ ਨਜ਼ਰ ਆਉਣਗੇ। ਦੱਸਿਆ ਗਿਆ ਹੈ ਕਿ ਇਹ ਇੱਕ ਖ਼ੂਬਸੂਰਤ ਕਹਾਣੀ ਹੋਵੇਗੀ ਜੋ ਪਿਆਰ ਤੇ ਇਕਜੁਟਤਾ ਦਰਸਾਏਗੀ। ਇਸ 'ਚ ਸ਼ਬਾਨਾ ਆਜ਼ਮੀ ਅਤੇ ਸੁਰੇਖਾ ਸੀਕਰੀ ਅਹਿਮ ਕਿਰਦਾਰਾਂ ਵਿੱਚ ਹੋਣਗੀਆਂ।

## ਫਰਵਰੀ ਵਿੱਚ ਰਿਲੀਜ਼ ਹੋਵੇਗੀ 'ਗੁਲਾਬੋ ਸਿਤਾਬੋ'



ਅਮਿਤਾਭ ਬੱਚਨ ਅਤੇ ਆਯੁਸ਼ਮਾਨ ਖੁਰਾਣਾ ਵਰਗੇ ਹੰਢੇ ਹੋਏ ਸਿਤਾਰਿਆਂ ਦੀ ਫਿਲਮ 'ਗੁਲਾਬੋ ਸਿਤਾਬੋ' ਕਾਰਨ ਕਾਫੀ ਐਕਸਾਈਟਮੈਂਟ ਬਣੀ ਹੋਈ ਹੈ। ਇਸ ਦੀ ਰਿਲੀਜ਼ ਡੇਟ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ। ਇਹ 28 ਫਰਵਰੀ 2020 ਨੂੰ ਰਿਲੀਜ਼ ਹੋਵੇਗੀ, ਪਰ ਲੱਗਦਾ ਹੈ ਕਿ ਇਹ ਰਿਲੀਜ਼ ਥੋੜ੍ਹੀ ਛੇਤੀ ਹੋਵੇਗੀ। ਇਸ ਫਿਲਮ ਬਾਰੇ ਉਤਸੁਕਤਾ ਇਸ ਲਈ ਵੀ ਹੈ ਕਿ ਜਦੋਂ ਦੋ ਅਭਿਨੇਤਾਵਾਂ ਵਿੱਚ ਇੱਕ ਕਾਮਨ ਫਿਲਮਕਾਰ ਆ ਜਾਵੇ ਤਾਂ ਕੰਮ ਕਰਨ ਦਾ ਮਜ਼ਾ ਫਿਰ ਦੁੱਗਣਾ ਹੋ ਜਾਂਦਾ ਹੈ। ਇਸ ਫਿਲਮ ਦੇ ਨਿਰਮਾਤਾਵਾਂ ਨੇ ਫਿਲਮ ਨਾਲ ਜੁੜੀ ਇੱਕ ਨਵੀਂ ਤਸਵੀਰ ਹਾਲ ਹੀ ਵਿੱਚ ਸ਼ੇਅਰ ਕੀਤੀ ਹੈ, ਜਿਸ ਵਿੱਚ ਆਯੁਸ਼ਮਾਨ ਦੀ ਫਸਟ ਲੁਕ ਪਤਾ ਲੱਗੀ ਹੈ।
ਡਾਇਰੈਕਟਰ ਸ਼ੂਜਿਤ ਸਰਕਾਰ ਦੀ ਇਸ ਫਿਲਮ ਵਿੱਚ ਆਯੁਸ਼ਮਾਨ ਪਹਿਲੀ ਵਾਰ ਅਮਿਤਾਭ ਨਾਲ ਨਜ਼ਰ ਆ ਰਿਹਾ ਹੈ। ਤਸਵੀਰ ਵਿੱਚ ਅਮਿਤਾਭ ਤੇ ਆਯੁਸ਼ਮਾਨ ਸੜਕ ਉੱਤੇ ਖੜ੍ਹੇ ਦਿੱਸਦੇ ਹਨ। ਬਿੱਗ ਬੀ ਹਰੇ ਕੁੜਤੇ ਅਤੇ ਸਫੈਦ ਪਜਾਮੇ 'ਚ ਕਾਫੀ ਚਿੜਿਆ ਨਜ਼ਰ ਆ ਰਿਹਾ ਹੈ। ਉਸ ਨੇ ਸਕਾਰਫ ਅਤੇ ਕੈਪ ਵੀ ਪਾਈ ਹੋਈ ਹੈ। ਉਥੇ ਆਯੁਸ਼ਮਾਨ ਭੂਰੇ ਰੰਗ ਦੀ ਕਮੀਜ਼ ਤੇ ਸਫੈਦ ਪਜਾਮੇ ਵਿੱਚ ਦਿਸ ਰਿਹਾ ਹੈ। ਉਸ ਨੇ ਕਾਲੇ ਰੰਗ ਦਾ ਇੱਕ ਵੱਡਾ ਸਾਰਾ ਬੈਗ ਵੀ ਨਾਲ ਲਿਆ ਹੋਇਆ ਹੈ। ਦੋਵਾਂ ਦੇ ਪਿੱਛੇ ਦੋ ਪੁਲਸ ਵਾਲੇ ਵੀ ਨਜ਼ਰ ਆ ਰਹੇ ਹਨ, ਜਿਹੜੇ ਕਿਸੇ ਗੱਲ ਬਾਰਤੇ ਚਰਚਾ ਕਰ ਰਹੇ ਹਨ। ਆਯੁਸ਼ਮਾਨ ਨੇ ਇਸ ਤੋਂ ਪਹਿਲਾਂ ਸ਼ੂਜਿਤ ਨਾਲ ਫਿਲਮ 'ਵਿੱਕੀ ਡੋਨਰ' ਵਿੱਚ ਕੰਮ ਕੀਤਾ ਸੀ, ਜਦ ਕਿ ਅਮਿਤਾਭ ਨੇ ਉਸ ਦੇ ਨਾਲ 'ਪੀਕੂ' ਵਰਗੀ ਸਫਲ ਫਿਲਮ ਕੀਤੀ ਸੀ।

## ਸਿਨੇਮਾ ਘਰਾਂ ਵਿੱਚ ਰਿਲੀਜ਼ ਸ਼ਿਓਰ ਹੋਣ 'ਤੇ ਫਿਲਮ ਸਾਈਨ ਕਰੇਗਾ ਸੁਸ਼ਾਂਤ

ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਡਿਜੀਟਲ ਪਲੇਟਫਾਰਮ ਕਈ ਸਿਤਾਰਿਆਂ ਲਈ ਕੰਮ ਦੇ ਬਹੁਤ ਸਾਰੇ ਮੌਕੇ ਲੈ ਕੇ ਆਇਆ ਹੈ, ਪਰ ਕਈ ਫਿਲਮੀ ਸਿਤਾਰਿਆਂ ਲਈ ਅੱਜ ਵੀ ਉਨ੍ਹਾਂ ਦੀ ਫਿਲਮ ਦਾ ਸਿਨੇਮਾਘਰਾਂ ਤੋਂ ਰਿਲੀਜ਼ ਹੋਣਾ ਹੀ ਸ਼ਾਨ ਦੀ ਗੱਲ ਹੈ। ਕਿਸੇ ਫਿਲਮ ਦੇ ਥੀਏਟਰ ਵਿੱਚ ਰਿਲੀਜ਼ ਨਾ ਹੋ ਕੇ ਡਾਇਰੈਕਟ ਡਿਜੀਟਲ ਪਲੇਟਫਾਰਮ ਤੋਂ ਰਿਲੀਜ਼ ਹੋਣਾ ਉਨ੍ਹਾਂ ਦੀ ਸ਼ਾਨ ਦੇ ਖਿਲਾਫ ਵਾਲੀ ਗੱਲ ਬਣ ਰਹੀ ਹੈ।
ਇਸ ਲਿਸਟ ਵਿੱਚ ਸਭ ਤੋਂ ਪਹਿਲਾ ਨਾਂਅ ਸੁਸ਼ਾਤ ਸਿੰਘ ਰਾਜਪੂਤ ਦਾ ਆ ਰਿਹਾ ਹੈ। ਦੋ ਸਾਲ ਪਹਿਲਾਂ ਬਣੀ ਉਸ ਦੀ ਫਿਲਮ 'ਡਰਾਈਵ' ਪਿੱਛੇ ਜਿਹੇ ਨੈਟਫਲਿਕਸ 'ਤੇ ਰਿਲੀਜ਼ ਹੋਈ ਹੈ। ਇਹ ਗੱਲ ਸੁਸ਼ਾਂਤ ਨੂੰ ਵੀ ਚੁੱਭੀ ਹੈ ਤੇ ਉਹ ਇਸ ਨੂੰ ਦੇਖਦੇ ਹੋਏ ਆਪਣੇ ਕੰਟ੍ਰੈਕਟ ਵਿੱਚ ਨਵਾਂ ਕਲਾਜ ਲੈ ਕੇ ਆਏ ਹਨ। ਸੁਸ਼ਾਂਤ ਸਿੰਘ ਜੋ ਫਿਲਮਾਂ ਸਾਈਨ ਕਰ ਰਹੇ ਹਨ, ਉਸ ਵਿੱਚ ਕਲਾਜ ਪਾ ਰਹੇ ਹਨ ਕਿ ਫਿਲਮ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ ਜਾਂ ਨਹੀਂ। ਜੋ ਇਸ ਦੀ ਰਿਟਨ ਗਾਰੰਟੀ ਦੇ ਰਹੇ ਹਨ, ਉਨ੍ਹਾਂ ਨਾਲ ਸੁਸ਼ਾਂਤ ਵੱਖਰੀ ਡੀਲ ਕਰਦੇ ਹਨ ਅਤੇ ਜੋ ਲਿਖਤੀ ਗਾਰੰਟੀ ਨਹੀਂ ਦੇ ਰਹੇ, ਉਨ੍ਹਾਂ ਨਾਲ ਵੱਖਰੀ।



## ਅਜੈ ਦੇਵਗਨ ਦੇ ਨਾਲ ਹੀ ਬਣੇਗੀ 'ਦੀਵਾਨਗੀ 2'

ਇਨ੍ਹੀਂ ਦਿਨੀਂ ਫਿਲਮਾਂ ਦੇ ਸੀਕਵਲ ਬਣਨਾ ਆਮ ਗੱਲ ਹੋ ਗਈ ਹੈ। ਕਈ ਫਿਲਮਾਂ ਦੀ ਫਰੈਂਚਾਈਜ਼ੀ ਫਿਲਮਾਂ ਬਣ ਰਹੀਆਂ ਹਨ, ਉਥੇ ਕੁਝ ਕਲਾਕਾਰ ਆਪਣੀਆਂ ਫਿਲਮਾਂ ਦੇ ਸੀਕਵਲ ਜਾਂ ਰੀਮੇਕ ਬਣਦੇ ਵੀ ਦੇਖਣਾ ਚਾਹੁੰਦੇ ਹਨ। ਅਜੈ ਦੇਵਗਨ ਦੀ ਫਿਲਮ 'ਦੀਵਾਨਗੀ' ਦਾ ਨਿਰੇਦਸ਼ਨ ਕਰਨ ਵਾਲੇ ਅਨੀਸ ਬਜ਼ਮੀ ਇਸ ਸਾਈਕਾਲੋਜੀਕਲ ਥ੍ਰਿਲਰ ਦੀ ਸੀਕਵਲ ਬਣਾਉਣਾ ਚਾਹੁੰਦੇ ਹਨ। ਲਗਾਤਾਰ ਕਾਮੇਡੀ ਫਿਲਮਾਂ ਬਣਾ ਰਹੇ ਅਨੀਸ ਬਜ਼ਮੀ ਦਾ ਕਹਿਣਾ ਹੈ ਕਿ ਉਹ ਇਸ ਫਿਲਮ ਦਾ ਦੂਸਰਾ ਪਾਰਟ ਬਣਾਉਣ ਦੀ ਯੋਜਨਾ ਬਣਾ ਰਹੇ ਹਨ।
'ਦੀਵਾਨਗੀ' ਸਾਲ 2002 ਵਿੱਚ ਰਿਲੀਜ਼ ਹੋਈ ਸੀ, ਜਿਸ ਵਿੱਚ ਅਕਸ਼ੈ ਖੰਨਾ, ਉਰਮਿਲਾ ਮਾਤੋਂਡਕਰ ਅਤੇ ਅਜੇ ਦੇਵਗਨ ਮੁੱਖ ਭੂਮਿਕਾ ਵਿੱਚ ਸਨ। ਇਸ ਫਿਲਮ ਵਿੱਚ ਅਜੈ ਦੇਵਗਨ ਨਕਾਰਾਤਮਕ ਭੂਮਿਕਾ ਵਿੱਚ ਸਨ, ਜਿਸ ਨੂੰ ਕਾਫੀ ਪਸੰਦ ਕੀਤਾ ਗਿਆ ਸੀ। 'ਦੀਵਾਨਗੀ 2' ਦੀਆਂ ਤਿਆਰੀਆਂ ਬਾਰੇ ਅਨੀਸ ਬਜ਼ਮੀ ਦਾ ਕਹਿਣਾ ਹੈ ਕਿ ਜੇ 'ਦੀਵਾਨਗੀ 2' ਬਣੀ ਤਾਂ ਉਸ ਫਿਲਮ ਵਿੱਚ ਅਜੇ ਦਾ ਹੋਣਾ ਯਕੀਨੀ ਹੈ। ਉਸ ਦੇ ਇਲਾਵਾ ਇਹ ਫਿਲਮ ਕੋਈ ਹੋਰ ਨਹੀਂ ਕਰ ਸਕਦਾ ਹੈ। ਫਿਲਮ ਬਣਾਉਣ ਦੀ ਯੋਜਨਾ ਬਾਰੇ ਅਨੀਸ ਨੇ ਦੱਸਿਆ ਕਿ ਪਿੱਛੇ ਜਿਹੇ ਹੈਦਰਾਬਾਦ ਵਿੱਚ ਅਜੈ ਨਾਲ ਉਨ੍ਹਾਂ ਦੀ ਮੁਲਾਕਾਤ ਹੋਈ ਸੀ। ਅਨੀਸ ਕਹਿੰਦੇ ਹਨ ਕਿ ਅਜੇ ਦੇ ਉਸ ਕਿਰਦਾਰ ਨੂੰ 17 ਸਾਲ ਹੋ ਗਏ ਹਨ। ਉਹ ਕਿਰਦਾਰ ਪਹਿਲਾਂ ਤੋਂ ਵੱਧ ਖਤਰਨਾਕ ਹੋ ਚੁੱਕਾ ਹੋਵੇਗਾ, ਪਹਿਲਾਂ ਤੋਂ ਜ਼ਿਆਦਾ ਬੁੱਧੀਮਾਨ ਅਤੇ ਚਾਲਾਕ ਹੋ ਚੁੱਕਾ ਹੋਵੇਗਾ। ਇਸ ਲਈ ਉਹ ਕਿਰਦਾਰ ਦਿਲਚਸਪ ਬਣੇਗਾ।





# ਸੱਦਾ ਪੱਤਰ

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ
**ਵਿਸ਼ਵ ਪੰਜਾਬੀ ਕਾਨਫਰੰਸ (ਰਜਿ) ਟੋਰਾਂਟੋ**
ਵੱਲੋਂ
ਸਮਕਾਲੀ ਦੌਰ ਵਿੱਚ ਗੁਰੂ ਨਾਨਕ ਬਾਣੀ ਅਤੇ ਫ਼ਲਸਫ਼ੇ ਦੀ ਪ੍ਰਸੰਗਿਕਤਾ
ਵਿਸ਼ੇ 'ਤੇ

## ਇੱਕ ਰੋਜ਼ਾ ਅੰਤਰਰਾਸ਼ਟਰੀ ਸੈਮੀਨਾਰ

ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸੈਮੀਨਾਰ ਦੇ
ਮੁੱਖ ਮਹਿਮਾਨ ਦਲਵੀਰ 'ਸਿੰਘ ਦਿਲ ਨਿੱਜਰ'
ਸਰਪ੍ਰਸਤ, ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ, ਯੂ.ਐਸ.ਏ.

ਵਿਸ਼ੇਸ਼ ਮਹਿਮਾਨ: ਪ੍ਰੋ. ਚਰਨਜੀਤ ਕੌਰ, ਸਰਕਾਰੀ ਕਾਲਜ (ਲੜਕੀਆਂ), ਪਟਿਆਲਾ,ਪੰਜਾਬ
ਹਾਰੂਨ ਖਾਲਿਦ, ਪਾਕਿਸਤਾਨ
ਡਾ. ਸੁਖਪਾਲ, ਸ਼ਾਇਰ ਕਨੇਡਾ ਹੋਣਗੇ
ਪ੍ਰਧਾਨਗੀ : ਡਾ. ਵਰਿਆਮ ਸੰਧੂ ਕਰਨਗੇ
ਕੁੰਜੀਵਤ ਭਾਸ਼ਣ : ਡਾ. ਮੋਹਨ ਸਿੰਘ ਤਿਆਗੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇਣਗੇ।

ਸਥਾਨ
ਸ਼ਿੰਗਾਰ ਬੈਂਕੁਅਟ ਹਾਲ, 2084, ਸਟੀਲਜ਼ ਐਵੀਨਿਊ
ਈਸਟ, ਬਰੰਪਟਨ, (ਕਨੇਡਾ) L6T 5A6

**Venue**
**Shingar Banquet Hall, 2084 Steeles Ave E,**
**Brampton, ON (Canada) L6T 5A6**


ਮਿਤੀ 23 ਨਵੰਬਰ 2019 (ਦਿਨ ਸ਼ਨੀਚਰਵਾਰ)
ਸਮਾਂ 9.00 ਸਵੇਰੇ ਤੋਂ 4.00 ਸ਼ਾਮ
ਇਸ ਮੌਕੇ ਕਵੀ ਦਰਬਾਰ ਵੀ ਹੋਵੇਗਾ ਅਤੇ ਪੁਸਤਕ ਗੁਰਬਾਣੀ ਚਿੰਤਨ (ਸਿਧਾਂਤ ਤੇ ਵਿਹਾਰ)
ਲੋਕ ਅਰਪਣ ਕੀਤੀ ਜਾਵੇਗੀ।

**ਆਪ ਜੀ ਨੂੰ ਨਿੱਘਾ ਸੱਦਾ ਹੈ ਜੀ।**

**ਉਡੀਕਵਾਨ**


ਗਿਆਨ ਸਿੰਘ ਕੰਗ
ਚੇਅਰਮੈਨ


ਸੁਰਜੀਤ ਕੌਰ
ਮੀਤ ਪ੍ਰਧਾਨ


ਪ੍ਰੋ. ਜਗੀਰ ਸਿੰਘ ਕਾਹਲੋਂ
ਜਨਰਲ ਸਕੱਤਰ


ਕਮਲਜੀਤ ਸਿੰਘ ਲਾਲੀ
ਪ੍ਰਧਾਨ



